## 1.1 Introduction (ਜਾਣ-ਪਛਾਣ)

ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ ਚੋਂ ਸੱਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ। ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਅਤੇ ਪੰਜਾਬੀ। ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ।ਰਿਆਸਤ ਦੀਆਂ ਇਨ੍ਹਾਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ।

## 1.2 Objective (ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਸਹਿਤ ਦੇ ਆਰੰਭ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਸਾਹਿਤਕ ਪਰੰਪਰਾ ਦੇ ਪਿਛੋਕੜ 'ਤੋਂ ਜਾਣੂ ਕਰਵਾਉਣਾ ਹੈ। ਜਿਸ ਨਾਲ ਪਾਠਕ ਨੂੰ ਪੰਜਾਬੀ ਸਾਹਿਤ ਦੇ ਆਰੰਭ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ।

## 1.3 Content (ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ )

ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ :- ਹਰ ਇਕ ਭਾਸ਼ਾ ਵਿਚ ਲਿਖਤੀ ਸਾਹਿਤ ਦੇ ਆਰੰਭ ਤੋਂ ਪਹਿਲਾਂ ਉਸ ਭਾਸ਼ਾ ਵਿਚ ਲੋਕ-ਸਾਹਿਤ ਦੀ ਇਕ ਅਮੀਰ ਪਰੰਪਰਾ ਚਲੀ ਆ ਰਹੀ ਹੁੰਦੀ ਹੈ।ਜੋ ਉਸ ਭਾਸ਼ਾ ਦੇ ਵਿਸ਼ਿਸ਼ਟ ਸਾਹਿਤ ਲਈ ਮੁੱਖ ਤੌਰ ਤੇ ਬੁਨਿਆਦ / ਨੀਂਵ ਦਾ ਕੰਮ ਕਰਦਾ ਹੈ। ਲੋਕ-ਸਾਹਿਤ ਉਹ ਸਾਹਿਤ ਹੁੰਦਾ ਹੈ ਜੋ ਉਥੋਂ ਦੇ ਲੋਕ-ਸਮੂਹ ਵਲੋਂ ਉਸਾਰਿਆ, ਪ੍ਰਵਾਨਿਆ ਗਿਆ ਹੁੰਦਾ ਹੈ ਅਤੇ ਜੋ ਉਸ ਵਿਸ਼ੇਸ਼ ਭੂਖੰਡ ਦੇ ਲੋਕਾਂ ਦੀ ਪਰੰਪਰਾ ਅਤੇ ਮਾਨਸਿਕਤਾ ਦੀ ਤਰਜੁਮਾਨੀ ਕਰਦਾ ਹੈ।ਰਿਆਸਤ ਜੰਮੂ-ਕਸ਼ਮੀਰ ਵਿਚ ਵੀ ਲਿਖਤੀ ਸਾਹਿਤ ਦੇ ਆਰੰਭ ਤੋਂ ਪਹਿਲਾਂ ਲੋਕ-ਸਾਹਿਤ ਦੀ ਅਮੀਰ ਪਰੰਪਰਾ ਚਲੀ ਆ ਰਹੀ ਸੀ, ਜਿਸ ਨੇ ਇਥੇ ਦੇ ਸਾਹਿਤ ਨੂੰ ਸਿਰਫ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਉਸ ਨੂੰ ਸਮਰਿੱਧ ਅਤੇ ਉਨਤ ਵੀ ਕੀਤਾ ਹੈ।

ਲੋਕ-ਸਾਹਿਤ ਨੂੰ ਮੁੱਖ ਤੌਰ ਤੇ ਵਿਸ਼ਿਸ਼ਟ ਸਾਹਿਤ ਦਾ ਵੱਡਾ ਸ੍ਰੋਤ ਜਾਂ ਸੋਮਾਂ ਆਖਿਆ ਜਾਂਦਾ ਹੈ।ਲੋਕ-ਧਾਰਾ ਦੀ ਵਿਸ਼ਾਲਤਾ ਅਤੇਅਨੇਕਤਾ ਤੋਂ ਸਾਫ ਪਤਾ ਲਗਦਾ ਹੈ ਕਿ ਹਰ ਸਮੇਂ ਮੌਲਿਕ ਸਾਹਿਤ ਨੂੰ ਪ੍ਰਭਾਵਿਤ ਕਰਨ ਦੀ ਆਪਣੇ ਅੰਦਰ ਸ਼ਕਤੀ ਅਤੇ ਸਮਰਥਾ ਰੱਖਦਾ ਹੈ। ਇਹ ਵੀ ਸ'ਚ ਹੈ ਕਿ ਆਮ ਲੋਕਾਂ ਵਿਚ ਉਹੀ ਸਾਹਿਤ ਲੋਕ-ਪ੍ਰਿਅ ਹੋਇਆ ਹੈ ਜੋ ਆਪਣੀ ਸਾਮਗ੍ਰੀ ਲੋਕ-ਧਾਰਾ ਤੋਂ ਲੈਂਦਾ ਰਿਹਾ ਹੈ ਅਤੇ ਸਮਾਂ ਲੰਘ ਜਾਣ ਤੇ ਆਪਣੀ ਲੋਕ-ਪ੍ਰਿਅਤਾ ਕਾਰਣ ਮੁੜ ਲੋਕ-ਸਾਹਿਤ ਦਾ ਹੀ ਹਿੱਸਾ ਬਣ ਜਾਂਦਾ ਰਿਹਾ ਹੈ। ਲੋਕ-ਧਾਰਾ ਦੀ ਇਸ ਸ਼ਾਨ ਅਤੇ ਤਾਕਤ ਨੂੰ ਮੁੱਖ ਰੱਖਕੇ ਹੀ 'ਮੈਕਸਿਮ ਗੋਰਕੀ' ਨੇ ਕਿਹਾ ਹੈ ਕਿ 'ਜਿਹੜਾ ਵੀ ਲੇਖਕ ਆਪਣੀ ਲੋਕ-ਧਾਰਾ ਤੋਂ ਪ੍ਰੀਚਿਤ ਨਹੀਂ ਉਹ ਕਦੇ ਵੀ ਚੰਗਾ ਕਵੀ ਨਹੀਂ ਬਣ ਸਕਦਾ। ਇਸ ਦਾ ਮੁੱਖ ਕਾਰਨ ਇਹ ਹੈ ਕਿ ਲੋਕ-ਧਾਰਾ ਮਨੁੱਖੀ ਸਮਾਜ ਦਾ ਸ਼ੀਸ਼ਾ ਹੈ ਅਤੇ ਹਮੇਸ਼ਾ ਲੋਕਾਂ ਦੀਆਂ ਆਸਾਂ-ਅੰਦੇਸ਼ਿਆਂ ਨੂੰ , ਉਨ੍ਹਾਂ ਦੇ ਦੁੱਖ-ਸੁੱਖ ਨੂੰ, ਅਤੇ ਉਨ੍ਹਾਂ ਦੀ ਰਹਿਣੀ-ਬਹਿਣੀ ਨੂੰ ਭਲੀ ਪ੍ਰਕਾਰ ਪ੍ਰਗਟਾਉਣ ਦੀ ਸਮਰ'ਥਾ ਰਖਦਾ ਹੈ, ਕਿਉਂਕਿ ਇਹ [illegible] ਹੀ ਤਾਂ ਲੋਕ ਕਵੀਆਂ



ਸੋਮਾ ਹਨ ਅਤੇ ਲੋਕ-ਗੀਤ ਸਾਰੇ ਕਾਵਿ ਦੀ ਜਨਨੀ ਹਨ। ਸ. ਸ. ਵਣਜਾਰਾ ਬੇਦੀ ਦਾ ਵੀ ਕਥਨ ਹੈ ਕਿ ' ਕਾਵਿ ਦੇ ਜਨਮ ਤੇ ਵਿਕਾਸ ਵਿਚ , ਲੋਕ-ਧਾਰਾ ਨੇ ਮਹੱਤਵਪੂਰਣ ਹਿਸਾ ਪਾਇਆ ਹੈ।'

ਇਹ ਗੱਲ ਵੀ ਸਪਸ਼ਟ ਹੈ ਕਿ ਹਰ ਭਾਸ਼ਾ ਤੇ ਹਰ ਸਮੇਂ ਦਾ ਮਹਾਨ ਤੇ ਸਫਲ ਸਾਹਿਤਕਾਰ ਆਪਣੇ ਇਲਾਕੇ ਦੇ ਲੋਕ-ਸਾਹਿਤ ਦਾ ਸਦਾ ਹੀ ਕਰਜਾਈ ਰਿਹਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੀਆਂ ਰਚਨਾਵਾਂ ਦੇ ਹਰਮਨ ਪਿਆਰਾ ਹੋਣ ਦਾ ਵੱਡਾ ਕਾਰਣ ਵੀ ਲੋਕ-ਸਾਹਿਤ ਤੋਂ ਪ੍ਰਭਾਵਿਤ ਹੋ ਕਿ, ਲੋਕ-ਸਾਹਿਤ ਦੀ ਸਾਮਗ੍ਰੀ ਵਰਤਣ ਕਰਕੇ ਹੈ, ਕਿਉਂਕਿ ਇਹੋ ਜਿਹਾ ਸਾਹਿਤ ਲੋਕ-ਸਾਹਿਤ ਤੋਂ ਸਿਰਫ ਪ੍ਰਭਾਵਿਤ ਹੀ ਨਹੀਂ ਹੁੰਦਾ ਸਗੋਂ ਲੋਕ ਪ੍ਰਿਅ ਹੋ ਕਿ ਮੁੜ ਲੋਕ-ਸਾਹਿਤ ਵਿਚ ਸੁਚੇਤ ਜਾਂ ਅਚੇਤ ਰੂਪ ਵਿਚ ਵਾਧਾ ਕਰਦਾ ਚਲਾ ਜਾਂਦਾ ਹੈ।ਰਿਆਸਤ ਦੇ ਮੁੱਢਲੇ ਕਾਲ ਦੇ ਪ੍ਰੱਮੁਖ ਤੇ ਪ੍ਰਸਿੱਧ ਸਾਹਿਤਕਾਰਾਂ ਨੇ ਵੀ ਇਥੋਂ ਦੇ ਅਮੀਰ ਪੰਜਾਬੀ ਸਾਹਿਤ ਤੋਂ ਸਾਮਗ੍ਰੀ ਲੈਣ ਤੋਂ ਝਿੱਜਕ ਮਹਿਸੂਸ ਨਹੀਂ ਕੀਤੀ ਅਤੇ ਲੋਕਾਂ ਦੇ ਹਰਮਨ ਪਿਆਰੇ ਸਾਹਿਤਕਾਰ ਹੋਣ ਦਾ ਮਾਣ ਪ੍ਰਾਪਤ ਕੀਤਾ। ਇਥੋਂ ਦੇ ਬਹੁਤ ਸਾਰੇ ਕਵੀਆਂ ਦੀਆਂ ਕਾਵਿ-ਪੰਕਤੀਆਂ ਲੋਕ-ਸਾਹਿਤ ਦਾ ਹੀ ਭਾਗ ਹੋਣ ਦਾ ਭੁਲੇਖਾ ਪਾਉਂਦੀਆਂ ਹਨ। ਜਿਵੇਂ

'ਹਿੰਮਤ ਅਗੇ ਫਤਿਹ ਸੁਖਾਲੀ ਜੇ ਕੋ ਸੂਰਾ ਹੋਵੇ।
ਕਾਇਰ ਬਹੁਤਾ ਮੂੰਹ ਬਚਾਵੇ ਅੰਦਰ ਵੜ ਕੇ ਰੋਵੇ।' ( ਸੰਤ ਰੈਣ )

'ਝੁੱਲ ਝੁੱਲ ਹਾਰ ਨਾ ਹਾਰੀ ਹਿੰਮਤ, ਇਕ ਦਿਨ ਫਿਰਸੀ ਪਾਸਾ ।
ਭੁ'ਖਾ ਮੰਗਣ ਚੜੇ ਮੁਹੰਮਦ, ਔਕੜ ਭਰਦਾ ਪਾਸਾ ।' ( ਮੀਆਂ ਮੁਹੰਮਦ ਬਖ਼ਸ਼ )

'ਇਸ਼ਕ ਨਾ ਬਾਝ ਖਵਾਰੀਆਂ, ਖੁਸ਼ੀਆਂ ਬਾਝ ਨਾ ਰੰਗ ।
ਬਿਨ ਬਗਦਾਦੋਂ ਪੀਰ ਨਾ, ਬਾਝ ਬੁਢਾਪੇ ਖੰਘ । ( ਮੁਹੰਮਦ ਉਲਦੀਨ ਕਾਦਰੀ )

'ਕਾਫ-ਕੌਲ ਕਰੀਏ ਜਿਦ੍ਹੇ ਨਾਲ ਪੱਕਾ
ਮਰ ਜਾਈਏ ਤਾਂ ਕੌਲ ਥੀਂ ਹੱਟੀਏ ਨਾ।
ਨੌਕਰ ਚੰਗਾ ਜਿਹੜਾ ਬੇ ਉਜਰਿਉਂ ਕਰੇ ਨੌਕਰੀ
ਨਾਵਾਂ ਉਸਦਾ ਦਫਤਰੋਂ ਕਟੀਏ ਨਾ।' (ਜ਼ਮਾਨ ਸ਼ਾਹ )

'ਇਸ਼ਕ ਦਰਿਆ ਦੇ ਫੇਰ ਡੂੰਘੇ,
ਤਾਰੂ ਸੌ ਪੈਂਦਾ ਚੜ੍ਹਦਾ ਪਾਰ ਕੋਈ ਕੋਈ ।
ਯਾਰੀ ਲਾਵਣ ਥੀਂ ਹਰ ਇਕ ਲਾ ਲੈਂਦਾ,

ਪਰ ਪਾਲਦਾ ਕੌਲ ਕਰਾਰ ਕੋਈ ਕੋਈ । ( ਕਾਦਰ ਬਖ਼ਸ਼ )

## Check Your Progress :

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਜੰਮੂ-ਕਸ਼ਮੀਰ ਦੇ ਸੰਵਿਧਾਨ ਵਿਚ ਕਿੰਨੀਆਂ ਭਾਸ਼ਾਵਾਂ ਨੂੰ ਮਾਨਤਾ ਪ੍ਰਾਪਤ ਹੈ ?

੨. ਲੋਕ-ਸਾਹਿਤ ਤੋਂ ਕੀ ਭਾਵ ਹੈ ?

੩. ਲੋਕ-ਸਾਹਿਤ ਕਿਵੇਂ ਕਿਸੇ ਸਾਹਿਤਕਾਰ ਨੂੰ ਪ੍ਰਭਾਵਿਤ ਕਰਦਾ ਹੈ ?

ਜਿਵੇਂ ਰਿਆਸਤੀ ਪੰਜਾਬੀ ਲੋਕ-ਸਾਹਿਤ ਕਵਿਤਾ ਲਈ ਆਧਾਰ ਸਾਮਗ੍ਰੀ ਜਾਂ ਬੁਨਿਆਦ ਦਾ ਕੰਮ ਕਰਦਾ ਹੈ। ਉਸੇ ਤਰ੍ਹਾ ਰਿਆਸਤੀ ਪੰਜਾਬੀ ਕਿਸਾ ਸਾਹਿਤ ਦੇ ਉਦੇ ਹੋਣ ਲਈ ਵੀ ਨੀਂਵ ਦਾ ਕੰਮ ਕਰਦਾ ਹੈ। ਲੋਕ-ਕਥਾ/ ਕਹਾਣੀਆਂ ਮਨੁੱਖ ਦੇ ਜਨਮ ਤੋਂ ਹੀ ਉਸਦੇ ਨਾਲ ਚਲੀਆਂ ਆ ਰਹੀਆ ਹਨ।ਇਨ੍ਹਾਂ ਵਿਚ ਰੌਚਿਕਤਾ ਅਤੇ ਮਨ ਪ੍ਰਚਾਵੇ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ ਨੂੰ ਵੀ ਲੋੜੀਂਦੀ ਥਾਂ ਦਿੱਤੀ ਗਈ ਹੈ। ਇਹ ਲੋਕ-ਕਥਾਵਾਂ ਸਾਡੇ ਜੀਵਨ ਦਾ ਭਰਪੂਰ ਚਿਤਰਨ ਕਰਨ ਕਰਕੇ ਸਾਡੇ ਜੀਵਨ ਦਾ ਇਕ ਅਨਿਖੜਵਾਂ ਅੰਗ ਬਣ ਚੁਕੀਆ ਹਨ। ਇਹ ਲੋਕ-ਧਾਰਾ ਦੇ ਮੌਖਿਕ ਰੂਪਾਂ ਦਾ ਅਜਿਹਾ ਅੰਗ ਹੈ ਜਿਸ ਵਿਚ ਬਿਰਤਾਂਤਦਾ ਹੋਣਾ ਅਤਿ ਜ਼ਰੂਰੀ ਹੈ।ਪਰੰਪਰਾਗਤ ਅੰਸ਼ਾ ਨਾਲ ਭਰਪੂਰ ਅਜਿਹਾ ਬਿਰਤਾਂਤ ਲੋਕ-ਸਮੂਹ ਦੀ ਪ੍ਰਵਾਨਗੀ ਹਾਸਲ ਕਰ ਚੁਕਾ ਹੁੰਦਾ ਹੈ ਅਤੇ ਇਸੇ ਕਰਕੇ ਪੀੜ੍ਹੀਉਂ-ਪੀੜ੍ਹੀ ਅੱਗੇ ਚਲਦਾ ਆਉਂਦਾ ਹੈ। ਅਤੇ ਕਈ ਢੰਗਾਂ ਨਾਲ ਕਥਾ ਨੂੰ ਪ੍ਰਭਾਵਿਤ ਕਰਦਾ ਆਉਂਦਾ ਹੈ। ਲੋਕ-ਕਹਾਣੀਆਂ ਦੇ ਪਾਤਰ ਮਨੁਖੀ ਅਤੇ ਅਣ-ਮਨੁਖੀ ਦੋਵੇਂ ਤਰ੍ਹਾਂ ਦੇ ਹੁੰਦੇ ਹਨ। ਜਿੰਨ, ਪਰੀਆਂ, ਭੂਤ, ਦੈਂਤ ਆਦਿ ਪਾਤਰ ਸਾਡੀਆਂ ਅੱਜ ਦੀਆਂ ਕਹਾਣੀਆਂ ਵਿਚ ਮੁੜ-ਮੁੜ ਆਉਂਦੇ ਹਨ। ਇਸੇ ਤਰ੍ਹਾਂ ਹੀ ਸਾਡੀਆਂ ਮਿਥਿਹਾਸਕ ਅਤੇ ਧਾਰਮਿਕ ਕਹਾਣੀਆਂ ਨੂੰ ਕਥਾਕਾਰ ਦੁਹਰਾਉਂਦੇ ਆ ਰਹੇ ਹਨ। ਰਿਆਸਤ ਵਿਚ ਪੰਜਾਬੀ ਬੋਲਦੀ ਵਸੋਂ ਦਾ ਇਕ ਵੱਡਾ ਹਿਸਾ ਮੁਸਲਮਾਨਾਂ ਦਾ ਹੈ। ਮੁਸਲਮਾਨ ਪੰਜਾਬੀ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਸਾਮੀ ਅਤੇ ਇਸਲਾਮੀ ਰੰਗ ਦੀਆਂ ਪੁਰਾਤਣ ਕਥਾਵਾਂ ਦੇ ਆਧਾਰ ਤੇ ਕਈ ਵਧੀਆ ਰਚਨਾਵਾਂ ਪੇਸ਼ ਕੀਤੀਆਂ ਹਨ। ੧੯ਵੀਂ ਸ਼ਤਾਬਦੀ ਦੇ ਪ੍ਰਸਿੱਧ ਸੂਫ਼ੀ ਕਵੀ ਮੀਆਂ ਮੁਹੰਮਦ ਬਖ਼ਸ਼ ਨੇ 'ਸੈਫ-ਉਲ-ਮਲੂਕ ਅਤੇ ਬਦੀ-ਉਲ-ਜਮਾਲ' ਦੀ ਕਹਾਣੀ ਇਸਲਾਮੀ ਮਿਥਿਹਾਸ ਚੋਂ ਲੈ ਕੇ ਉਸਨੂੰ ਨਵੇਂ ਅਰਥ ਅਤੇ ਨਵਾਂ ਜਾਮਾ ਪੁਆ ਕੇ "ਸਫ਼ਰ-ਉਲ-ਇਸ਼ਕ" ਨਾਂ ਦਾ ਪੰਜਾਬੀ ਕਿੱਸਾ ਰਚ ਕੇ ਪੰਜਾਬੀ ਸਾਹਿਤ ਵਿਚ ਮਾਣਯੋਗ ਵਾਧਾ ਕੀਤਾ। ਉਹ ਆਪਣੇ ਕਿਸੇ ਦੇ ਆਰੰਭ ਵਿਚ ਉਹ ਆਪਣੇ ਬਾਰੇ ਜਾਣਕਾਰੀ ਇੰਝ ਦਿੰਦੇ ਹਨ :-



"ਜਿਹਲਮ ਘਾਟੋਂ ਪਰਬਤ ਪਾਸੇ ਮੀਰ ਪੁਰੇ ਥੀਂ ਦੱਖਣ
ਖੜੀ ਮੁਲਕ ਵਿਚ ਲੋੜਣ ਜਿਹੜੇ ਤਲਬ ਬੰਦੇ ਦੀ ਰ'ਖਣ।"

"ਪੀਰ ਮੇਰਾ ਉਹ ਦਮੜੀ ਵਾਲਾ ਪੀਰਾਂ ਸ਼ਾਹ ਕਲੰਦਰ
ਹਰ ਮੁਸ਼ਕਲ ਵਿਚ ਮਦਦ ਕਰਦਾ ਦੋਹਾਂ ਜਹਾਨਾਂ ਅੰਦਰ।"

ਇੰਝ ਹੀ ੨੦ਵੀਂ ਸਦੀ ਦੇ ਪ੍ਰਸਿਧ ਕਿਸਾਕਾਰ ਸਾਂਈ ਫੱਕਰਦੀਨ ਨੇਯਾਰਵੀ ਵਾਲੇ ਪੀਰ ਹਜ਼ਰਤ ਦਸਤਦੀਰ ਅਬਦੁੱਲ ਕਾਦਰ ਜੀਲਾਨੀ ਨਾਲ ਸੰਬੰਧਿਤ ਲੋਕ ਕਹਾਣੀ ਨੂੰ ਲੈ ਕੇ ਰਮਜ਼ਾਂ-ਭਰਿਆ ਕਿੱਸਾ "ਮਦਹ ਰਮੂਜ਼-ਓਲ-ਗੰਜ" ਰਚਿਆ ਹੈ। ੧੯ਵੀਂ ਸਦੀ ਦੇ ਦੂਜੇ ਅੱਧ ਵਿਚ ਕਵੀ ਰਾਮ ਧਨ, ਅਖਨੂਰ ਨਿਵਾਸੀ ਨੇ ਭਾਰਤੀ ਪੌਰਾਣਿਕ ਕਥਾਵਾਂ ਵਿਚੋਂ ਪੂਰਨ ਭਗਤ ਦੀ ਕਥਾ ਲੈ ਕੇ ਕਿੱਸਾ "ਪੂਰਨ ਭਗਤ" ਰਚਿਆ ਹੈ। ਭਾਰਤੀ ਅਤੇ ਪੰਜਾਬੀ ਪ੍ਰੀਤ ਕਹਾਣੀਆਂ, ਨੇ ਵੀ ਸਾਡੇ ਕਵੀਆਂ ਦਾ ਧਿਆਨ ਆਪਣੇ ਵਲ ਖਿ'ਚਿਆ ਹੈ। ਮੁਹੰਮਦ-ਉਲ-ਦੀਨ ਕਾਦਰੀ ਨੇ "ਸਾਹਿਬਾਂ ਮਿਰਜ਼ਾਂ" ਨਾਂ ਦਾ ਕਿੱਸਾ ਰਚਿਆ।

ਲੋਕ ਕਹਾਣੀਆਂ ਤੋਂ ਬਾਅਦ ਲੋਕ ਗੀਤਾਂ ਨੇ ਵੀ ਮੌਲਿਕ ਰਿਆਸਤੀ ਪੰਜਾਬੀ ਸਾਹਿਤ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਇਆ ਹੈ। ਲੋਕ ਗੀਤ ਹਮੇਸ਼ਾਂ ਤੋਂ ਹੀ ਕਾਵਿ ਰਚਨਾ ਵਿਚ ਕਵੀਆਂ ਦੇ ਸਹਿਯੋਗੀ ਸਿਧ ਹੁੰਦੇ ਰਹੇ ਹਨ।ਲੋਕ ਜੀਵਨ ਆਪਣੀਆਂ ਸਾਰੀਆਂ ਖੂਬੀਆਂ ਸਮੇਤ ਲੋਕ ਗੀਤਾਂ ਵਿਚ ਪੇਸ਼ ਹੁੰਦਾ ਰਿਹਾ ਹੈ। ਲੋਕ ਗੀਤਾਂ ਵਿਚ ਇਤਨੀ ਸ਼ਕਤੀ ਹੈ ਕਿ ਇਨ੍ਹਾਂ ਵਿਚਲੀ ਸਾਮਗ੍ਰੀ ਦੁਆਰਾ ਅਗਾਂਹ ਵਾਧੂ ਅੰਦੋਲਨ ਚਲਾਏ ਜਾਂਦੇ ਰਹੇ ਹਨ ਅਤੇ ਚਲਾਏ ਜਾ ਸਕਦੇ ਹਨ।ਜਿਸ ਰਾਹੀਂ ਸਮਾਜ ਨੂੰ ਨਵੀਂ ਸੇਧ ਦਿੱਤੀ ਜਾ ਸਕਦੀ ਹੈ। ਰਿਆਸਤੀ ਪੰਜਾਬੀ ਕਵਿਤਾ ਦੇ ਆਰੰਭ ਵਿਚ ਵੀ ਲੋਕ ਗੀਤਾਂ ਦੇ ਪ੍ਰਭਾਵ ਨੂੰ ਵੀ ਪ੍ਰੱਤਖ ਦੇਖਿਆ ਜਾ ਸਕਦਾ ਹੈ।ਜੰਮੂ-ਕਸ਼ਮੀਰ ਦੇ ਪੰਜਾਬੀ ਕਵੀਆਂ ਨੇ ਵੀ ਲੋਕ ਗੀਤਾਂ ਦੇ ਜਿਨ੍ਹਾਂ ਕਾਵਿ ਰੂਪਾਂ ਨੂੰ ਵਰਤਿਆ ਉਹ- ਕਾਫੀ, ਸੱਦ, ਬਾਰ੍ਹਾਂ ਮਾਹ, ਪੱਟੀ, ਸੀਹਰਫੀ, ਕਸੀਦਾ, ਅਲਾਹੁਣੀਆਂ ਅਤੇ ਵਾਰਾਂ ਆਦਿ ਹਨ।

ਰਿਆਸਤੀ ਪੰਜਾਬੀ ਕਵੀਆਂ ਵਿਚੋਂ ਤਾਰਾ ਚੰਦ ਗੋਸਾਂਈ, ਮੀਆਂ ਨਿਜ਼ਾਮ-ਉਲ-ਦੀਨ ਲਾਰਵੀ ਆਦਿ ਨੇ ਕਾਫੀਆਂ ਰਚੀਆਂ ਹਨ। ਜਿਨ੍ਹਾਂ ਵਿਚ ਰਹਿਸਵਾਦੀ ਅਤੇ ਅਧਿਆਤਮਕ ਵਿਸ਼ਿਆਂ ਨੂੰ ਲੋਕ ਬੋਲੀ, ਲੋਕ ਸੰਗੀਤ ਅਤੇ ਲੋਕ ਜੀਵਨ ਵਿਚੋਂ ਲੋੜੀਂਦੇ ਪ੍ਰਤੀਕ ਲੈ ਕੇ ਪ੍ਰਗਟਾਇਆ ਹੈ।

'ਆ ਮਿਲ ਦਿਲ ਜਾਨ ਬਿਨ ਤੇਰੇ ਨਿਕਲਦੀ ਜਾਨ ਏ
ਛੁਰੀ ਉਹ ਇਸ਼ਕ ਮਾਰੇ ਕਿ ਖ਼ੂਨ ਰਗ ਰਗ ਥੀ ਜਾਰੀ ਏ
ਆਹ! ਚਲਨੇ ਦੂ ਤਿਆਰੀ ਏ, ਕਸਰ ਚਹੁੰ ਚੌਂਹ ਦਮਾਂ ਦੀ ਏ
ਆ ਮਿਲ ਦਿਲ ਜਾਨ.........'

(ਤਾਰਾ ਚੰਦ ਗੋਸਾਈਂ )

'ਕਿਸੇ ਨੇਕ ਘੜੀ ਨੇਹੁੰ ਲਾਇਆ
ਜਾਵਾਂ ਮੈਂ ਕੁਰਬਾਨ ਖੁਦਾਇਆ
ਓ! ਮੈਂ ਮੋਈ ਪੜ੍ਹ ਪੜ੍ਹ ਨਮਾਜ਼ਾਂ
ਮੇਰੀਆਂ ਮੂਲ ਨਾ ਖੁਲ੍ਹੀਆਂ ਰਾਜ਼ਾਂ
ਦਿਲ ਸਖਤ ਉਦਾਸੀਆਂ ਛਾਇਆ
ਕਿਸੇ ਨੇਕ ਘੜੀ.........' ( ਮੀਆਂ ਨਿਜ਼ਾਮ-ਉਲ-ਦੀਨ ਲਾਰਵੀ )

ਇਸੇ ਤਰ੍ਹਾਂ 'ਸੱਦ' ਵਿਚ ਵੀ ਇਥੇ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਦਿੱਤੀਆਂ ਹਨ। ਸੱਦ ਇਕ ਗਾਇਨ ਸ਼ੈਲੀ ਹੈ। ਜਿਸ ਦਾ ਅਰਥ ਹੈ ਬੁਲਾਵਾ, ਪੁਕਾਰ ਜਾਂ ਹਾਕ ਆਦਿ। ਗਾਇਨ ਸ਼ੈਲੀ ਹੋਣ ਕਰਕੇ ਇਸਦਾ ਸੰਬੰਧ ਵਧੇਰੇ ਕਰਕੇ ਲੋਕ ਸੰਗੀਤ ਨਾਲ ਹੈ।ਗਾਉਣ ਵਾਲਾ ਕੰਨਾਂ ਤੇ ਹੱਥ ਰੱਖ ਕੇ ਲੰਬੀ ਹੇਕ ਲਾਉਂਦਾ ਹੈ।ਪਹਿਲਾਂ ਪਹਿਲ ਪੀਲੂ ਨੇ ਇਹ ਗਾਨ ਸ਼ੈਲੀ ਵਰਤੀ ਜੋ ਮਿਰਜੇ ਦੀ ਸੱਦ ਕਰਕੇ ਪ੍ਰਸਿੱਧ ਹੋਈ। ਰਿਆਸਤੀ ਪੰਜਾਬੀ ਕਵੀ ਮੁਹੰਮਦ-ਉਲ-ਦੀਨ ਲਾਰਵੀ ਨੇ ਸਾਹਿਬਾਂ ਮਿਰਜੇ ਦੀ ਪ੍ਰੀਤ ਨੂੰ ਸੱਦ ਛੰਦ ਵਿਚ ਹੀ ਕਿਹਾ ਹੈ। ੧੯੪੭ ਦੇ ਕਸ਼ਮੀਰ ਤੇ ਕਬਾਇਲੀ ਹਮਲੇ ਸਮੇਂ ਹੋਈ ਤਬਾਹੀ ਨੂੰ ਗਿਆਨੀ ਇਸ਼ਰ ਸਿੰਘ ਬਖ਼ਸ਼ ਨੇ 'ਖੂਨੀ ਘਲੂਘਾਰੇ ਦੀ ਸੱਦ' ਰੱਚ ਕੇ ਬਿਆਨਿਆ ਹੈ:-

"ਸੋਹਣੇ ਬਾਂਕੇ ਸਿੰਘ ਪਹਾੜਾਂ ਦੇ ਸਿੱਖੀ ਸ਼ਾਨ ਨੂੰ ਗਏ ਨਿਭਾ।
ਇਥੇ ਡੁਬ ਮੋਈਆਂ ਸਿੰਘਣੀਆਂ ਨਾਲ ਛਾਤੀਆਂ ਬੱਚੇ ਲਾ।" (ਗਿਆਨੀ ਇਸ਼ਰ ਸਿੰਘ)

ਇਸੇ ਤਰ੍ਹਾਂ ਹੀ ਰਿਆਸਤ ਦੇ ਕਵੀਆ ਨੇ 'ਬਾਰ੍ਹਾਂ ਮਾਹ', 'ਅਲਾਹੁਣੀਆਂ', 'ਸ਼ੀਹਰਫੀਆਂ', 'ਵਾਰਾਂ' ਆਦਿ ਦੀ ਰਚਨਾ ਵੀ ਲੋਕ ਸਾਹਿਤ ਤੋਂ ਪ੍ਰੇਰਿਤ ਹੋ ਕੇ ਕੀਤੀ ਹੈ। ਰਿਆਸਤੀ ਪੰਜਾਬੀ ਸਾਹਿਤ ਦੇ ਆਰੰਭਿਕ ਕਾਲ ਵਿਚ ਜੋ ਸਾਹਿਤ ਰਚਿਆ ਗਿਆ ਉਸਦਾ ਦਾ ਪ੍ਰੇਰਨਾ ਸ੍ਰੋਤ ਲੋਕ ਸਾਹਿਤ ਹੀ ਬਣਿਆ ਅਤੇ ਇਥੇ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਦੀ ਉਸਾਰੀ ਲੋਕ-ਕਾਵਿ ਰੂਪਾਂ ਵਿਚ ਹੀ ਕੀਤੀ।

## 1.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਿਆਸਤੀ ਪੰਜਾਬੀ ਸਾਹਿਤ ਦੇ ਆਰੰਭ ਵਿਚ ਜੋ ਸਾਹਿਤ ਸਾਡੇ ਸਾਹਮਣੇ ਆਉਂਦਾ ਹੈ, ਉਹ ਲੋਕ-ਕਾਵਿ ਵੰਨਗੀਆਂ ਦੇ ਰੂਪ ਵਿਚ ਸਾਹਮਣੇ



ਆਉਂਦਾ ਹੈ। ਇਥੇ ਦੇ ਕਵੀਆਂ ਨੇ ਸ਼ੀਹਰਫੀਆਂ, ਵਾਰਾਂ, ਬਾਰ੍ਹਾਂ-ਮਾਹ, ਕਿੱਸੇ ਆਦਿ ਹਰ ਇਕ ਪੁਰਾਤਨ ਕਾਵਿ ਰੂਪਾਂ ਨੂੰ ਅਪਨਾਇਆ ਅਤੇ ਆਪਣੀ ਗੱਲ ਨੂੰ ਲੋਕਾਂ ਤਕ, ਲੋਕਾਂ ਦੇ ਮਨ-ਪਸੰਦ ਲੋਕ-ਕਾਵਿ ਰੂਪਾਂ ਦੇ ਮਾਧਿਅਮ ਰਾਹੀਂ

ਪਹੁੰਚਾਇਆ।ਜੰਮੂ-ਕਸ਼ਮੀਰ ਦੇ ਸ਼ੁਰੂਆਤੀ ਦੌਰ ਦੀ ਜਿੰਨੀ ਵੀ ਕਵਿਤਾ ਦੇਖਣ ਨੂੰ ਮਿਲਦੀ ਹੈ, ਉਹ ਆਪਣੇ

ਆਪ ਵਿਚ ਇਕ ਮਿਸਾਲ ਹੈ ਕਿ ਉਚ ਦਰਜੇ ਦੇ ਕਵੀ ਕਿਸੇ ਵੀ ਭਾਸ਼ਾ ਜਾਂ ਖਿੱਤੇ ਦੇ ਸਾਹਿਤ ਨੂੰ ਉਸਦੇ ਆਰੰਭ ਵਿਚ ਹੀ ਉਸਨੂੰ ਉੱਚੇ ਮੁਕਾਮ ਵਿਚ ਪਹੁੰਚਾ ਦਿੰਦੇ ਹਨ।

## 1.5 Glossory/Keywords(ਔਖੇ ਸ਼ਬਦਾਂ ਦੇ ਅਰਥ)

ਸ਼ੀਹਰਫੀ- ਫ਼ਾਰਸੀ ਵਰਣ-ਮਾਲਾ ਦੀ ਓਟ ਲੈ ਕੇ ਰਚੀ ਗਈ ਕਵਿਤਾ।

ਬਾਰ੍ਹਾਂ-ਮਾਹ- ਦੇਸੀ ਬਾਰ੍ਹਾਂ ਮਹੀਨਿਆਂ ਨੂੰ ਮੁਖ ਰੱਖ ਕੇ ਰਚੀ ਗਈ ਕਵਿਤਾ।

ਮਿਆਰ- ਦਰਜਾ

ਸ਼ੈਲੀ- ਸਟਾਇਲ

ਔਕੜ- ਪਰੇਸ਼ਾਨੀ, ਮੁਸ਼ਕਿਲ

## 1.6 Lesson End Exercise

1. ਰਿਆਸਤੀ ਪੰਜਾਬੀ ਸਾਹਿਤ ਦੇ ਆਰੰਭ ਬਾਰੇ ਜਾਣਕਾਰੀ ਦਿਉ।
2. ਰਿਆਸਤ ਦੇ ਕਵੀਆਂ ਨੇ ਕਿਹੜੇ ਕਾਵਿ ਰੂਪਾਂ ਨੂੰ ਆਪਣੀਆਂ ਰਚਨਾਵਾਂ ਲਈ ਅਪਨਾਇਆ ? ਉਦਾਹਰਣ ਸਹਿਤ ਦੱਸੋ।
3. ਰਿਆਸਤ ਦੇ ਪੁਰਾਤਣ ਸਾਹਿਤ ਨੂੰ ਪ੍ਰਭਾਵਿਤ ਕਰਨ ਵਿਚ ਲੋਕ-ਸਾਹਿਤ ਦਾ ਕੀ ਯੋਗਦਾਨ ਹੈ ? ਚਰਚਾ ਕਰੋ।

## 1.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿੱਲੀ। 2003 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 1.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੇ ਆਰੰਭ ਬਾਰੇ ਹੋਰ ਜਾਨਣ ਲਈ ਉਹ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਅਤੇ ਸਾਹਿਤ ਦੇ ਇਤਿਹਾਸ ਨੂੰ ਸਮਝਨ ਦੇ ਨਾਲ-ਨਾਲ ਸਾਹਿਤ ਦੀ ਇਤਿਹਾਸਕਾਰੀ ਨੂੰ ਵੀ ਸਮਝਨ ਦਾ ਯਤਨ ਕਰਨ।

....................



# 'ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ'

**Unit : 1** **Lesson No. : 2**

### Structure :


2.1 Introduction (ਜਾਣ-ਪਛਾਣ)

2.2 Objective (ਉਦੇਸ਼)

2.3 Content (ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ)

2.4 Summary (ਨਿਸ਼ਕਰਸ਼)

2.5 Glossory/Keywords (ਔਖੇ ਸ਼ਬਦਾਂ ਦੇ ਅਰਥ)

2.6 Lesson End Exercise

2.7 References (ਸਹਾਇਕ ਗ੍ਰੰਥਾਵਲੀ)

2.8 Suggested Further Readings(ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)


## 2.1 Introduction (ਜਾਣ-ਪਛਾਣ)

ਲੋਕ-ਸਾਹਿਤ ਦਾ ਕਰਤਾ ਕੋਈ ਇਕ ਵਿਸ਼ੇਸ਼ ਵਿਅਕਤੀ ਹੋਣ ਦੀ ਵਜਾਏ ਲੋਕ-ਸਮੂਹ ਹੁੰਦਾ ਹੈ ਪਰ ਵਿਸ਼ਿਸ਼ਟ ਸਾਹਿਤ ਦਾ ਕਰਤਾ ਕੋਈ ਵਿਸ਼ੇਸ਼ ਵਿਅਕਤੀ ਹੁੰਦਾ ਹੈ।ਉਸ ਵਲੋਂ ਲਿਖੀਆਂ ਰਚਨਾਵਾਂ, ਕਦੋਂ ਲਿਖੀਆਂ ਗਈਆਂ, ਕਿਥੇ ਲਿਖੀਆਂ ਗਈਆਂ ਆਦਿ ਵਾਰੇ ਜਾਣਕਾਰੀ ਵੀ ਉਪਲਬਧ ਹੁੰਦੀ ਹੈ। ਜਿਸ ਕਰਕੇ ਉਨ੍ਹਾਂ ਰਚਨਾਵਾਂ ਦੇ ਮੁਲਾਂਕਣ ਤੋਂ ਉਸ ਸਮੇਂ ਦੇ ਸਮਾਜਿਕ ਅਤੇ ਰਾਜਨੀਤਿਕ ਆਦਿ ਹਾਲਾਤ ਵਾਰੇ ਵੀ ਸੌਖੀ ਜਾਣਕਾਰੀ ਹਾਸਿਲ

ਕੀਤੀ ਜਾ ਸਕਦੀ ਹੈ।ਇਸੇ ਤਰ੍ਹਾਂ ਹਰ ਇਕ ਭਾਸ਼ਾ ਜਾਂ ਖਿੱਤੇ ਦੇ ਸਾਹਿਤ ਦਾ ਵੀ ਕੋਈ ਨਾ ਕੋਈ ਮੋਢੀ ਸਾਹਿਤਕਾਰ ਜ਼ਰੂਰ ਹੁੰਦਾ ਹੈ, ਜਿਸ ਦੀਆਂ ਰਚਨਾਵਾਂ ਨੂੰ ਉਸ ਨਾਲ ਸੰਬੰਧਿਤ ਭਾਸ਼ਾ ਜਾਂ ਸਮਾਜ ਦੇ ਲਿਖਤੀ ਸਾਹਿਤ ਦਾ ਆਰੰਭ ਮੰਨਿਆ ਜਾਂਦਾ ਹੈ।

## 2.2 Objective (ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਸਹਿਤ ਦੇ ਮੋਢੀ ਸਾਹਿਤਕਾਰ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਸਾਹਿਤਕ ਪਰੰਪਰਾ 'ਤੋਂ ਜਾਣੂ ਕਰਵਾਉਣਾ ਹੈ। ਜਿਸ ਨਾਲ ਪਾਠਕ ਨੂੰ ਰਿਆਸਤੀ ਪੰਜਾਬੀ ਸਾਹਿਤ ਦੇ ਇਤਿਹਾਸ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ।

## 2.3 Content (ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ )

### ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ :-

ਹਰ ਇਕ ਭਾਸ਼ਾ ਨਾਲ ਜੁੜੇ ਸਾਹਿਤਕ- ਇਤਿਹਾਸਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਮੌਜੂਦ ਲਿਖਤੀ ਸਾਹਿਤ ਨੂੰ ਕਾਲਾਂ ਵਿਚ ਵੰਡ ਕੇ ਉਸਦੇ ਵਿਕਾਸ ਕ੍ਰਮ ਨੂੰ ਪਾਠਕਾਂ ਅਤੇ ਆਲੋਚਕਾਂ ਦੇ ਸਨਮੁਖ ਪੇਸ਼ ਕਰੇ। ਇਸ ਦੇ ਨਾਲ-ਨਾਲ ਉਹ ਆਪਣੀ ਖੋਜੀ ਵਿਰਤੀ ਕਾਰਣ ਉਨਾਂ ਪੁਰਾਤਨ ਲਿਖਤਾਂ ਨੂੰ ਖੋਜਣ ਦਾ ਕੰਮ ਵੀ ਕਰਦਾ ਹੈ, ਜਿਸ ਤੋਂ ਉਸ ਭਾਸ਼ਾ ਦੇ ਲਿਖਤੀ ਸਾਹਿਤ ਦਾ ਕਈ ਸਦੀਆਂ ਪਹਿਲਾਂ ਤੋਂ ਲਿਖਿਆ ਗਿਆ ਹੋਣ ਬਾਰੇ ਜਾਣਕਾਰੀ ਉਪਲਬੱਧ ਹੁੰਦੀ ਹੈ।ਸਾਹਿਤ ਦੇ ਇਤਿਹਾਸਕਾਰਾਂ, ਖੋਜੀਆਂ ਅਤੇ ਆਲੋਚਕਾਂ ਨੇ ਰਿਆਸਤੀ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰ ਬਾਰੇ ਵੱਖ-ਵੱਖ ਨਿਰਣੇ ਦਿਤੇ ਹਨ।ਜਿਵੇਂ ਰਿਆਸਤ ਵਿਚ ਜੋ ਸਭ ਤੋਂ ਪਹਿਲੀ ਪੰਜਾਬੀ ਰਚਨਾ ਲਿਖੀ ਗਈ ਉਹ ਗੁਰੂ ਨਾਨਕ ਵਲੋਂ ਲਿਖੀ ਗਈ ਜਦ ਉਹ ਆਪਣੀ ਉਦਾਸੀ ਸਮੇਂ ਮਟਨ (ਕਸ਼ਮੀਰ) ਵਿਖੇ ਇਕ ਅਧਿਆਤਮਕ ਵਾਰ ਦੀ ਰਚਨਾ ਕਰਦੇ ਹਨ।ਗੁਰੂ ਨਾਨਕ ਵਲੋਂ ਲਿਖੀ ਇਸ ਵਾਰ ਨੂੰ ਕੁਝ ਵਿਦਵਾਨ ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ ਮੰਨਦੇ ਹਨ।ਪਰ ਗੁਰੂ ਨਾਨਕ ਦੀ ਇਸ ਰਚਨਾ ਨੂੰ ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ ਮੰਨ ਲੈਣਾ ਉਚਿਤ ਨਹੀਂ ਲਗਦਾ ਕਿਉਂਕਿ ਗੁਰੂ ਨਾਨਕ ਦੀ ਇਸ ਅਧਿਆਤਮਕ ਵਾਰ ਨੂੰ ਉਨ੍ਹਾਂ ਦੀ ਸੰਪੂਰਨ ਰਚਨਾ ਨਾਲੋਂ ਅਲਗ ਕਰਕੇ ਨਹੀਂ ਦੇਖਿਆ ਜਾ ਸਕਦਾ ਅਤੇ ਨਾ ਹੀ ਇਸ ਅਧਿਆਤਮਕ ਵਾਰ ਨੂੰ ਮੁੱਖ ਧਾਰਾ ਦੇ ਪੰਜਾਬੀ ਸਾਹਿਤ ਤੋਂ ਵੱਖਰਾ ਕੀਤਾ ਜਾ ਸਕਦਾ ਹੈ।ਪਰੰਤੂ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਨਾਨਕ ਦਾ ਕਸ਼ਮੀਰ ਦੀ ਧਰਤੀ ਤੇ ਬਹਿ ਕੇ ਅਧਿਆਤਮਕ ਵਾਰ ਦੀ ਰਚਨਾ ਕਰਨਾ, ਇਥੇ ਦੇ ਲਿਖਤੀ ਸਾਹਿਤ ਲਈ ਪ੍ਰੇਰਨਾ-ਸ੍ਰੋਤ ਜ਼ਰੂਰ ਬਣਿਆ ਹੋਵੇਗਾ।

ਕਈ ਇਤਿਹਾਸਕਾਰ ਜੋ ਰਿਆਸਤੀ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਮੁੱਢਲੇ ਕਾਲ ਨੂੰ ੧੬੦੦ ਈਸਵੀ ਤੋਂ ਲੈ ਕੇ ੧੮੫੦ ਈਸਵੀ ਤਕ ਮੰਨਦੇ ਹਨ ਉਨ੍ਹਾ ਮੁਤਾਬਿਕ ਰਿਆਸਤ ਦਾ ਪਹਿਲਾ ਸਾਹਿਤਕਾਰ 'ਸੁਥਰਾ ਸ਼ਾਹ' ਹੈ।ਉਨ੍ਹਾਂ ਮੁਤਾਬਿਕ ੧੬੧੫ ਈਸਵੀ ਦੇ ਲਗਭਗ ਸੁਥਰਾ ਸ਼ਾਹ ਦਾ ਜਨਮ ਹੁੰਦਾ ਹੈ।ਸੁਥਰੇ ਸ਼ਾਹ ਨੇ ਆਪਣਾ ਬਚਪਣ ਪੰਜਾਬ ਵਿਚ ਬਿਤਾਇਆ ਕਿਉਂਕਿ ਗੁਰੂ ਹਰਿਗੋਬਿੰਦ ਉਸ ਨੂੰ ਨਿੱਕੀ ਉਮਰ ਵਿਚ ਹੀ ਆਪਣੇ ਨਾਲ ਲੈ ਗਏ ਸਨ।ਪਰ ਉਸਦਾ ਕਸ਼ਮੀਰ ਆਉਣਾ-ਜਾਣਾ ਲਗਾ ਰਹਿੰਦਾ



ਪ੍ਰਚਾਰ ਕਰਦੇ ਰਹੇ ਹਨ।ਇਨ੍ਹਾਂ ਦੇ ਕਈ ਡੇਰੇ ਅਤੇ ਧਰਮ-ਸ਼ਾਲਾਵਾਂ ਹੋਣ ਦੇ ਸਬੂਤ ਵੀ ਮਿਲਦੇ ਹਨ।ਸੁਥਰੇ ਦੀ ਪੂਰੀ ਰਚਨਾ ਅੱਜੇ ਤਕ ਪ੍ਰਾਪਤ ਨਹੀਂ ਹੋਈ ਹੈ ਪਰ ਜਿੰਨੀ ਕੁ ਉਸ ਦੀਆਂ ਕਾਵਿ ਪੰਕਤੀਆਂ ਮਿਲੀਆਂ ਹਨ ਉਨ੍ਹਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਸੁਥਰਾ ਇਕ ਉਚ ਦਰਜੇ ਦਾ ਵਿਅੰਗਾਤਮਕ ਕਵੀ ਹੋਇਆ ਹੈ। ਸੁਥਰੇ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਪੂਰੀ ਉਮਰ ਵਿਆਹ ਨਹੀਂ ਕਰਵਾਇਆ ਅਤੇ ਇਕ ਨਵੀਂ ਸੰਪਰਦਾਇ ਚਲਾਈ ਸੀ।ਉਸਤੋਂ ਬਾਅਦ ਉਸਦੇ ਚੇਲੇ ਪੰਜਾਬ ਅਤੇ ਜੰਮੂ-ਕਸ਼ਮੀਰ ਵਿਚ ਡੰਡੇ ਵਜਾਉਂਦੇ ਅਤੇ ਕਾਵਿ-ਪੰਕਤੀਆਂ ਪੜ੍ਹਦੇ ਜਾਂਦੇ 'ਤੇ ਮੰਗ ਕੇ ਖਾ ਲੈਂਦੇ ਸਨ। ਸੁਥਰੇ ਦੀ ਇਹ ਪੰਕਤੀ ਉਸ ਦੇ ਜੀਵਨ ਫਲਸਫੇ ਤੇ ਝਾਤ ਪਾਉਂਦੀ ਦਿਸਦੀ ਹੈ:-

**"ਧੀਆਂ ਧਾੜ ਤੇ ਪੁੱਤਰ ਫਾਹ, ਰੰਨ ਦੁੱਖਾਂ ਦਾ ਖੂਹ।**

**ਇਸ ਘਾਣੀ 'ਚੋਂ ਸੁਥਰਿਆ ਕੋਈ ਹਰਿਜਨ ਕ'ਢੇ ਧੂਹ।**

ਇਹ ਕਾਵਿ ਟੁਕੜੀ ਤੋਂ ਉਸ ਸਮੇਂ ਦੇ ਸਮਾਜਿਕ ਹਾਲਾਤ ਦਾ ਪਤਾ ਲਗਦਾ ਹੈ। ਉਸ ਸਮੇਂ ਦੇ ਜ਼ਾਲਮ ਹਾਕਮ ਅਤੇ ਉਨ੍ਹਾਂ ਦੇ ਪ੍ਰਬੰਧ ਵਿਚ ਆਮ ਲੋਕਾਈ ਲਈ ਪਰਿਵਾਰ ਰੱਖਣਾ ਅਤੇ ਉਸਦਾ ਪਾਲਣ-ਪੋਸ਼ਣ ਕਰਣਾ ਔਖਾ ਕੰਮ ਸੀ।ਆਮ ਬੰਦੇ ਲਈ ਧੀਆਂ ਅਤੇ ਪਤਨੀ ਨੂੰ ਹਾਕਮਾਂ ਦੀ ਬੁਰੀ ਨਜ਼ਰ ਤੋਂ ਬਚਾਉਣਾ ਵਬਾਲ ਬਣਿਆ ਹੋਇਆ ਸੀ।ਦੂਜੀ ਪੰਕਤੀ ਵਿਚ ਗੁਰਮਤਿ ਦਾ ਅਸਰ ਪ੍ਰੱਤਖ ਨਜ਼ਰ ਆਉਂਦਾ ਹੈ ਕਿ ਕੋਈ ਭਗਤ ਜਾਂ ਹਰੀਦਾ ਜਨ ਹੀ ਗ੍ਰਹਿਸਤ ਤੋਂ ਨਿਜਾਤ ਦਾ ਰਾਹ ਦੱਸ ਸਕਦਾ ਹੈ। ਸੁਥਰਾ ਸ਼ਾਹ ਦੀਆਂ ਬਹੁਤ ਸਾਰੀਆਂ ਪੰਕਤੀਆਂ ਗੁਰਮਤਿ ਦੇ ਉਲਟ ਘਰ-ਬਾਰ ਤਿਆਗਣ ਦੀ ਗੱਲ ਕਰਦੀਆਂ ਹਨ। ਜਿਵੇਂ :-

**"ਇਹ ਕੁਟੰਬ ਦੁਖਾਂ ਘਰ**

**ਨਿਕਲ ਭਜ ਨਾ ਫਾਥਾ ਮਰ।"**

ਸੁਥਰਾ ਕਰਮਾਂ ਨੂੰ ਮੰਨਣ ਵਾਲਾ ਸੀ। ਉਸ ਦੇ ਦਿਲ ਵਿਚ ਲੇਖਾ ਮੰਗੇ ਜਾਣ ਦੀ ਗੱਲ, ਆਮ ਲੋਕਾਂ ਵਾਂਗ ਘਰ ਕਰ ਗਈ ਲਗਦੀ ਹੈ।ਉਸ ਮੁਤਾਬਿਕ ਲੇਖਾ ਮੰਗੇ ਜਾਣ ਸਮੇਂ ਬੰਦੇ ਦੀ ਹਾਲਤ ਬਹੁਤ ਤਰਸਯੋਗ ਹੁੰਦੀ ਹੈ ਤੇ ਖਾਸ ਕਰ ਉਸ ਆਦਮੀ ਲਈ ਜਿਸਨੇ ਕੁਝ ਨੇਕ ਕੰਮ ਕੀਤਾ ਹੀ ਨਾ ਹੋਵੇ।

**"ਜਿਤ ਦਿਨ ਲੇਖਾ ਮੰਗੀਐ ਗੱਲ ਪਲੂ ਮੂਹਿ ਘਾਹ।**

**ਸੁਥਰਿਆ ਰਾਹੋਂ ਘੁਥਿਆ, ਵਡਾ ਤਿਨਾ ਹੈ ਦਾਹ।"**

ਮੱਧਕਾਲ ਦੇ ਸਾਹਿਤ ਵਿਚ ਬੰਦੇ ਨੂੰ ਚੰਗੇ ਕਰਮਾਂ ਲਈ ਪ੍ਰੇਰਿਆ ਜਾਂਦਾ ਸੀ। ਨਿਜਾਤ ਦਾ ਰਾਹ ਅਮਲਾਂ ਦੁਆਰਾ ਹੀ ਹਾਸਿਲ ਕਰਨ ਤੇ ਜ਼ੋਰ ਦਿੱਤਾ ਜਾਂਦਾ ਸੀ। ਸਿਆਨੇ ਬੰਦੇ ਆਮ ਲੋਕਾਈ ਨੂੰ ਸਮਝਾਉਣ ਦਾ ਕੰਮ ਆਪਣਾ

ਫਰਜ਼ ਸਮਝ ਕੇ ਕਰਦੇ ਸਨ।ਚੰਗਾ ਤੇ ਸਿਆਣਾ ਸਾਧ-ਫਕੀਰ ਆਮ ਲੋਕਾਂ ਨੂੰ ਜੀਵਨ ਰਹੱਸ ਸਮਝਾ ਸਕਦਾ ਹੈ ਪਰ ਉਨ੍ਹਾਂ ਸਿਆਣਿਆਂ ਵਿਚ ਵੀ ਕਈ ਭੇਖ-ਧਾਰੀ ਵੀ ਸਨ ਜੋ ਧਰਮ ਦਾ ਝੋਲਾ ਪਾ ਕੇ ਲੋਕਾਂ ਨੂੰ ਠੱਗਣ ਦਾ ਕੰਮ ਕਰਦੇ ਸਨ। ਉਨ੍ਹਾਂ ਭੇਖ-ਧਾਰੀਆਂ ਲਈ ਸੁਥਰਾ ਕਹਿੰਦਾ ਹੈ ਕਿ -:

**"ਲੋਕ ਡਰਾਵਨ ਕਾਰਣੇ, ਕੀ ਤੈਂ ਭੇਖ ਬਣਾਇਆ।**

**ਨਿਰਉਦਮ ਟੁਕੜਾ ਖਾਵਣਾ, ਬਾਬਾ ਨਾਮ ਸਦਾਇਆ।"**

ਸੁਥਰੇ ਦੀ ਕਵਿਤਾ ਵਿਚ ਵਿਅੰਗ ਦੀ ਭਰਮਾਰ ਹੈ।ਵਿਅੰਗ ਸਿਰਫ ਹਾਸਾ ਉਪਜਾਣ ਲਈ ਨਹੀਂ ਹੁੰਦਾ ਸਗੋਂ ਹਸਦੇ-ਹਸਾਉਂਦੇ ਚੋਟਾਂ ਲਾ ਕੁਰੀਤੀਆਂ ਦੀ ਭੰਡੀ ਪਾਉਣੀ ਚੰਗੇ ਵਿਅੰਗਾਤਮਕ ਕਵੀ ਦਾ ਉਦੇਸ਼ ਹੁੰਦਾ ਹੈ। ਸੁਥਰੇ ਦੇ ਕਾਵਿ ਟੋਟਿਆਂ ਵਿਚੋਂ ਇਸੇ ਪ੍ਰਕਾਰ ਦਾ ਵਿਅੰਗ ਲਭਦਾ ਹੈ, ਜੋ ਉਸਨੂੰ ਵਿਲੱਖਣ ਸ਼ੈਲੀ ਦਾ ਮਾਲਕ ਬਣਾਂਦਾ ਹੈ। ਇਸ ਤਰ੍ਹਾਂ ਉਹ ਪੰਜਾਬੀ ਵਿਚ ਹਾਸ-ਰਸ ਲਿਆਉਣ ਵਾਲਾ ਪਹਿਲਾ ਕਵੀ ਅਖਵਾਉਣ ਦਾ ਹੱਕ ਰੱਖਦਾ ਹੈ।ਉਹ ਹਾਸ-ਰਸ ਅਪਨਾ ਕੇ ਵਿਅੰਗ ਵਰਗੇ ਕਾਟਵੇਂ ਹਥਿਆਰ ਦੀ ਵਰਤੋਂ ਕਰਦਾ ਹੈ।

**" ਢੋਲ ਵੱਜੇ ਘਰ ਲੁਟਿਉਂ ਲੋਕੀਂ ਕਹਿਣ ਵਿਆਹ**

**ਸਾਹਿਬ ਅਰਥ ਨਾ ਬੀਜਿਉ ਹੋਇਆ ਮੁਖ ਸਿਆਹ।"**

**" ਆਰ ਗੰਗਾ ਪਾਰ ਗੰਗਾ ਵਿਚ ਮੈਂ ਤੇ ਤੂੰ**

**ਲਹਿਣਾ ਲੈਣਾ ਸੁਥਰਿਆ ਨਾਸੀਂ ਦੇ ਕੇ ਧੂੰ।"**

**"ਜਿਉਂ ਜਿਉਂ ਚੜ੍ਹਨ ਸ਼ਰੀਣੀਆਂ ਤਿਉਂ ਤਿਉਂ ਵਧਦਾ ਜਾ**

**ਏ ਜੁਆਈਂ ਖੁਲੀਆਂ ਅਗਲੀ ਗੱਲ ਨਾ ਕਾ। "**

ਇਹ ਕਾਵਿ-ਟੋਟਕਿਆਂ ਤੋਂ ਸਾਫ ਪਤਾ ਲਗਦਾ ਹੈ ਕਿ ਸੁਥਰਾ ਲੋਕ-ਕਾਵਿ ਦੇ ਨੇੜੇ ਹੋਣ ਕਰਕੇ ਲੋਕਿਕ ਸ਼ੈਲੀ ਨੂੰ ਅਪਣਾਉਂਦਾ ਹੈ ਜਿਸ ਕਰਕੇ ਉਹ ਲੋਕ-ਕਵੀ ਬਣ ਕੇ ਉਭਰਦਾ ਹੈ।ਸੁਥਰੇ ਦੇ ਕਾਵਿ-ਟੋਟਕਿਆਂ ਵਿਚ ਭੰਡਾਂ ਜਾਂ ਨਟਾਂ ਦੇ ਤੀਖਣ ਸਾਂਗ ਤੇ ਭਾਵ ਪੂਰਤ ਅਖਾਣ ਦਾ ਅਸਰ ਪ੍ਰਤੱਖ ਦਿਸਦਾ ਹੈ।ਜਿਸ ਕਰਕੇ ਆਮ ਲੋਕਾਈ ਦੀ ਜ਼ੁਬਾਨ ਤੇ ਚੜੇ ਹੋਏ ਹਨ। ਸੁਥਰੇ ਦੇ ਇਸ ਯੋਗਦਾਨ ਦੇ ਬਾਵਜੂਦ ਕਈ ਵਿਦਵਾਨ ਸੁਥਰੇ ਨੂੰ ਮੋਢੀ ਸਾਹਿਤਕਾਰ ਮੰਨਣ ਤੋਂ ਇਨਕਾਰੀ ਹਨ। ਉਹ ਇਹ ਦਲੀਲ ਦਿੰਦੇ ਹਨ ਕਿ ਸੁਥਰੇ ਦਾ ਜਨਮ ਬੇਸ਼ਕ ਰਿਆਸਤ ਵਿਚ ਹੋਇਆ ਪਰ ਉਸਦਾ ਬਚਪਨ ਅਤੇ ਜਵਾਨੀ ਪੰਜਾਬ ਵਿਚ ਗੁਜਰੀ।ਇਸ ਤੋਂ ਇਲਾਵਾ ਉਸਦੀਆਂ ਰਚਨਾਵਾਂ ਦੀ ਪ੍ਰਮਾਣਿਕਤਾ ਵੀ ਸ਼ਕ ਦੇ ਘੇਰੇ ਵਿਚ ਹੈ ਅਤੇ ਉਸਦੇ ਸਾਹਿਤ ਦਾ ਪੂਰਾ ਉਪਲਬਧ ਨਾ ਹੋਣਾ ਵੀ ਹੈ।



## Check Your Progress

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਸੁਥਰੇ ਸ਼ਾਹ ਦਾ ਜਨਮ ਕਿਥੇ ਹੋਇਆ ?

੨. ਗੁਰੂ ਨਾਨਕ ਨੇ ਮਟਨ (ਕਸ਼ਮੀਰ) ਵਿੱਚ ਕਿਸ ਦੀ ਰਚਨਾ ਕੀਤੀ ?

੩. ਕਵੀ ਆਪਣੀ ਕਵਿਤਾ ਵਿਚ ਵਿਅੰਗ ਦਾ ਪ੍ਰਯੋਗ ਕਿਉਂ ਕਰਦਾ ਹੈ ?

ਕੁਝ ਵਿਦਵਾਨ 'ਮੀਆਂ ਮੁਹੰਮਦ ਬਖ਼ਸ਼' ਨੂੰ ਵੀ ਰਿਆਸਤ ਦਾ ਮੋਢੀ ਸਾਹਿਤਕਾਰ ਮੰਨਣ ਤੇ ਜ਼ੋਰ ਦਿੰਦੇ ਹਨ। ਮੀਆਂ ਮੁਹੰਮਦ ਬਖ਼ਸ਼ ਦਾ ਕਿੱਸਾ "ਸੈਫ-ਉਲ-ਮਲੂਕ ਅਤੇ ਬਦੀ-ਉਲ-ਜਮਾਲ" ਇਕ ਸ਼ਾਹਕਾਰ ਰਚਨਾ ਹੈ।ਇਹ ਕਿੱਸਾ ਸਿਰਫ ਰਿਆਸਤ ਵਿਚ ਹੀ ਨਹੀਂ ਬਲਕਿ ਪੂਰੇ ਪੰਜਾਬੀ ਸਾਹਿਤ ਵਿਚ ਉੱਚਾ ਸਥਾਨ ਰੱਖਦਾ ਹੈ। ਪਰ ਫਿਰ ਵੀ ਵਿਦਵਾਨ ਮੀਆਂ ਮੁਹੰਮਦ ਬਖ਼ਸ਼ ਨੂੰ ਪਹਿਲਾ ਸਾਹਿਤਕਾਰ ਨਹੀਂ ਮੰਨਦੇ ਕਿਉਂਕਿ ਉਸ ਤੋਂ ਪਹਿਲਾਂ ਕਵੀ 'ਸੰਤ ਰੇਨ' ਹੋਇਆ ਹੈ।ਅੱਜ ਲਗਭਗ ਇਹ ਧਾਰਨਾ ਵਧੇਰੇ ਪ੍ਰਵਾਨ ਕੀਤੀ ਜਾ ਰਹੀ ਹੈ ਕਿ ਰਿਆਸਤੀ ਪੰਜਾਬੀ ਸਾਹਿਤ ਦਾ ਪਹਿਲਾ ਕਵੀ ਸੰਤ ਰੇਨ (੧੭੪੧ ਤੋਂ ੧੮੭੧ ਈਸਵੀ ) ਹੈ, ਜੋ ਕਸ਼ਮੀਰ ਦਾ ਜੰਮਪਲ ਸੀ।ਸੰਤ ਰੇਨ ਨੇ ਆਪਣੇ ਜੀਵਨ ਦਾ ਪਹਿਲਾ ਹਿੱਸਾ ਕਸ਼ਮੀਰ ਵਿਚ ਬਿਤਾਇਆ 'ਤੇ ਉਸ ਤੋਂ ਬਾਅਦ ਉਹ ਮਲੇਰਕੋਟਲਾ ਵਿੱਖੇ ਰਿਹਾ। ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਉਸ ਦੇ ਸਮੁੱਚੇ ਪੰਜਾਬੀ ਸਾਹਿਤ ਵਿਚ ਨਿੱਗਰ ਵਾਧਾ ਕੀਤਾ ਹੈ। ਜੀਤ ਸਿੰਘ ਸ਼ੀਤਲ ਨੇ, ਸੰਤ ਰੇਨ ਦੀਆਂ ਸ਼ੀਹਰਫੀਆਂ ਨੂੰ ਮੁੱਖ ਰੱਖ ਕੇ ਉਸ ਦੇ ਸਮੇਂ ਨੂੰ ਪੰਜਾਬੀ ਸ਼ੀਹਰਫੀ ਦਾ ਸੋਨ-ਸੁਨਹਿਰੀ ਕਾਲ ਕਿਹਾ ਹੈ। ਹੇਠ ਲਿਖੇ ਕਾਰਨਾਂ ਕਰਕੇ ਸੰਤ ਰੇਨ ਨੂੰ ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ ਪ੍ਰਵਾਨ ਕੀਤਾ ਜਾਂਦਾ ਹੈ।-:

(ੳ) ਉਹ ਕਸ਼ਮੀਰ ਦਾ ਜੰਮਪਲ ਹੈ।

(ਅ) ਉਸ ਨੇ ਆਪਣੇ ਜੀਵਨ ਦਾ ਪਹਿਲਾ ਹਿੱਸਾ ਕਸ਼ਮੀਰ ਵਿਚ ਗੁਜਾਰਿਆ।

(ੲ) ਸਾਹਿਤ ਦੀ ਦ੍ਰਿਸ਼ਟੀ ਤੋਂ ਉਸਦੀ ਗੁਣਾਤਮਕ ਤੇ ਗਿਣਾਤਮਕ ਦੇਣ ਹੈ।

(ਸ) ਉਸ ਦੇ ਪ੍ਰਮਾਣਿਕ ਸਾਹਿਤ ਦੀ ਪ੍ਰਾਪਤੀ ਹੈ।

(ਹ) ਉਸ ਦੀ ਰਚਨਾ ਰਿਆਸਤੀ ਪੰਜਾਬੀ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਪਰਵਿਰਤੀ ਦੀ ਲਖਾਇਕ ਹੈ।

(ਕ) ਉਸ ਤੋਂ ਬਾਅਦ ਰਿਆਸਤੀ ਪੰਜਾਬੀ ਸਾਹਿਤ ਦੀ ਧਾਰਾ ਵਿਚ ਨਿਰੰਤਰਤਾ ਹੈ ਅਤੇ ਕਿਸੇ ਵਡੇ ਅੰਤਰਾਲ ਦਾ ਆਭਾਸ ਨਹੀਂ ਹੁੰਦਾ।

ਇਨ੍ਹਾਂ ਦਲੀਲਾਂ ਦੇ ਆਧਾਰ ਤੇ ਵਿਦਵਾਨ ਸੰਤ ਰੇਨ ਨੂੰ ਰਿਆਸਤੀ ਪੰਜਾਬੀ ਸਾਹਿਤ ਦਾ ਮੋਢੀ ਸਾਹਿਤਕਾਰ ਮੰਨਦੇ ਹਨ। ਉਨ੍ਹਾਂ ਮੁਤਾਬਿਕ ਸੰਤ ਰੇਨ ਤੋਂ ਬਾਅਦ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਵਿਚ ਨਿਰੰਤਰ

ਵਿਕਾਸ ਮਿਲਦਾ ਹੈ ਅਤੇ ਉਸ ਤੋਂ ਬਾਅਦ ਰਿਆਸਤੀ ਪੰਜਾਬੀ ਸਾਹਿਤ ਵਿਚ ਕੋਈ ਖੜੋਤ ਨਹੀਂ ਆਉਂਦੀ। ਸੰਤ ਰੇਨ ਤੋਂ ਬਾਅਦ ਮੁਢਲੇ ਕਵੀਆਂ ਵਿਚ ਸਾਈਂ ਕਾਦਰ ਬਖ਼ਸ਼, ਅਬਦੁੱਲਾ ਲਾਰਵੀ, ਮੀਆਂ ਮੁਹੰਮਦ ਬਖ਼ਸ਼, ਕਵੀ ਰਾਮ ਧਨ ਆਦਿ ਕਵੀਆਂ ਦਾ ਵਿਸ਼ੇਸ਼ ਨਾਮ ਆਉਂਦਾ ਹੈ।

## 2.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬੇਸ਼ਕ ਸੁਥਰਾ ਸ਼ਾਹ, ਮੀਆਂ ਮੁਹੰਮਦ ਬਖ਼ਸ਼ ਆਦਿ ਨਾਂ ਸਾਡੇ ਪਾਸ ਬਤੌਰ ਮੋਢੀ ਸਾਹਿਤਕਾਰ ਵਜੋਂ ਸਾਹਮਣੇ ਆਉਂਦੇ ਹਨ ਪਰ ਸੰਤ ਰੇਨ ਹੀ ਵਿਦਵਾਨਾਂ ਵਲੋਂ ਪ੍ਰਵਾਨਿਤ ਮੋਢੀ ਸਾਹਿਤਕਾਰ ਸਾਬਿਤ ਹੁੰਦਾ ਹੈ ਕਿਉਂਕਿ ਉਸਦਾ ਰਿਆਸਤ ਦਾ ਜੰਮਪਲ ਹੋਣ ਦੇ ਨਾਲ-ਨਾਲ, ਉਸਦੇ ਸਾਹਿਤ ਦੀ ਉਪਲਬਤਾ ਤੇ ਪ੍ਰਮਾਣਿਕਤਾ ਵੀ ਸਾਬਿਤ ਹੋ ਚੁਕੀ ਹੈ।ਉਹ ਆਪਣੇ ਦੌਰ ਦਾ ਉਚ ਦਰਜੇ ਦਾ ਕਵੀ ਅਤੇ ਪੰਜਾਬੀ ਦਾ ਪਹਿਲਾ ਸ਼ੀਹਰਫੀਕਾਰ ਹੈ।ਇਸ ਆਧਾਰ ਤੇ ਅਸੀਂ ਸੰਤ ਰੇਨ ਨੂੰ ਹੀ ਰਿਆਸਤ ਦਾ ਮੋਢੀ ਸਾਹਿਤਕਾਰ ਪ੍ਰਵਾਨ ਕਰਾਂਗੇ।

## 2.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਮੋਢੀ- ਪਹਿਲਾ, ਆਗੂ

ਨਿਰੰਤਰ- ਲਗਾਤਾਰ, ਬਿਨਾ ਠਹਿਰੇ

ਵਿਅੰਗ- ਤਾਨਾ ( satire)

## 2.6 Lesson End Exercise

1. ਰਿਆਸਤ ਦਾ ਮੋਢੀ ਸਾਹਿਤਕਾਰ ਕੌਣ ਹੈ ?
2. ਸੁਥਰਾ ਸ਼ਾਹ ਦੀ ਕਵਿਤਾ ਵਿਚੋਂ ਕਿਹੋ ਜਿਹੇ ਸਮਾਜ ਦਾ ਚਿਤਰ ਉਭਰਦਾ ਹੈ ?
3. ਸੰਤ ਰੇਨ ਨੂੰ ਰਿਆਸਤ ਦਾ ਪਹਿਲਾ ਸਾਹਿਤਕਾਰ ਕਿਉਂ ਮੰਨਿਆ ਜਾਂਦਾ ਹੈ ?

## 2.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।





- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿੱਲੀ। 2003 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼।1994 ।


## 2.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਰਿਆਸਤੀ ਪੰਜਾਬੀ ਸਾਹਿਤ ਦੇ ਮੋਢੀ ਸਾਹਿਤਕਾਰ ਬਾਰੇ ਹੋਰ ਜਾਨਣ ਲਈ , ਰਿਆਸਤੀ ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਤਾਂਕਿ ਵਿਦਿਆਰਥੀ ਆਪ ਸਵੈ-ਪੜਚੋਲ ਕਰਕੇ ਰਿਆਸਤ ਦੇ ਮੋਢੀ ਸਾਹਿਤਕਾਰ ਬਾਰੇ ਹੋਰ ਵਿਸਤਾਰ ਨਾਲ ਸਮਝ ਸਕਦੇ ਹਨ।

....................

'ਰਿਆਸਤੀ ਪੰਜਾਬੀ ਕਵਿਤਾ ਦਾ ਆਰੰਭ'

Unit : 1 Lesson No. : 3

Structure :

3.1 Inroduction (ਜਾਣ-ਪਛਾਣ)

3.2 Objective (ਉਦੇਸ਼)

3.3 Content (ਰਿਆਸਤੀ ਪੰਜਾਬੀ ਕਵਿਤਾ ਦਾ ਆਰੰਭ )

3.4 Summary (ਨਿਸ਼ਕਰਸ਼)

3.5 Glossory/Keywords (ਔਖੇ ਸ਼ਬਦਾਂ ਦੇ ਅਰਥ)

3.6 Lesson End Exercise

3.7 References (ਸਹਾਇਕ ਗ੍ਰੰਥਾਵਲੀ)

3.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)



## 3.1 Introduction (ਜਾਣ-ਪਛਾਣ)

ਜੰਮੂ-ਕਸ਼ਮੀਰ ਦੀ ਪੰਜਾਬੀ ਕਵਿਤਾ ਮੌਜੂਦਾ ਦੌਰ ਵਿਚ ਕਿਸੇ ਜਾਣ-ਪਛਾਣ ਦੀ ਮੁਹਥਾਜ ਨਹੀਂ ਹੈ। ਰਿਆਸਤ ਵਿਚ ਪੰਜਾਬੀ ਕਵਿਤਾ ਦੀ ਚੋਖੀ ਗਿਣਤੀ ਵਿਚ ਸਿਰਜਣਾ ਹੋ ਰਹੀ ਹੈ ਪਰੰਤੂ ਇਹ ਜਾਗਰੂਕਤਾ ੧੯੪੭ ਈਸਵੀ ਤੋਂ ਬਾਅਦ ਵਿਚ ਆਉਂਦੀ ਹੈ।੧੯੪੭ ਈਸਵੀ ਤੋਂ ਪਹਿਲਾਂ ਵੀ ਕਵਿਤਾ ਲਿਖੀ ਜਾਂਦੀ ਰਹੀ ਹੈ ਪਰ ਸਾਂਭ-ਸੰਭਾਲ ਦੀ ਜਾਗਰੂਕਤਾ ਨਾ ਹੋਣ ਕਾਰਣ ਬਹੁਤਾ ਸਾਹਿਤ ਲਿਖਤੀ ਰੂਪ ਵਿਚ ਉਪਲਬਧ ਨਹੀਂ ਹੁੰਦਾ।ਅਤੇ ਕੁਝ ਸਾਹਿਤ ੧੯੪੭ ਦੀ ਦੇਸ਼ ਵੰਡ ਦੀ ਭੇਂਟ ਵੀ ਚੜ੍ਹ ਗਿਆ ਪ੍ਰਤੀਤ ਹੁੰਦਾ ਹੈ। ਇਸ ਸਭ ਦੇ ਬਾਵਜੂਦ ਜੋ ਸਾਹਿਤ ਸਾਡੇ ਪਾਸ ਉਪਲਬਧ ਹੈ ਉਸ ਦੇ ਆਧਾਰ ਤੇ ਅਸੀਂ ਰਿਆਸਤੀ ਪੰਜਾਬੀ ਕਵਿਤਾ ਦੇ ਆਰੰਭ ਬਾਰੇ ਜਾਨਣ ਦਾ ਯਤਨ ਕਰਾਂਗੇ।

## 3.2 Objective (ਉਦੇਸ਼) :-

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਰਿਆਸਤੀ ਕਵਿਤਾ ਦੇ ਆਰੰਭ ਬਾਰੇ ਜਾਣਕਾਰੀ ਦੇਣਾ ਹੈ।ਵਿਦਿਆਰਥੀਆਂ ਨੂੰ ਪੰਜਾਬੀ ਕਵਿਤਾ ਦੇ ਆਰੰਭ ਨਾਲ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਉਸ ਸਮੇਂ ਦੀ ਸਮਾਜਿਕ ਅਤੇ ਰਾਜਨੀਤਿਕ ਹਾਲਾਤ ਤੋਂ ਵੀ ਜਾਣੂ ਕਰਵਾਇਆ ਜਾਏਗਾ ਤਾਂਕਿ ਵਿਦਿਆਰਥੀ ਉਨ੍ਹਾਂ ਪ੍ਰਸਥਿਤੀਆਂ ਨੂੰ ਵੀ ਸਮਝ ਸਕਣ ਜਿਨ੍ਹਾਂ ਪ੍ਰਸਥਿਤੀਆਂ ਵਿਚ ਉਸ ਸਮੇਂ ਦੇ ਕਵੀ ਆਪਣੀਆਂ ਰਚਨਾਵਾਂ ਨੂੰ ਪੇਸ਼ ਕਰਦੇ ਹਨ।

## 3.3 Content (ਰਿਆਸਤੀ ਪੰਜਾਬੀ ਕਵਿਤਾ ਦਾ ਆਰੰਭ )

ਰਿਆਸਤ ਦੀ ਭੂਗੋਲਿਕ ਸਥਿਤੀ ਕਾਰਣ ਇਸ ਨੂੰ ਮੁੱਖ ਤੌਰ ਤੇ ਦੋ ਸੂਬਿਆਂ ਵਿਚ ਵੰਡ ਕੇ ਦੇਖਿਆ ਜਾਂਦਾ ਹੈ- ਜੰਮੂ ਅਤੇ ਕਸ਼ਮੀਰ।ਮੱਧ-ਕਾਲ ਵਿਚ ਕਸ਼ਮੀਰ ਸੂਬੇ ਚ ਇਸਲਾਮੀ ਹਕੂਮਤ ਤੇ ਇਸਲਾਮੀ ਪ੍ਰਚਾਰ ਕਾਰਣ ਮੁਸਲਮਾਨਾਂ ਦੀ ਅਬਾਦੀ ਵਧ ਸੀ। ਇਸ ਦੇ ਉਲਟ ਜੰਮੂ ਸੂਬੇ ਵਿਚ ਹਿੰਦੂ ਬਹੁ-ਗਿਣਤੀ ਵਿਚ ਸਨ। ਸਮਾਜਿਕ ਢਾਂਚਾ ਦੋਹਾਂ ਹੀ ਸੂਬਿਆਂ ਵਿਚ ਲਗਭਗ ਇਕੋ ਜਿਹਾ ਸੀ।ਕਸ਼ਮੀਰ ਵਿਚ ਉਪਰਲੀ ਸ਼੍ਰੇਣੀ ਵਿਚ ਬਾਹਰੋਂ ਆਏ ਮੁਸਲਮਾਨ ਹਾਕਮ, ਕਸ਼ਮੀਰੀ ਉਲਮਾ, ਸਈਅਦ ਆਦਿ ਸ਼ਾਮਲ ਸਨ। ਜੰਮੂ ਸੂਬੇ ਵਿਚ ਬ੍ਰਹਾਮਣ, ਅਮੀਰ ਤੇ ਵਜ਼ੀਰ ਇਸ ਸ਼੍ਰੇਣੀ ਵਿਚ ਆਉਂਦੇ ਸਨ। ਮਧ ਸ਼੍ਰੇਣੀ ਦੋਹਾਂ ਹੀ ਸੂਬਿਆਂ ਵਿਚ ਦੁਕਾਨਦਾਰਾਂ, ਫੌਜੀਆਂ ਅਤੇ ਨੌਕਰੀ ਪੇਸ਼ਾ ਲੋਕਾਂ ਦੀ ਬਣੀ ਹੋਈ ਸੀ। ਤੀਜੀ ਸ਼੍ਰੇਣੀ ਵਿਚ ਬੇ-ਜ਼ਮੀਨੇ ਕਿਸਾਨ ਅਤੇ ਮਜ਼ਦੂਰ ਆ ਜਾਂਦੇ ਸਨ। ਇਨ੍ਹਾਂ ਦੀ ਵਡੀ ਗਿਣਤੀ ਸੀ। ਕਸ਼ਮੀਰ ਵਿਚ ਇਸ ਸ਼੍ਰੇਣੀ ਵਿਚ ਹਾਂਝੀ, ਮਾਲੀ ਅਤੇ ਸ਼ਾਲਾਂ ਬੁਣਨ ਵਾਲੇ ਵੀ ਸ਼ਾਮਿਲ ਸਨ। ਲੋਕਾਂ ਦੀ ਮਾਲੀ ਹਾਲਤ ਇਸ ਦੌਰ ਵਿਚ ਚੰਗੀ ਨਹੀਂ ਸੀ

ਇਸ ਦੌਰ ਦੇ ਕਵੀਆਂ ਦੀਆਂ ਰਚਨਾਵਾਂ ਨੂੰ ਮੁੱਖ ਰਖਦਿਆ ਹੋਇਆਂ ਪ੍ਰਤਖ ਜਾਪਦਾ ਹੈ ਕਿ ਸਭ ਤੋਂ ਵਡੀ ਤੇ ਪ੍ਰਮੁੱਖ ਸਾਹਿਤਕ ਪ੍ਰਵਿਰਤੀ ਅਧਿਆਤਮਕ ਕਵਿਤਾ ਦੀ ਹੈ।ਅਧਿਆਤਮਿਕ ਕਵਿਤਾ ਲਿਖਣ ਵਾਲੇ ਭਾਵੇਂ ਵਖ-ਵਖ ਇਲਾਕਿਆਂ ਅਤੇ ਵੱਖ-ਵੱਖ ਸੰਪ੍ਰਦਾਵਾਂ ਨਾਲ ਸੰਬੰਧ ਰਖਦੇ ਹਨ ਪਰ ਸਾਰੇ ਹੀ ਕਵੀ ਗੁਰਮਤਿ ਕਾਵਿ-ਧਾਰਾ ਤੋਂ ਪ੍ਰਭਾਵਿਤ ਲਗਦੇ ਹਨ।ਸੰਤ ਰੇਨ ਕਸ਼ਮੀਰੀ ਸਮਾਜ ਦੀ ਵਿਗੜੀ ਹੋਈ ਰਾਜਨੀਤਿਕ ਤੇ ਸਮਾਜਿਕ ਸਥਿਤੀ ਦੇਖ ਕੇ ਉਦਾਸੀ ਹੋ ਅਧਿਆਤਮਵਾਦ ਵਲ ਝੁਕਿਆ। ਇਸ ਤੋਂ ਇਲਾਵਾ ਬੀਰਮਸ਼ਾਹੀ ਗੱਦੀ ਨਾਲ ਸੰਬੰਧਿਤ ਸਾਧੂਸੰਤ, ਜੋ ਉਚ ਕੋਟੀ ਦੇ ਕਵੀ ਵੀ ਸਨ, ਉਨ੍ਹਾਂ ਵੀ ਅਧਿਆਤਮਕ ਰੰਗ ਦੀ ਕਵਿਤਾ ਰਚੀ। ਜਿਥੇ ਸੰਤ ਰੇਨ ਦਾ ਸੰਬੰਧ ਕਸ਼ਮੀਰ ਨਾਲ ਸੀ, ਉਥੇ ਤਿੰਨ ਕਵੀਆਂ ਬਾਬਾ ਸਿਧ ਨਾਥ, ਬਾਬਾ ਮੌਜ ਸਿੰਘ ਅਤੇ ਬਾਬਾ ਬਾਘ ਸਿੰਘ ਦਾ ਸੰਬੰਧ ਪੁਣਛ ਨਾਲ ਸੀ । ਇਨ੍ਹਾਂ ਤੋਂ ਇਲਾਵਾ ਕੇਸਰ ਸਿੰਘ ਛਿੱਬਰ ਅਤੇ ਸੰਤ ਦਾਸ ਛਿਬਰ ਵੀ ਵਰਣਨ ਯੋਗ ਕਵੀ ਹਨ।

ਜਿਥੇ ਕੇਸਰ ਸਿੰਘ ਛਿਬਰ ਦਾ ਸੰਬੰਧ ਜੰਮੂ ਨਾਲ ਸੀ, ਉਥੇ ਸੰਤ ਦਾਸ ਛਿਬਰ ਦਾ ਸੰਬੰਧ ਕਸ਼ਮੀਰ ਨਾਲ ਸੀ ਭਾਵੇਂ ਦੋਵਾਂ ਦਾ ਸੰਬੰਧ ਇਕੋ ਖਾਨਦਾਨ ਨਾਲ ਸੀ।ਕਸ਼ਮੀਰ ਅਤੇ ਪੁਣਛ ਦੀ ਹਾਲਤ ਜੰਮੂ ਦੇ ਮੁਕਾਬਲੇ ਅਤਿ ਭੈੜੀ ਅਤੇ ਤਰਸਯੋਗ ਸੀ। ਅਫਰਾਤਫਰੀ ਅਤੇ ਨਿਤ ਦੀ ਗੜਬੜੀ ਨੇ ਆਮ ਲੋਕਾਂ ਦਾ ਜੀਨਾ ਮੁਸ਼ਕਿਲ ਕੀਤਾ ਹੋਇਆ ਸੀ। ਲੋਕਾਂ ਵਿਚ ਹਮੇਸ਼ਾਂ ਹੀ ਬੇ-ਯਕੀਨੀ ਅਤੇ ਮੌਤ ਦਾ ਡਰ ਛਾਇਆ ਰਹਿੰਦਾ ਸੀ। ਇਹੋ ਜਿਹੇ ਦੌਰ ਵਿਚ ਮਨੁੱਖੀ ਆਤਮਾ ਆਏ ਦਿਨ ਦੇ ਸੰਕਟਾਂ ਸਾਹਮਣੇ ਆਪਣੇ ਆਪ ਨੂੰ ਮਜਬੂਰ ਦੇਖ ਕੇ ਰੱਬ ਵੱਲ ਪਰਤਦੀ ਹੈ।ਉਨ੍ਹਾਂ ਲਈ ਰੱਬ ਸਰਬ ਸ਼ਕਤੀਮਾਨ ਅਤੇ ਦੁਖ ਹਰਤਾ ਹੈ।ਉਸਦੇ ਮਿਲ ਪੈਣ ਨਾਲ ਕਲਿਆਣ ਹੋ ਜਾਂਦਾ ਹੈ।ਇਸੇ ਧਾਰਨਾ ਤੋਂ ਅਧਿਆਤਮਕ ਸਾਹਿਤ ਉਤਪੰਨ ਹੁੰਦਾ ਹੈ।ਇਸ ਸਮੇਂ ਦੇ ਪੰਜਾਬੀ ਕਵੀਆਂ ਨੇ ਆਪਣੇ ਅੰਦਰ ਚਾਤੀ ਮਾਰ ਲੈਣ ਦੀ ਗੱਲ ਸੁਝਾਈ ਅਤੇ ਪ੍ਰਮਾਤਮਾ ਨੂੰ ਸਭ ਦੁਖਾਂ ਦਾ ਹਰਤਾ ਕਹਿ ਕੇ ਪ੍ਰਚਾਰਿਆ।

ਆਰੰਭਿਕ ਦੌਰ ਦੀ ਰਿਆਸਤੀ ਪੰਜਾਬੀ ਕਵਿਤਾ ਮੁਖਧਾਰਾ ਦੇ ਪ੍ਰਸੰਗ ਵਿਚ ਵਧੇਰੇ ਕਰਕੇ ਮੱਧਕਾਲੀ ਯੁੱਗ ਦੇ ਪਰਿਪੇਖ ਵਿਚ ਦੇਖੀ ਜਾ ਸਕਦੀ ਹੈ।ਇਸ ਦੌਰ ਦੀ ਕਵਿਤਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਕਾਲ ਦੇ ਵਧੇਰੇ ਕਵੀਆਂ ਦਾ ਵਰਣਨ, ਮੁਖਧਾਰਾ ਦੇ ਪ੍ਰਸੰਗ ਵਿਚ ਕੀਤਾ ਮਿਲਦਾ ਹੈ।ਜਿਵੇਂ ਸੰਤ ਰੇਨ ਪੰਜਾਬੀ ਸੀਹਰਫ਼ੀ ਦੇ ਖੇਤਰ ਵਿਚ ਇਕ ਜਾਣਿਆ ਪਛਾਣਿਆ ਕਵੀ ਹੈ। ਜੋ ਸੂਫੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ, ਪੰਜਾਬੀ ਦੇ ਇਸ ਕਾਵਿ ਰੂਪ, ਜੋ ਫ਼ਾਰਸੀ ਅੱਖਰ-ਕ੍ਰਮ ਤੇ ਆਧਾਰਿਤ ਹੁੰਦਾ ਹੈ, ਨੂੰ ਸਿਖਰ ਤੇ ਪਹੁੰਚਾਂਦਾ ਹੈ। ਡਾ. ਜੀਤ ਸਿੰਘ ਸ਼ੀਤਲ ਨੇ ਸੰਤ ਰੇਨ ਦੀਆਂ ਸ਼ੀਹਰਫੀਆਂ ਦੀ ਪੰਜਾਬੀ ਸ਼ੀਹਰਫੀਆਂ ਵਿਚ ਸੰਕਲਨਾ ਕਰਦਿਆਂ, ਇਸ ਕਾਲ ਨੂੰ ਪੰਜਾਬੀ ਸ਼ੀਹਰਫੀ ਦਾ ਸੋਨ-ਸੁਨਹਿਰੀ ਕਾਲ ਕਿਹਾ ਹੈ।ਸੰਤ ਰੇਨ ਦੀ ਕਵਿਤਾ ਵਿਚੋਂ ਕੁਝ ਨਮੂਨੇ, ਇਸ ਦੀ ਕਾਵਿ-ਕਲਾ ਤੇ ਰੂਪਾਕਾਰਕ ਚੇਤੰਨਤਾ ਬਾਰੇ ਸਪਸ਼ਟ ਕਰਦੇ ਹਨ :-

"ਸੀਨ-ਸਬਰ ਨਾ ਆਵਦਾ ਆਸ਼ਕਾਂ ਨੂੰ,
ਮੂੰਹ ਡਿ'ਠੇ ਬਿਨਾਂ ਸੋਹਣੇ ਯਾਰ ਦੇ ਜੀ।
ਸੂਹਣੇ ਯਾਰ ਬਿਨਾਂ ਉਨ੍ਹਾਂ ਚੈਨ ਨਾਹੀਂ,
ਮੂੰਹੋਂ ਯਾਰ ਈ ਯਾਰ ਪੁਕਾਰਦੇ ਜੀ।"

"ਸੁਆਦ-ਸੂਰਤ ਸੋਹਣੇ ਯਾਰ ਦੀ ਜੀ
ਸਾਡੇ ਦਿਲ ਤੋਂ ਜ਼ਰਾ ਨਾ ਭੁਲਦੀ ਜੀ।
ਦੁਖ ਯਾਰ ਦੇ ਮਾਰ ਬਿਹਾਲ ਕੀਤੀ,
ਡਾਢੀ ਵਾਉ ਵਿਛੋੜੇ ਦੀ ਘੁਲਦੀ ਜੀ।



ਜ਼ਰਾ ਯਾਰ ਕਦੀ ਮੇਰੇ ਵਲ ਵੇਖੇ,
ਬੂਹੇ ਯਾਰ ਦੇ ਤੇ ਮੈਂ ਸਾ ਰੁਲਦੀ ਜੀ।
ਸੰਤਰੇਨ ਮੈਨੂੰ ਮਿਲੇ ਯਾਰ ਪਿਆਰਾ,
ਤਾਂ ਮੈਂ ਵਾਰਸ ਹੋਵਾਂ ਕੁਲ ਦੀ ਜੀ।"

"ਉਲਫ਼-ਇਸ਼ਕ ਉਹੋ ਜੇਹੜਾ ਤੋੜ ਪਹੁੰਚੇ,
ਨਹੀਂ ਇਸ਼ਕ ਸਭੇ ਹੋਰ ਖਾਸ ਹੋਇਆ।
ਆਸ਼ਕ ਹੋਇਕੇ ਕਦਮ ਨੂੰ ਪਿੱਛੇ ਰ'ਖੇ,
ਉਹ ਤਾਂ ਇਥੇ ਉਥੇ ਬਦਨਾਮ ਹੋਇਆ।
ਜਿਹੜਾ ਮਹਵ ਹੋਇਆ ਨਾਲ ਯਾਰ ਦੇ ਜੀ,
ਉਸਦੇ ਦਿਲ ਨੂੰ ਕੁਲ ਆਰਾਮ ਹੋਇਆ।
ਸੰਤਰੇਨ ਮਿਲਿਆ ਜਿਹੜਾ ਯਾਰ ਨੂੰ ਜੀ,
ਉਹ ਲੋਕਾਂ ਕੋਲੋਂ ਗੁਮਨਾਮ ਹੋਇਆ।"

ਫ਼ਾਰਸੀ ਕਾਵਿ ਰੂਪ ਸ਼ੀਹਰਫ਼ੀ ਨੂੰ ਪੰਜਾਬੀ ਸਾਹਿਤ ਵਿਚ ਮਾਨਤਾ ਦਿਵਾਉਣ ਵਾਲਾ ਕਵੀ ਸੰਤ ਰੇਨ ਹੈ ਅਤੇ ਉਸਦੀਆਂ ਸ਼ੀਹਰਫ਼ੀਆਂ ਸੂਫ਼ੀਆਨਾ ਵਿਚਾਰਾਂ ਨੂੰ ਸਾਦ-ਮੁਰਾਦੀ ਭਾਸ਼ਾ ਵਿਚ ਪ੍ਰਸਤੁਤ ਕਰਦੀਆਂ ਹਨ।

ਕਵੀ ਕੇਸਰ ਸਿੰਘ ਛਿੱਬਰ ਜੰਮੂ ਦਾ ਰਹਿਣ ਵਾਲਾ ਸੀ ਅਤੇ ਇਥੇ ਹੀ ਰਘੂਨਾਥ ਮੰਦਰ ਨੇੜੇ ਵਾਲੀ ਥਾਂ ਤੇ ਉਨ੍ਹਾਂ ਦਾ ਘਰ ਹੁੰਦਾ ਸੀ, ਜੋ ਮਗਰੋਂ ਸੜ ਗਿਆ ਸੀ। ਜੰਮੂ ਨਿਵਾਸੀ ਹੋਣ ਕਾਰਣ ਹੀ ਕਵੀ ਨੇ ਵਡੇਰੀ ਉਮਰ ਵਿਚ ਆਪਣੇ ਜਨਮ ਸਥਾਨ ਤੇ ਆ ਕੇ ਆਪਣੇ ਕਾਵਿ ਗ੍ਰੰਥ 'ਬੰਸਾਵਲੀ-ਨਾਮਾ ਦਸਾਂ ਪਾਤਸ਼ਾਹੀਆਂ ਕਾ' ਦੀ ਰਚਨਾ ਕੀਤੀ। ਇਸ ਕਾਵਿ ਗ੍ਰੰਥ ਦੀ ਰਚਨਾ ਦਾ ਵਰ੍ਹਾ ੧੮੨੬ ਬਿਕਰਮੀ ਅਨੁਸਾਰ ੧੭੭੦ ਈਸਵੀ ਹੈ। ਇਹ ਤਾਰੀਖ ਉਸ ਖਰੜੇ ਦੇ ਆਧਾਰ ਤੇ ਮਿਥੀ ਗਈ ਹੈ ਜੋ ਕਿ ਡਾ. ਰਤਨ ਸਿੰਘ ਜੱਗੀ ਨੂੰ ਪ੍ਰੋ. ਕੁਲਵੰਤ ਸਿੰਘ, ਖਾਲਸਾ ਕਾਲਜ ਅੰਮ੍ਰਿਤਸਰ ਦੇ ਸਹਿਯੋਗ ਨਾਲ ਪ੍ਰਾਪਤ ਹੋਇਆ ਅਤੇ ਜਿਸਦੀ ਤੁਲਨਾ ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ ਸੁਰੱਖਿਅਤ ਖਰੜਾ ਨੰ: ੫੨੯੦ ਨਾਲ ਕੀਤੀ ਗਈ ਹੈ।

ਕੇਸਰ ਸਿੰਘ ਛਿੱਬਰ ਦੇ ਜਨਮ ਬਾਰੇ ਕੁਝ ਵੀ ਪਕਾ ਪਤਾ ਨਹੀਂ ਲਗਦਾ। ਪਰ ਇਸ ਕਾਵਿ ਗ੍ਰੰਥ ਦੇ ਅੰਦਰ ਕਈ ਪ੍ਰਕਾਰ ਦੇ ਸੰਕੇਤ ਜ਼ਰੂਰ ਮਿਲਦੇ ਹਨ।ਆਪਣੇ ਇਸ ਗ੍ਰੰਥ ਵਿਚ ਕੇਸਰ ਸਿੰਘ ਛਿੱਬਰ ਕਹਿੰਦੇ ਹਨ ਕਿ ੭੦ ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੇ ਇਹ ਕਾਵਿ ਗ੍ਰੰਥ ਬਣਾਇਆ ਹੈ ਅਤੇ ਸਾਰੀ ਉਮਰ ਉਨ੍ਹਾਂ ਨੇ ਇਸ ਗ੍ਰੰਥ ਨੂੰ ਬਣਾਉਣ ਵਿਚ ਸਾਧਨਾ ਕੀਤੀ।-

**"ਸੱਤਰ ਬਰਸ ਸੋਧ ਮੈਂ ਕੀਤੀ ਤਾਂ ਇਹ ਕਥਾ ਬਣਾਈ**

**ਦਿਲੀ ਦਰਬਾਰ ਮਾਤਾ ਜੀ ਦੇ ਜਾਇ ਬੈਠਾ ਕੁਝ ਉਥੋਂ ਸੁਣ ਮੰਨ ਵਸਾਈ।"**

**Check Your Progress**

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

1. ਸੰਤ ਰੇਨ ਨੇ ਆਪਣੀ ਗੱਲ ਕਹਿਣ ਲਈ ਕਵਿਤਾ ਦੀ ਕਿਸ ਵਿਧਾ ਨੂੰ ਅਪਨਾਇਆ ?
੨. ਕਵਿਤਾ ਦੇ ਕਿਸ ਰੂਪ ਨੂੰ ਸ਼ੀਹਰਫੀ ਕਿਹਾ ਜਾਂਦਾ ਹੈ ?
੩. ਮਧਕਾਲ ਵਿਚ ਰਿਆਸਤ ਦੀ ਸਮਾਜਿਕ ਸਥਿਤੀ ਕਿਹੋ ਜਿਹੀ ਸੀ ?

ਸੰਤ ਦਾਸ ਛਿੱਬਰ ਇਕ ਐਸਾ ਮਹਾਨ ਕਵੀ ਹੋਇਆ ਹੈ ਜਿਸਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਨੂੰ ਪਹਿਲੀ ਵਾਰ ਛੰਦ ਬਧ ਕਵਿਤਾ ਵਿਚ ਬਿਆਨਿਆ ਹੈ।ਇਸ ਕਵੀ ਦੇ ਜਨਮ ਅਤੇ ਮੌਤ ਦੀਆਂ ਤਾਰੀਖਾਂ ਦਾ ਕੋਈ ਵੇਰਵਾ ਨਹੀਂ ਮਿਲਦਾ ਪਰ ਇਸ ਗ੍ਰੰਥ ਅੰਦਰ ਗਵਾਹੀ ਹੈ ਕਿ ਇਸ ਕਾਵਿ ਗ੍ਰੰਥ ਦੀ ਰਚਨਾ ੧੯੩੪ ਬਿਕਰਮੀ ਅਨੁਸਾਰ ੧੭੭੭ ਈਸਵੀ ਵਿਚ ਸੰਪੂਰਨ ਹੋਈ।

"ਚੇਤ ਸੁ ਦਿਨ ਥਿਤ ਸਪਤਮੀ ਪੁਖ ਨਿਖਤ੍ਰ ਸਸੁਵਾਰ।
ਸੰਤ ਦਾਸ ਛਿੱਬਰ ਲਿਖੀ ਪੋਥੀ ਸੁਧਾ ਸਵਾਰ।
ਸੰਮਤ ਅਠ ਦਸ ਸੈ ਚਉਤੀਸ।
ਸਾਕਾ ਲਿਖਤੇ ਬਿਕ੍ਰਮਾਜੀਤ।"



ਇਨ੍ਹਾਂ ਕਵੀਆਂ ਤੋਂ ਇਲਾਵਾ ਬੀਰਮਸ਼ਾਹੀ ਸੰਤਾਂ ਨੇ ਵੀ ਪੰਜਾਬੀ ਵਿਚ ਕਵਿਤਾ ਕਹੀ ਹੈ। ਬੀਰਮਸ਼ਾਹੀ ਸੰਤਾਂ ਨੇ ਪੁਣਛ ਦੇ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਚੋਖਾ ਯੋਗਦਾਨ ਪਾਇਆ ਹੈ।ਇਕ ਪਾਸੇ ਨੰਗਾਲੀ ਸਾਹਿਬ ਨਾਲ ਸੰਬੰਧਿਤ ਸੰਤਾਂ ਨੇ ਸਿੱਖੀ ਦਾ ਪ੍ਰਚਾਰ ਕੀਤਾ ਭਾਵੇਂ ਉਹ ਆਪ ਕਵੀ ਨਹੀਂ ਸਨ ਪਰ ਦੂਜੇ ਪਾਸੇ ਬੀਰਮਸ਼ਾਹੀ ਸੰਤਾਂ ਨੇ, ਜੋ ਸਨ ਤਾਂ ਗੁਰਮਤਿ ਤੋਂ ਪ੍ਰਭਾਵਿਤ ਪਰ ਨਾਲ ਹੀ ਉਦਾਸੀ ਸੰਪ੍ਰਦਾਇ ਦਾ ਵੀ ਉਨ੍ਹਾਂ ਤੇ ਚੋਖਾ ਪ੍ਰਭਾਵ ਸੀ।ਸੋਨੇ ਤੇ ਸੁਹਾਗਾ ਇਹ ਹੈ ਕਿ ਉਨ੍ਹਾਂ ਵਿਚੋਂ ਪੰਜ ਪੀੜ੍ਹੀਆਂ ਤੱਕ ਸਾਰੇ ਦੇ ਸਾਰੇ ਸੰਤ ਉਚ ਪਾਏ ਦੇ ਕਵੀ ਹੋਏ ਹਨ। ਬਾਬਾ ਸਿੱਧ ਨਾਥ ਜੋ ਬੀਰਮਸ਼ਾਹੀ ਗੱਦੀ ਦੇ ਚੌਥੇ ਗੱਦੀਦਾਰ ਸਨ। ਇਨ੍ਹਾਂ ਨੇ ਸਮਾਜਿਕ ਪਖਪਾਤ ਦੇ ਵਿਰੁਧ ਆਵਾਜ਼ ਚੁਕੀ ਤੇ ਆਪਣੀ ਕਵਿਤਾ ਰਾਹੀਂ ਦਾਨ, ਦਇਆ, ਸਬਰ, ਸੰਤੋਖ ਅਤੇ ਰਾਮ ਨਾਮ ਦੀ ਮਹਿਮਾ ਦਾ ਪ੍ਰਚਾਰ ਕੀਤਾ। ਇਸ ਕਵੀ ਦੀ ਕਵਿਤਾ ਦੁਆਰਾ ਪਾਠਕ ਨੂੰ ਰੂਹ ਦੀ ਖੁਰਾਕ ਮਿਲਦੀ ਹੈ ਤੇ ਪ੍ਰਮਾਤਮਾ ਦੇ ਸਰੂਪ ਨੂੰ ਜਾਣਨ ਦੀ ਪ੍ਰੇਰਨਾ ਵੀ। ਆਪ ਦੀ ਕਵਿਤਾ ਦਾ ਢੰਗ ਸੰਬੋਧਨੀ ਹੈ :-

**" ਉਠ ਬੰਦੇ ਕੰਮ ਕਰ ਕਿਝ ਕਮਾਂ ਬਿਨ ਨਹੀਂ ਢੋਈ।**
**ਸਾਹ ਸਾਹ ਵੇਲਾ ਜਾਏ ਖੁੰਝ, ਚੁਪ ਰਿਹੈ ਖਲੋਈ ।**
**ਜਦ ਸਾਂਈ ਨੇ ਪੁਛਣਾ ਦਸੀਂ, ਕਿਹੜਾ ਕੰਮ ਨਹੀਂ ਕੀਤਾ।**
**ਤੂੰ ਰੋਏਂਗਾ, ਫਿਰ ਰੋਏਂਗਾ, ਆਪੇ ਆਪ ਚੁਪੀਤਾ।**
**ਬੰਦੇ ਦਾ ਦਿਲ ਰਬੀ ਘਰ ਹੈ, ਇਥੇ ਰਬ ਵੱਸਦਾ ।**
**ਬੈਠਾ ਹੈ ਦਰਬਾਰ ਲਗਾਈ, ਨਹੀਂ ਕੰਮਾਂ ਬਿਨ ਦੇਂਦਾ।**
**ਵੇਖ ਵੇਖ ਕੇ ਕੰਮ ਕੁਚਜੇ, ਡਾਢਾ ਦੁਖੀਆ ਦਿਸੇ ।**
**ਐਸੀ ਅਗ ਲਗਾਏਗਾ, ਜੋ ਹੋਲੀ ਨਾ ਦਿਸੇ ।**
**ਸਿੱਧ ਨਾਥ ਦਾ ਨਾਥ ਤੂੰ ਹੀ, ਉਹ ਮਾਲਕ ਸਿਰਜਨਹਾਰੇ ।**
**ਨਾਮ ਦਾਨ ਕਰ ਕਰਮ ਕਰਾਈਂ, ਅਰਜ਼ਾਂ ਦਾਸ ਗੁਜਾਰੇ ।"**

ਰੱਬ ਇਕੋ ਹੈ ਤੇ ਉਸਦੇ ਬਣਾਏ ਹੋਏ ਸੂਝਵਾਨ ਬੰਦੇ ਅਪਣੀ ਸਮਝ ਅਨੁਸਾਰ ਪੰਥ ਚਲਾਉਂਦੇ ਹਨ ਅਤੇ ਸੱਚ ਤੇ ਨੇਕੀ ਦੀ ਸਦਾ ਪ੍ਰਵਾਹ ਕਰਦੇ ਹਨ। ਕੋਈ ਧਰਮ, ਕੋਈ ਫਿਰਕਾ, ਕੋਈ ਸੰਪ੍ਰਦਾਇ ਮਾੜੀ ਨਹੀਂ। ਸਾਰੇ ਹੀ ਧਰਮ ਗ੍ਰੰਥ ਚੰਗੇ ਹਨ ਤੇ ਚੰਗੇ ਰਾਹ ਤੇ ਚਲਣ ਲਈ ਪ੍ਰੇਰਦੇ ਹਨ। ਪਰ ਕਈ ਬਾਰ ਬੰਦਾ ਧਰਮ ਨੂੰ ਗਲਤ ਰੰਗ ਵਿਚ ਲੈ ਕੇ ਪੇਸ਼ ਕਰਦਾ ਹੈ। ਫਿਰ ਨਤੀਜਾ ਇਹ ਹੁੰਦਾ ਹੈ ਕਿ ਬੁਰਿਆਈ, ਧੋਖਾ ਤੇ ਅਕ੍ਰਿਤਘਣਤਾ। ਇਹੋ ਜਿਹੇ ਭੈੜੇ ਬੰਦਿਆਂ ਨੂੰ ਖਬਰਦਾਰ ਕਰਨਾ ਮੱਧਕਾਲ ਦੇ ਕਵੀਆਂ ਨੇ ਅਪਣਾ ਫਰਜ਼ ਸਮਝ ਕੇ ਖੂਭ ਕੀਤਾ ਹੈ।ਬਾਬਾ ਸਿੱਧ ਨਾਥ ਕਹਿੰਦੇ ਹਨ:-

"ਰੱਬ ਨੂੰ ਬੰਦੇ ਆਪ ਬਣਾਏ, ਬੰਦੇ ਆ ਕੇ ਪੰਥ ਚਲਾਏ ।
ਧਰਮ ਬੁਰਾ ਨਹੀਂ ਕੋਈ ਪੰਥ, ਪੋਥੀ ਆਦਿ ਕੋਈ ਗ੍ਰੰਥ।
ਸਭ ਤੇ ਇਕੋ ਰਾਮ ਅਪਾਰ, ਸਭ ਦਾ ਸਚਾ ਕਰਨੇਹਾਰ।
ਪਰ ਬੰਦਿਆਂ ਨੇ ਕੀਤੇ ਕੰਮ, ਧਰਮਾਂ ਦੇ ਨਾਂ ਲਾਹੇ ਚੰਮ ।
ਝਗੜੇ ਮਾਰੇ ਲਹੂ ਵਗਾਏ, ਅਗ ਲਾਈ ਤੇ ਘਰ-ਬਾਰ ਢਾਏ।
ਮਜ਼ਹਬ ਪੰਥ ਸਭ ਇਹ ਦਰਸਾਏ, ਸਭ ਨੂੰ ਇਕੋ ਜਿਹਾ ਸਿਖਾਏ।
ਬਕਰੇ ਕੁਕੜ ਮਾਰ ਬਟੇਰੇ, ਕਦੀ ਨਾ ਖਾਂਦੇ ਸਾਹਿਬ ਮੇਰੇ ।
ਖੀਰ ਕੜਾਹ ਤੇ ਸਭ ਮਠਿਆਈ, ਆਪ ਬਣਾ ਕੇ ਆਪ ਖਾਈ।
ਨਾ ਬਲੀ ਤੇ ਹੋਰ ਫਸਾਦ, ਬਣ ਗਏ ਬੰਦੇ ਰੂਪ ਜਲਾਦ ।
ਸਿ"ਧ ਨਾਥ ਇਕ ਰਾਮ ਨਾਮ ਬਿਨ, ਫਿਰਦੇ ਭਾਉਂਦੇ ਨਗਰੀ ਬਨ ਘਨ।"

ਬਾਬਾ ਸਿੱਧ ਨਾਥ ਦੀ ਕਵਿਤਾ ਕਿਸੇ ਇਕ ਵਿਚਾਰਧਾਰਾ ਨਾਲ ਬੱਝੀ ਹੋਈ ਨਹੀਂ ਹੈ। ਉਦਾਸੀ ਸੰਪ੍ਰਦਾਇ, ਹਿੰਦੂ ਮਿਥਿਹਾਸ, ਭਗਤ ਕਵੀਆਂ ਵਾਲਾ ਪਰਚਾਰ ਢੰਗ, ਤੇ ਗੁਰਮਤਿ ਵਿਚਾਰਧਾਰਾ ਸਭ ਕੁਝ ਰਲ-ਗੱਡ ਹੋਇਆ ਪਿਆ ਹੈ। ਭਾਵੇਂ ਇਨ੍ਹਾਂ ਦੀ ਕਵਿਤਾ ਤੇ ਗੁਰਮਤਿ ਦਾ ਅਸਰ ਦੇਖਿਆ ਜਾ ਸਕਦਾ ਹੈ ਪਰ ਇਸ ਦੇ ਬਾਵਜੂਦ ਉਹ ਸਿਰਫ ਸਦਾਚਾਰ ਤੇ ਹੀ ਜ਼ੋਰ ਦਿੰਦੇ ਹਨ ਅਤੇ ਇਨ੍ਹਾਂ ਦੀ ਕਵਿਤਾ ਵਿਚ ਦਰਸ਼ਨ ਵਾਲੀ ਕੋਈ ਗੱਲ ਨਹੀਂ। ਇਸ ਤੋਂ ਇਲਾਵਾ ਬਾਬਾ ਮੌਜ ਸਿੰਘ ਤੇ ਬਾਬਾ ਬਾਘ ਸਿੰਘ ਦੀ ਕਵਿਤਾ ਵੀ ਸਦਾਚਾਰਕ ਗੁਣਾਂ ਤੇ ਜ਼ੋਰ ਦਿੰਦੀ ਹੈ। ਬਾਬ ਮੌਜ ਸਿੰਘ ਸੰਤ ਸੰਪ੍ਰਦਾਇ ਨਾਲ ਸੰਬੰਧਿਤ ਹੋਣ ਕਰਕੇ ਪਖੰਡ ਤੇ ਦਿਖਾਵੇ ਤੋਂ ਲੋਕਾਂ ਨੂੰ ਖ਼ਬਰਦਾਰ ਕਰਨਾ ਆਪਣ ਫਰਜ਼ ਸਮਝਦੇ ਹਨ। ਉਹ ਜਾਦੂ, ਟੂਣੇ ਤੇ ਹੋਰ ਢੰਗਾਂ ਦੀ ਨਿੰਦਿਆ ਕਰਦੇ ਹਨ ਅਤੇ ਨਾਲ ਹੀ ਨਾਲ ਧਰਮ ਦੇ ਨਾਂ ਤੇ ਹੋ ਰਹੀ ਲੁੱਟ-ਖੱਸੁਟ ਤੇ ਹਰਾਮਖੋਰੀ ਤੋਂ ਵੀ ਪਰਦਾ ਲਾਹੁਣ ਦਾ ਕੰਮ ਕਰਦੇ ਹਨ। ਉਹ ਕਹਿੰਦੇ ਹਨ :-

ਮੁਲਾਂ ਦੀ ਨਿਮਾਜ਼ ਹੈ ਝੂਠੀ, ਝੂਠ ਸਾਰਾ ਧੰਦਾ।
ਜੀਵ ਜੀਵ ਨੂੰ ਕੋਹ ਕੇ ਖਾਏ, ਸੋ ਜੀਵ ਹੈ ਗੰਦਾ।
ਪੰਡਤ ਖਾਏ ਖੀਰਾਂ ਹੁੰਦੇ, ਮਾਰੇ ਸੁਕੇ ਡਾਂਬੇ ।
ਭਾਈ ਹੋਰਾਂ ਦੀ ਲੁੱਟ ਕੇ ਖਾਧਾ ਆਦਮ ਹੋ ਕੇ ਲਾਂਭੇ।
ਪਰ ਧਰਮਾਂ ਦਾ ਨਾ ਬੇਰ ਕੇ, ਜਿਹੜੇ ਧਰਮੀ ਖਾਵਣ।
ਤਿਸ ਧਰਮ ਦੀ ਛਾਤੀ ਅੰਦਰ, ਤਿਖੀ ਛੁਰੀ ਲੰਘਾਵਣ।"



ਮੱਧਕਾਲ ਦੀ ਰਿਆਸਤੀ ਪੰਜਾਬੀ ਕਵਿਤਾ ਸਦਾਚਾਰਕ ਗੁਣਾਂ ਦਾ ਪ੍ਰਚਾਰ ਕਰਦੀ ਹੋਈ ਆਮ ਲੋਕਾਈ ਨੂੰ ਵਹਿਮਾਂ-ਭਰਮਾਂ ਤੋਂ ਬਾਹਰ ਕ'ਢਣ ਦਾ ਯਤਨ ਕਰਦੀ ਹੈ। ਇਸ ਕਵਿਤਾ ਦੀ ਖ਼ਾਸੀਅਤ ਇਹ ਵੀ ਹੈ ਕਿ ਇਸ ਦੀ ਭਾਸ਼ਾ ਅ'ਜ ਦੀ ਪੰਜਾਬੀ ਦੇ ਬਹੁਤ ਨੇੜੇ ਹੈ। ਆਰੰਭਿਕ ਦੌਰ ਦੇ ਕਵੀਆਂ ਨੇ ਸਰਲ, ਮਿੱਠੀ ਤੇ ਆਮ ਬੋਲ-ਚਾਲ ਦੀ ਭਾਸ਼ਾ ਵਰਤ ਕੇ, ਲੋਕਾਂ ਨੂੰ ਆਪਣੇ ਅਸਲੀ ਮੰਤਵ ਨੂੰ ਸਮਝਣ ਤੇ ਵਿਰਸੇ ਨੂੰ ਸੰਭਾਲਣ ਦੀ ਪ੍ਰੇਰਨਾ ਦਿ'ਤੀ ਹੈ।

## 3.4 Summary (ਨਿਸ਼ਕਰਸ਼)

ਇਸ ਸੰਖੇਪ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਿਆਸਤੀ ਪੰਜਾਬੀ ਕਵਿਤਾ ਦਾ ਆਰੰਭ ਅਧਿਆਤਮਕ ਕਵਿਤਾ ਨਾਲ ਹੁੰਦਾ ਹੈ। ਇਸ ਕਵਿਤਾ ਵਿਚ ਸਦਾਚਾਰਕ ਗੁਣਾਂ ਦੇ ਪ੍ਰਚਾਰ ਉਤੇ ਬਲ ਦਿੱਤਾ ਗਿਆ ਮਿਲਦਾ ਹੈ। ਇਹ ਕਵਿਤਾ ਆਮ ਲੋਕਾਂ ਲਈ ਹੋਣ ਕਰਕੇ ਆਮ ਬੋਲ-ਚਾਲ ਦੀ ਭਾਸ਼ਾ ਦੁਆਰਾ ਹੋਂਦ ਗ੍ਰਹਿਣ ਕਰਦੀ ਹੈ। ਇਹ ਗੱਲ ਵੀ ਸਪਸ਼ਟ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਰਿਆਸਤੀ ਪੰਜਾਬੀ ਕਵਿਤਾ ਆਪਣੇ ਆਰੰਭ ਤੋਂ ਹੀ ਆਪਣੀ ਵੱਖਰੀ ਪਹਿਚਾਣ ਬਣਾਉਣ ਵਿਚ ਕਾਮਯਾਬ ਰਹਿੰਦੀ ਹੈ।

## 3.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਆਰੰਭ - ਸ਼ੁਰੂਆਤ
ਪੰਥ - ਧਰਮ ਦਾ ਰਸਤਾ
ਬਿਹਾਲ - ਬੇ-ਹਾਲ (ab-normal)
ਮੁੱਖਧਾਰਾ - main stream

## 3.6 Lesson End Exercise

1. ਰਿਆਸਤੀ ਪੰਜਾਬੀ ਕਵਿਤਾ ਦੇ ਆਰੰਭ ਬਾਰੇ ਜਾਣਕਾਰੀ ਦਿਉ।
2. ਰਿਆਸਤ ਦੇ ਪਹਿਲੇ ਦੌਰ ਦੇ ਪੰਜਾਬੀ ਕਵੀਆਂ ਬਾਰੇ ਚਰਚਾ ਕਰੋ।
3. ਆਰੰਭਿਕ ਦੌਰ ਦੀ ਪੰਜਾਬੀ ਕਵਿਤਾ ਤੋਂ ਸਾਨੂੰ ਉਸ ਸਮੇਂ ਦੇ ਸਮਾਜ ਬਾਰੇ ਕਿਹੋ-ਜਿਹੀ ਜਾਣਕਾਰੀ ਮਿਲਦੀ ਹੈ ? ਉਦਾਹਰਣਾ ਸਹਿਤ ਦੱਸੋ।

### 3.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿਲੀ। 2003।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


### 3.8 Suggested Further Readings (ਵਿਦਿਆਰਥੀਆਂ ਲਈ ਅਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਕਵਿਤਾ ਦੇ ਆਰੰਭ ਬਾਰੇ ਹੋਰ ਜਾਨਣ ਲਈ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਅਤੇ ਮੱਧਕਾਲ ਦੇ ਸਮਾਜ ਅਤੇ ਰਾਜਨੀਤੀ ਨੂੰ ਵੀ ਸਮਝਣ ਦਾ ਯਤਨ ਕਰਨ ਤਾਂ ਕਿ ਉਹ ਉਨ੍ਹਾਂ ਪ੍ਰਸਥਿਤੀਆਂ ਨੂੰ ਵੀ ਜਾਣੂ ਹੋ ਸਕਣ ਜੋ ਕਵੀਆਂ ਨੂੰ ਪ੍ਰੇਰਿਤ ਕਰਦੀਆਂ ਰਹੀਆਂ ਹਨ। ਜਿਨ੍ਹਾਂ ਪ੍ਰਸਥਿਤੀਆਂ ਨੂੰ ਨਜੀਠਨ ਅਤੇ ਸਮਾਜਿਕ ਇਕ-ਸਾਰਤਾ ਲਿਆਉਣ ਲਈ ਕਵੀ ਆਪਣੀਆਂ ਕਵਿਤਾ ਨੂੰ ਰਾਮ-ਬਾਨ ਹਥਿਆਰ ਵਜੋਂ ਵਰਤਦੇ ਰਹੇ ਹਨ।

....................



## 'ਰਿਆਸਤੀ ਪੰਜਾਬੀ ਕਵਿਤਾ ਦਾ ਵਿਕਾਸ '

**Unit : 1** **Lesson No. : 4**

**Structure :**

4.1 Introduction (ਜਾਣ-ਪਛਾਣ)

4.2 Objective (ਉਦੇਸ਼)

4.3 Content (ਰਿਆਸਤੀ ਪੰਜਾਬੀ ਕਵਿਤਾ ਦਾ ਵਿਕਾਸ )

4.4 Summary (ਨਿਸ਼ਕਰਸ਼)

4.5 Glossary/Keywords (ਔਖੇ ਸ਼ਬਦਾਂ ਦੇ ਅਰਥ)

4.6 Lesson End Exercise

4.7 References (ਸਹਾਇਕ ਗ੍ਰੰਥਾਵਲੀ)

4.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

## 4.1 Introduction (ਜਾਣ-ਪਛਾਣ)

ਰਿਆਸਤੀ ਪੰਜਾਬੀ ਕਵਿਤਾ ਜਿਥੇ ਮੱਧਕਾਲ ਵਿਚ ਸੰਤਾਂ, ਆਗੂਆਂ, ਸੂਫੀਆਂ ਆਦਿ ਕਵੀਆਂ ਦੁਆਰਾ ਲਿਖੀ ਜਾਂਦੀ ਰਹੀ ਹੈ ਉਥੇ ਆਧੁਨਿਕ ਕਾਲ ਵਿਚ ਬੁੱਧੀਜੀਵੀ ਵਰਗ ਦੇ ਨਾਲ-ਨਾਲ ਆਮ ਤੇ ਸਾਧਾਰਨ ਵਿਅਕਤੀਆਂ ਰਾਹੀਂ ਵੀ ਲਿਖੀ ਤੇ ਪ੍ਰਚਾਰੀ ਜਾਂਦੀ ਰਹੀ ਹੈ। ਜਿਸ ਕਾਰਣ ਇਹ ਅਧਿਆਤਮਵਾਦ ਅਤੇ ਹੋਰ ਸਦਾਚਾਰਕ ਮੁੱਲਾਂ ਦੇ ਪ੍ਰਚਾਰ ਦੇ ਘੇਰੇ ਤੋਂ ਬਾਹਰ ਨਿਕਲ ਸਕੀ । ਅਜੋਕੀ ਪੰਜਾਬੀ ਕਵਿਤਾ ਆਧੁਨਿਕ ਬੋਧ ਨੂੰ ਸਵੀਕਾਰਦੀ ਹੋਈ ਵਿਕਾਸ ਦੀਆਂ ਪੌੜੀਆਂ ਚੜਦੀ ਹੋਈ, ਆਪਣੇ ਆਪ ਨੂੰ ਮੁੱਖਧਾਰਾ ਦੀ ਪੰਜਾਬੀ ਕਵਿਤਾ ਦੇ ਹਾਨ, ਬਰਾਬਰ ਦੀ ਕਰਨ ਵਿਚ ਕਾਮਯਾਬ ਰਹੀ ਹੈ।

## 4.2 Objective (ਉਦੇਸ਼)

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ ਰਿਆਸਤੀ ਪੰਜਾਬੀ ਕਵਿਤਾ ਦੇ ਵਿਕਾਸ ਤੋਂ ਜਾਣੂ ਕਰਵਾਉਣਾ ਹੈ ਤਾਂਕਿ ਵਿਦਿਆਰਥੀਆਂ ਨੂੰ ਕਵਿਤਾ ਦੇ ਵਿਕਾਸ ਦੇ ਨਾਲ-ਨਾਲ ਉਨ੍ਹਾਂ ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਬਾਰੇ ਵੀ ਪਤਾ ਲਗ ਸਕੇ, ਜੋ ਸਮੇਂ-ਸਮੇਂ ਸਿਰ ਸਾਹਿਤ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਹਨ।

## 4.3 Content (ਰਿਆਸਤੀ ਪੰਜਾਬੀ ਕਵਿਤਾ ਦਾ ਵਿਕਾਸ )

੨੦ਵੀਂ ਸਦੀ ਤੋਂ ਪਹਿਲਾਂ ਦੀ ਰਿਆਸਤੀ ਪੰਜਾਬੀ ਕਵਿਤਾ ਨੂੰ ਅਸੀਂ ਮੱਧਕਾਲ ਦਾ ਨਾਂ ਦਿੰਦੇ ਹਾਂ, ਜੋ ਪੁਰਾਤਣ ਕਾਵਿ ਦੀ ਪ੍ਰਤੀਨਿਧਤਾ ਕਰਦੀ ਹੈ।੧੯੦੦ ਇਸਵੀ ਤੋਂ ਬਾਅਦ ਦੀ ਰਿਆਸਤੀ ਪੰਜਾਬੀ ਕਵਿਤਾ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ। ਪਹਿਲਾਭਾਗ ੧੯੦੦ ਤੋਂ ੧੯੪੭ ਇਸਵੀ ਤੱਕ ਦਾ ਅਤੇ ਦੂਜਾ ੧੯੪੭ ਇਸਵੀ ਤੋਂ ਬਾਅਦ ਦਾ। ਜਦ ਅਸੀਂ ਪਹਿਲੇ ਭਾਗ ਨੂੰ ਦੇਖਦੇ ਹਾਂ ਤਾਂ ਰਿਆਸਤੀ ਪੰਜਾਬੀ ਕਵੀਆਂ ਵਿਚ ਕਾਵਿ ਸਿਰਜਣਾ ਅਤੇ ਉਸਦੀ ਸਾਂਭ-ਸੰਭਾਲ ਪ੍ਰਤੀ ਕੋਈ ਵਿਸ਼ੇਸ਼ ਚੇਤਨਤਾ ਨਜ਼ਰੀ ਨਹੀਂ ਆਉਂਦੀ।ਇਕ ਤਾਂ ਇਹ ਵੀ ਧਿਆਨ ਰਖਣਾ ਜ਼ਰੂਰੀ ਹੈ ਕਿ ੧੯੪੭ ਵਿਚ ਹੋਈ ਦੇਸ਼ ਵੰਡ ਨੇ ਜੰਮੂ-ਕਸ਼ਮੀਰ ਨੂੰ ਵੀ ਦੋ ਹਿੱਸਿਆਂ ਵਿਚ ਵੰਡਿਆ ਹੈ।ਉਸ ਦੌਰਾਨ ਜੰਮੂ-ਕਸ਼ਮੀਰ ਤੇ ਹੋਏ ਕਬਾਇਲੀ ਹਮਲੇ ਵਿਚ ਪੰਜਾਬੀਆਂ ਦਾ ਬਹੁਤ ਭਾਰੀ ਗਿਣਤੀ ਵਿਚ ਜਾਨੀ ਤੇ ਮਾਲੀ ਨੁਕਸਾਨ ਹੋਇਆ। ਇਹ ਵੀ ਹੋ ਸਕਦਾ ਹੈ ਕਿ ਉਸ ਦੌਰਾਨ ਰਿਆਸਤੀ ਪੰਜਾਬੀ ਸਾਹਿਤ ਵੀ ਵੰਡ ਦੀ ਭੇਂਟ ਚੜ੍ਹ ਗਿਆ ਹੋਏ।ਪਰ ਜੋ ਵੀ ਸਾਹਿਤ ਸਾਨੂੰ ਪ੍ਰਾਪਤ ਹੁੰਦਾ ਹੈ, ਉਸ ਦੇ ਆਧਾਰ ਤੇ ਕੀਤੇ ਮੁਲਾਂਕਣ ਤੋਂ ਇਹ ਪਤਾ ਲਗਦਾ ਹੈ ਕਿ ਕੁਝ ਇਕ ਸ਼ਾਇਰ ਰਵਾਇਤੀ ਪੱਧਰ ਦੀ ਆਦਰਸ਼ਵਾਦੀ-ਸੁਧਾਰਵਾਦੀ ਕਵਿਤਾ ਰਚ ਰਹੇ ਸਨ।ਇਨ੍ਹਾਂ ਕਵੀਆਂ ਦਾ ਕੋਈ ਵਿਸ਼ੇਸ਼ ਮਨੋਰਥ ਨਜ਼ਰੀ ਨਹੀਂ ਆਉਂਦਾ। ਇਹ ਕਵੀ ਨਾ ਤਾਂ ਵਿਸ਼ਵੀ ਬੋਧ ਤੋਂ ਜਾਣੂ ਲਗਦੇ ਹਨ ਅਤੇ ਨਾ ਹੀ (ਕੁਝ ਇਕ ਨੂੰ ਛੱਡ ਕੇ) ਕਾਵਿ ਸਿਰਜਣਾ ਦੇ ਨੇਮਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ।ਇਸ ਲਈ ਇਸ ਦੌਰ ਦੀ ਰਿਆਸਤੀ ਪੰਜਾਬੀ ਕਵਿਤਾ ਨਾ ਤਾਂ ਮੱਹਤਵ ਹਾਸਿਲ ਕਰ ਸਕੀ ਨਾ ਹੀ ਸੰਭਾਲੀ ਜਾ ਸਕੀ। ੧੯੪੭ ਇਸਵੀ ਤੋਂ ਪਹਿਲਾਂ ਦੀ ਕਵਿਤਾ ਦੇ ਕੁਝ ਨਮੂਨੇ ਇਸ ਪ੍ਰਕਾਰ ਹਨ :-



" ਨਾਲੇ ਧੰਨ ਹੋਵੇ ਨਾਲੇ ਰੰਨ ਹੋਵੇ,
ਧੀਆਂ ਪੁੱਤ-ਪੋਤੇ ਕੋਲ ਰਹਿਣ ਨਾਲੇ।
ਕਰਕੇ ਚੋਰੀਆਂ ਠੱਗੀਆਂ ਹੋਈ ਕ'ਠੀ,
ਦੌਲਤ ਵੇਖ ਸਾਰੇ ਢੁੱਕ ਬਹਿਣ ਨਾਲੇ।
ਕੋਈ ਮਰੇ ਜੰਮੇ ਕੋਈ ਹੋਏ ਮਾਂਦਾ,
ਭੁਖ ਭੈੜ ਵਾਲਾ ਦੁਖ ਸਹਿਣ ਨਾਲੇ।" ( ਮਥਰਾ ਦਾਸ ਮੋਹਨ )

" ਵੱਵਾ-ਆਖੇ ਵਾਹ ਸੋਹਣੀ, ਦੁਨੀਆ ਰੱਬ ਬਣਾਈ ਏ।
ਫਲ ਖਾਣੋਂ, ਫੁਲ ਸੁੰਘਣੇ ਵੱਲੋਂ, ਕੀਤੀ ਨਹੀਂ ਮਨਾਹੀ ਏ।
ਮ'ਖੀ ਵਾਂਗ ਨਾ ਫਸਣਾ ਰਾਬੇ, ਇਹੋ ਬੜੀ ਦਾਨਾਈ ਏ।
ਰਖੀਂ ਯਾਦ ਸਦਾ ਰਿਹ ਪ੍ਰੀਤਮ, ਮਰਨਾ ਸਭ ਲੋਕਾਈ ਹੈ।" ( ਪ੍ਰੀਤਮ ਸਿੰਘ ਪ੍ਰੀਤਮ )

" ਰਹਿਣੀ ਬਹਿਣੀ ਸੁਭਾਹ ਗੁਣ ਚੰਗਿਆਂ ਦੇ,
ਪਾ ਪਾ ਪੂਰਨੇ ਖੂਬ ਸਖਾਲਦਾ ਏ।
ਯਾਦਗਾਰ ਸੰਸਾਰ ਅਟਲ ਰੈਹਸੀ,
ਬੁੱਧ ਸਿੰਘ ਵਸਾਹ ਕੀ ਕਾਲ ਦਾ ਏ।" ( ਬੁ'ਧ ਸਿੰਘ ਗਿਆਨੀ )

" ਇਕ ਵਾਰੀ ਔੜੀ ਔਰ ਹਾਲ ਮਾੜਾ ਦਿੱਖੀ ਗੱਛ,
ਮਾਸੈ ਨਾ ਨ ਲਾਸ ਰਿਹਾ ਪਿੰਜਰਾ ਈ ਸੁਕਿਆ।
ਤੂੜੀਆਂ ਉਦੀਕਾਂ ਵਿਚ ਅੜੀ ਹੋਈ ਜਾਨ ਮਾੜੀ,
ਦਾਣਾ ਪਾਣੀ ਸੁਦਨਾ ਚਰੋਕਣਾ ਏ ਮੁਕਿਆ। ( ਦਲੀਪ ਸਿੰਘ ਸੂਦਨ )

**Check Your Progress**

Note: I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਜਨ ਸਾਧਾਰਨ ਕਵੀ ਕਿਸ ਸਮੇਂ ਤੋਂ ਬਾਅਦ ਰਿਆਸਤੀ ਪੰਜਾਬੀ ਕਵਿਤਾ ਵਿਚ ਸਾਹਮਣੇ ਆਉਂਦੇ ਹਨ ?

੨. ਕਿਸ ਦੌਰ ਤੋਂ ਬਾਅਦ ਕਵੀਆਂ ਵਿਚ ਸਾਹਿਤ ਪ੍ਰਤੀ ਸਾਂਭ-ਸੰਭਾਲ ਦੀ ਚੇਤਨਾ ਪੈਦਾ ਹੁੰਦੀ ਹੈ ?

੩. ੧੯੪੭ ਦੀ ਵੰਡ ਤੋਂ ਪਹਿਲਾਂ ਦੀ ਕਵਿਤਾ ਕਿਸ ਵਾਦ ਨਾਲ ਜੋੜੀ ਜਾਂਦੀ ਹੈ ?

੧੯੪੭ ਈਸਵੀ ਤੋਂ ਬਾਅਦ ਰਿਆਸਤ ਦੇ ਸਮੁੱਚੇ ਕਵੀਆ ਵਿਚ, ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਪ੍ਰਤੀ ਚੇਤੰਨਤਾ ਆਉਂਦੀ ਹੈ। ਇਨ੍ਹਾਂ ਵਿਚੋਂ ਲੇਖਕਾਂ ਦੀ ਇਕ ਵੱਡੀ ਗਿਣਤੀ ਵੰਡ ਦੀ ਤ੍ਰਾਸਦੀ ਨੂੰ ਆਪ ਭੋਗਦੀ ਹੈ।ਉਜੜਣ ਅਤੇ ਮੁੜ ਵਸੇਬ ਦੀ ਪ੍ਰਕਿਰਿਆ ਚੋਂ ਗੁਜਰਦੇ ਹਨ।ਜਿਸ ਦਾ ਦਰਦ ਅੱਜ ਤੱਕ ਦੇਖਣ ਨੂੰ ਮਿਲਦਾ ਹੈ, ਇਥੇ ਤੱਕ ਕਿ ਲੇਖਕਾਂ ਦੀ ਜੋ ਪੀੜ੍ਹੀ ਇਸ ਵੰਡ ਤੋਂ ਬਾਅਦ ਪੈਦਾ ਹੋਈ ਹੈ, ਉਨ੍ਹਾਂ ਦੀ ਕਵਿਤਾ ਵਿਚ ਵੀ ਉਹ ਸ਼ਿੱਦਤ ਬਰਕਰਾਰ ਹੈ, ਜਿਸ ਨਾਲ ਉਜੜਣ ਦੇ ਦਰਦ ਨੂੰ ਸਹਿਜੇ ਹੀ ਪਹਿਚਾਣਿਆ ਜਾ ਸਕਦਾ ਹੈ।

"ਘਾੜੀਏ ਚ ਸੂਈ ਤਾਜੀ ਕੁੱਤੀ
ਛੇ ਮਝਾਂ ਲੈਰੀਆਂ, ਤ੍ਰੈਅ ਵਾਂਦਾਂ ਨੀਆਂ ਜੋੜੀਆਂ
ਸਭ ਛੋੜੀਆਂ, ਅਸ ਨਿਕਲੀ ਆਇਆਂ

...................................

ਹੁਣ ਮੈਂ ਕਾਫਲਾ ਸਾਂ
ਰਾਹ ਚ ਥਕੇਮਾਂ ਢਾਇਆ
ਰਾਹ ਚ ਭੁਖ ਖਾਦੀ
ਰਾਹ ਚ ਤ੍ਰੇਹ ਪੀਤੀ
ਰਾਹ ਚੜ੍ਹੈਰ ਭੁਲਿਆ
ਰਾਹ ਚਕੈਰ ਭੁਲਿਆ
ਪਿਛਲੇ ਪੈਰ ਭੁਲਿਆ
ਕਿੰਨੇ ਢਹਿਣੇ ਗਏ
ਥਕਨੇ-ਬਹਿਨੇ ਗਏ



ਛੁਟਨੇ-ਰਹਿਨੇ ਗਏ
ਅਸ ਨਿਕਲੀ ਆਇਆਂ।" (ਸਵਾਮੀ ਅੰਤਰਨੀਰਵ )

੧੯੪੭ ਤੋਂ ਬਾਅਦ ਰਿਆਸਤ ਵਿਚ ਪੰਜਾਬੀ ਕਵੀਆਂ ਦੀ ਗਿਣਤੀ ਵੱਧਣ ਲਗਦੀ ਹੈ ਅਤੇ ਪੁਸਤਕਾਂ ਦਾ ਪ੍ਰਕਾਸ਼ਨ ਵੀ ਹੋਣ ਲਗਦਾ ਹੈ।ਪਰ ਵਧੇਰੇ ਕਵੀ ਮੁੱਖਧਾਰਾ ਨਾਲੋਂ ਅਲਗ-ਥਲਗ ਹੀ ਰਹਿੰਦੇ ਹਨ, ਜਿਸ ਕਾਰਣ ਉਹ ਸਮੁੱਚੀ ਪੰਜਾਬੀ ਕਾਵਿਧਾਰਾ ਦੇ ਅੰਗ-ਸੰਗ ਤਾਂ ਕੀ, ਉਸਦੇ ਮੇਚ ਦੀ ਕਵਿਤਾ ਸਿਰਜਣ ਤੋਂ ਵੀ ਅਸਮਰਥ ਰਹਿੰਦੇ ਹਨ।ਇਸਦਾ ਮੂਲ ਕਾਰਣ ਰਿਆਸਤ ਵਿਚ ਪ੍ਰੱਮੁਖ ਧਾਰਾ ਦੇ ਸਾਹਿਤ ਦੀ ਅਣ-ਹੋਂਦ ਵੀ ਕਹੀ ਜਾ ਸਕਦੀ ਹੈ।ਪਰ ਹੁਣ ਕੁਝ ਕਵੀ ਇਸ ਪ੍ਰਤੀ ਜਾਗਰੂਕ ਰਹਿ ਕੇ, ਮੁੱਖਧਾਰਾ ਦੇ ਨਾਲ-ਨਾਲ ਚਲਦੇ ਵੀ ਨਜ਼ਰੀ ਆਉਂਦੇ ਹਨ। ਇਸ ਲਈ ਇਸ ਦੌਰ ਦੀ ਕਵਿਤਾ ਵਿਚ ਪਰੰਪਰਕ ਅੰਸ਼ਾਂ ਦੇ ਨਾਲ-ਨਾਲ, ਆਧੁਨਿਕ ਚੇਤਨਾ ਦਾ ਆਭਾਸ ਵੀ ਹੁੰਦਾ ਹੈ, ਜੋ ਵਧੇਰੇ ਕਰਕੇ ਪ੍ਰਗਤੀਵਾਦੀ ਸੁਰ ਦੀ ਲਖਾਇਕ ਹੈ।ਕੁਝ ਕਵੀਆਂ ਨੇ,ਗਜ਼ਲਾਂ ਲਿਖ ਕੇ ਅਤਿ ਆਧੁਨਿਕ ਹੁਣ ਦਾ ਪ੍ਰਮਾਣ ਵੀ ਦਿੱਤਾ ਹੈ।ਇਸ ਕਾਲ ਵਿਚ ਰਿਆਸਤੀ ਪੰਜਾਬੀ ਕਵਿਤਾ ਦੀ ਪ੍ਰਤੀਨਿਧਤਾ ਕਰਨ ਵਾਲੇ ਕਵੀਆਂ ਦਾ ਵੇਰਵਾ ਇਸ ਪ੍ਰਕਾਰ ਹੈ।:-

ਰਿਆਸਤ ਦੇ ਪੰਜਾਬੀ ਕਵੀ ਵਿਚ 'ਸੁਰਜੀਤ ਸਖੀ' ਦਾ ਨਾਂ ਕਿਸੇ ਜਾਣ-ਪਹਿਚਾਣ ਦਾ ਮੁਹਥਾਜ ਨਹੀਂ ਹੈ।ਹੁਣ ਤੱਕ ਉਨ੍ਹਾਂ ਦੇ ਲਗਭਗ ਪੰਜ ਕਾਵਿ-ਸੰਗ੍ਰਹਿ ਛੱਪ ਚੁਕੇ ਹਨ।ਆਧੁਨਿਕ ਰਿਆਸਤੀ ਪੰਜਾਬੀ ਕਵੀਆਂ ਵਿਚ ਸ਼ਾਇਦ ਉਹ ਪਹਿਲੀ ਕਵੀਤ੍ਰੀ ਹੈ ਜਿਸ ਨੂੰ ਗਜ਼ਲ ਵਿਧਾ ਦੀ ਪੂਰੀ ਸਮਝ ਹੈ। ਉਹ ਵਜ਼ਨ-ਬੈਹਰ, ਕਾਫੀਆ-ਰਦੀਫ ਆਦਿ ਦੀ ਪਾਬੰਦੀ ਨੂੰ ਪੂਰੀ ਇਮਾਨਦਾਰੀ ਨਾਲ ਆਪਣੀਆਂ ਗਜ਼ਲਾਂ ਵਿਚ ਨਿਭਾਉਂਦੀ ਹੈ। ਇਨ੍ਹਾਂ ਦੀਆਂ ਗਜ਼ਲਾਂ ਵਿਚ ਖਿਆਲਾਂ ਦੀ ਉਡਾਰੀ ਵੀ ਨਜ਼ਰ ਆਉਂਦੀ ਹੈ। ਉਹ ਸੰਪ੍ਰਦਾਇਕਤਾ ਫੈਲਾਨ ਵਾਲਿਆਂ ਤੋਂ ਸੁਚੇਤ ਹੋਣ ਦਾ ਹੋਕਾ ਆਪਣੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦਿੰਦੀ ਹੈ :-

"ਇਹ ਚੁੰਨੀਆਂ, ਸਾੜ੍ਹੀਆਂ ਦੇ ਪੱਲੂ, ਇਹ ਪਗੜੀਆਂ, ਟੋਪੀਆਂ ਦੇ ਟੋਟੇ,
ਉਹ ਸਿਰਫ਼ ਸੇਕੇਗਾ ਹਥ ਆਪਣੇ, ਜੋ ਢੇਰ ਇਹਨਾਂ ਦੇ ਲਾ ਰਿਹਾ ਹੈ ।
ਉਹੀ ਮੁੱਹਬਤ ਦੇ ਸਰਦ ਨਗਮੇ, ਉਹੀ ਨੇ ਏਕੇ ਦੇ ਜ਼ਰਦ ਨ੍ਹਾਰੇ,
ਹੈ ਪਰ ਹਕੀਕਤ, ਹਮੇਸ਼ ਤੇਰੀ, ਛੁਰੀ ਤੇ ਮੇਰਾ ਗਲਾ ਰਿਹਾ ਹੈ।"

ਰਿਆਸਤ ਦੀ ਮੌਜੂਦਾ ਕਵਿਤਾ ਸਿਰਫ ਆਂਚਲਿਕਤਾ ਨੂੰ ਦਰਸ਼ਾਉਣ ਦਾ ਆਹਰ ਹੀ ਨਹੀਂ ਕਰਦੀ ਬਲਕਿ ਉਹ ਆਂਚਲਿਕਤਾ ਨੂੰ ਵਿਸ਼ਵੀ ਪ੍ਰਸੰਗ ਵਿਚ ਰੱਖ ਕੇ ਪੇਸ਼ ਕਰਦੀ ਹੈ।ਰਿਆਸਤੀ ਪੰਜਾਬੀ ਕਵਿਤਾ ਵਿਸ਼ਵੀ ਚਿੰਤਨ ਦੇ ਹਰ ਪਹਿਲੂ ਨੂੰ ਦਰਸ਼ਾਉਂਦੀ ਹੈ ਚਾਹੇ ਉਹ ਵਿਸ਼ਵੀਕਰਣ ਜਾਂ ਉਤਰ-ਆਧੁਨਿਕਤਾ ਹੋਵੇ ਜਾਂ ਫਿਰ ਹੱਕ-ਸੱਚ ਤੇ ਬਈਮਾਨੀ ਖਿਲਾਫ ਸੰਘਰਸ਼। ਜਿਵੇਂ ਬਲਜੀਤ ਰੈਨਾ ਕਹਿੰਦਾ ਹੈ :-

" ਮਜ਼ਦੂਰ ਦਾ ਸੁਪਨਾ
ਮਿਹਨਤ ਦੀ ਮਿੱਟੀ ਵਿਚ ਉਗਦਾ
ਤੇ ਇਰਾਦੇ ਦੀ ਭੱਠੀ ਵਿਚ ਪੱਕਦਾ ਏ
ਇਤਿਹਾਸ ਦੇ ਕਾਤਿਲ
ਸੁਪਨਿਆਂ ਨੂੰ ਕਤਲ ਨਹੀਂ ਕਰ ਸਕਦੇ।"

ਅਜੋਕੀ ਰਿਆਸਤੀ ਕਵਿਤਾ ਮਨੁੱਖੀ ਮਨ ਦੀ ਬੇਬਸੀ ਅਤੇ ਵਿਸ਼ਾਦ ਦੇ ਇਸ ਅੰਤਰੀਵ ਦੁਖਾਂਤ ਤੇ ਮਨੁਖ ਦੀ ਅੰਤਰ ਚੇਤਨਾ ਦੀ ਇਸ ਖਿੰਡੀ ਹੋਈ ਹੋਂਦ ਦਾ ਚਿਤਰਨ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੀ ਹੈ :-

"ਭੁਖ ਹੀ ਭੁਖ ਉਗ ਰਹੀ ਹੈ ਆਦਮੀ ਦੇ ਜਿਸਮ ਵਿਚ
ਸ਼ਸਤਰਾਂ ਦੇ ਖੇਤ ਵਿਚ ਅੰਬਾਰ ਹੁੰਦਾ ਜਾ ਰਿਹਾ ਹੈ।" ( ਓ. ਪੀ. ਸ਼ਰਮਾ ਸਾਰਥੀ )

ਰਿਆਸਤੀ ਕਵੀ ਜਿਥੇ ਆਪ ਮਨੁੱਖੀ ਭਰਿਸ਼ਟਾਚਾਰ ਪ੍ਰਤੀ ਜਾਗਰੂਕ ਹੈ ਉਥੇ ਉਹ ਪਾਠਕ ਵਰਗ ਨੂੰ ਵੀ ਸੁਚੇਤ ਕਰਨ ਦੀ ਭਰਪੂਰ ਕੋਸ਼ਿਸ਼ ਕਰਦੇ ਹਨ।ਉਹ ਦੇਸ਼-ਦੁਨੀਆ ਅੰਦਰ ਫੇਲ ਰਹੀ ਦਹਿਸ਼ਤ, ਲੁੱਟ-ਖਸੁੱਟ ਅਤੇ ਅਮਾਨਵੀ ਘਟਨਾਵਾਂ ਨੂੰ ਸਿਰਫ ਸਮਝਦਾ ਹੀ ਨਹੀਂ ਹਨ ਬਲਕਿ ਉਨ੍ਹਾਂ ਪਿਛਲੀ ਸੰਚਾਲਕ ਸ਼ਕਤੀ ਤੋਂ ਵੀ ਜਾਣੂ ਹਨ। ਜੰਮੂ-ਕਸ਼ਮੀਰ ਦਾ ਪੰਜਾਬੀ ਕਵੀ ਪੂੰਜੀਵਾਦ ਦੀਆਂ ਚਾਲਾਂ ਅਤੇ ਹਰ ਵਕਤ ਦਹਿਸ਼ਤ ਦੀ ਸਥਿਤੀ ਵਰਗੀ ਧੁੰਧ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਹਟਾਉਣ ਦਾ ਯਤਨ ਕਰਦੇ ਨਜ਼ਰੀ ਆਉਂਦੇ ਹਨ :-

"ਮੈਂ ਹਮੇਸ਼ਾਂ ਚਾਹਿਆ ਸੀ ਭਵਿੱਖ ਦਾ
ਇਕ ਖੂਬਸੂਰਤ ਨਜ਼ਮ ਵਾਂਗ ਲਿਖੇ ਜਾਣਾ
ਪਰ ਹਰ ਰੋਜ਼ ਅਖ਼ਬਾਰ ਦੀਆਂ ਸੁਰਖੀਆਂ ਵਿਚ
ਛਲਕਦੇ ਮਨੁੱਖੀ ਲਹੂ ਨੂੰ ਦੇਖ
ਲਗਦੈ ਮੇਰੇ ਨਹੀਂ
ਕਿਸੇ ਹੋਰ ਦੇ ਹ'ਥ ਨੇ
ਜੋ ਲਿਖ ਰਹੇ ਨੇ ਸਾਡਾ ਭਵਿੱਖ।" ( ਡਾ. ਮੋਨੋਜੀਤ )



ਰਿਆਸਤ ਅੰਦਰ ਇਸ ਸਮੇਂ ਉੱਚ ਮਿਆਰ ਦੀ ਕਵਿਤਾ ਰਚੀ ਜਾ ਰਹੀ ਹੈ। ਇਸ ਦੌਰ ਦੇ ਸਰ-ਗਰਮ ਕਵੀਆਂ ਵਿਚ ਦੇਵਿੰਦਰ ਸਿੰਘ ਵਿਸ਼ਵਨਾਗਰਿਕ, ਕੀਰਤ ਸਿੰਘ ਇੰਕਲਾਬੀ, ਅਮਰ ਸਿੰਘ ਕੂਕਾ, ਸੁਰਿੰਦਰ ਨੀਰ ਆਦਿ ਦੇ ਨਾਂ ਪ੍ਰੱਮੁਖ ਹਨ।ਰਿਆਸਤੀ ਪੰਜਾਬੀ ਕਵੀ ਆਪਣੇ ਆਸ-ਪਾਸ ਵਾਪਰ ਰਹੀਆਂ ਘਟਨਾਵਾਂ ਨੂੰ ਵਿਸ਼ਵੀ ਪ੍ਰਸੰਗ ਵਿਚ ਰੱਖ ਦੇ ਪ੍ਰਗਟਾਉਣ ਦਾ ਸਫਲ ਯਤਨ ਕਰਦੇ ਪ੍ਰਤੀਤ ਹੁੰਦੇ ਹਨ। ਉਹ ਰਿਆਸਤ ਵਿਚ ਫੈਲੀ ਅਰਾਜਕਤਾ ਦੀ ਸਥਿਤੀ ਨੂੰ ਚਿਤਰਣ ਲਗਿਆਂ ਉਸਦੀ ਵਿਸ਼ਵੀ ਪ੍ਰਸੰਗਿਗਤਾ ਨੂੰ ਬਣਾਏ ਰਖਦੇ ਹਨ। ਰਿਆਸਤੀ ਪੰਜਾਬੀ ਕਵਿਤਾ ਜਿਥੇ ਮੁਖਧਾਰਾ ਦੀ ਪੰਜਾਬੀ ਕਵਿਤਾ ਦੀ ਹਾਣ ਦੀ ਹੋਣ ਵਿਚ ਕਾਮਯਾਬ ਰਹੀ ਹੈ ਉਥੇ ਉਹ ਰਿਆਸਤ ਅੰਦਰ ਹੋਰ ਭਾਸ਼ਾਵਾਂ ਦੀ ਕਵਿਤਾ ਦੇ ਸਮਾਨੰਤਰ ਆਪਣੇ ਆਪ ਨੂੰ ਉਚਾ ਚੁਕਣ ਵਿਚ ਵੀ ਸਫਲ ਰਹੀ ਹੈ ।

## 4.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਸੰਖੇਪ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਿਥੇ ਦੇਸ਼ ਵੰਡ ਤੋਂ ਪਹਿਲਾਂ ਦੀ ਕਵਿਤਾ ਬੇ-ਮਨੋਰਥ ਅਤੇ ਪਰੰਪਰਾਵਾਦੀ ਨਜ਼ਰੀ ਆਉਂਦੀ ਹੈ, ਉਥੇ ੧੯੪੭ ਤੋਂ ਬਾਅਦ ਦੀ ਰਿਆਸਤੀ ਪੰਜਾਬੀ ਕਵਿਤਾ ਅੰਦਰ ਤਬਦੀਲੀ ਵਾਪਰਦੀ ਹੈ ਅਤੇ ਉਹ ਵਿਕਾਸ ਦੀਆਂ ਨਵੀਆ ਹੱਦਾਂ ਤੈਅ ਕਰਦੀ ਹੋਈ, ਬਾਕੀ ਭਾਸ਼ਾਵਾਂ ਦੇ ਬਰਾਬਰ ਆਪਣੀ ਪਹਿਚਾਣ ਸਥਾਪਿਤ ਕਰਨ ਵਿਚ ਸਫਲ ਹੁੰਦੀ ਹੈ।ਅਜੋਕੀ ਰਿਆਸਤੀ ਪੰਜਾਬੀ ਕਵਿਤਾ ਵਿਸ਼ਵੀ ਸਰੋਕਾਰਾਂ ਨੂੰ ਸੰਬੋਧਨ ਹੋਣ ਕਰਕੇ ਆਪਣੇ ਅੰਦਰ ਇਕ ਨਵੀਂ ਤਾਜ਼ਗੀ ਅਤੇ ਗਹਿਰਾਈ ਲਿਆਉਣ ਵਿਚ ਸਮਰੱਥ ਬਣੀ ਹੈ।

## 4.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਵਿਸ਼ਵੀਕਰਣ- (globalization) ਭੂਮੰਡਲੀਕਰਣ

ਤਾਜੀ ਕੁੱਤੀ- ਸ਼ਿਕਾਰੀ ਕੁੱਤੀ

ਪ੍ਰਸੰਗਿਗਤਾ- (relevance)

ਸਭਿਆਚਾਰ- ਸੰਸਕ੍ਰਿਤੀ (culture)

## 4.6 Lesson End Exercise

੧. ਰਿਆਸਤੀ ਪੰਜਾਬੀ ਕਵਿਤਾ ਦੇ ਵਿਕਾਸ ਪੜਾਵਾਂ ਨੂੰ ਉਲੀਕੋ ।

੨. ੧੯੪੭ ਤੋਂ ਬਾਅਦ ਦੀ ਪੰਜਾਬੀ ਕਵਿਤਾ ਬਾਰੇ ਜਾਣਕਾਰੀ ਦਿਉ ।

੩. ਰਿਆਸਤੀ ਪੰਜਾਬੀ ਕਵਿਤਾ ਮੌਜੂਦਾ ਦੌਰ ਵਿਚ ਕਿਹੜੇ ਸਰੋਕਾਰਾਂ ਨੂੰ ਸੰਬੋਧਨ ਹੁੰਦੀ ਹੈ ?

## 4.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। ੧੯੬੪ ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿਲੀ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। ੧੯੯੪ ।


## 4.8 Suggested Further Readings (ਵਿਦਿਆਰਥੀਆਂ ਲਈ ਅਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਕਵਿਤਾ ਦੇ ਵਿਕਾਸ ਪੜਾਵਾਂ ਨੂੰ ਹੋਰ ਤਫਸੀਲ ਨਾਲ ਜਾਨਣ ਲਈ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਅਤੇ ਵਿਸ਼ਵੀ ਪਰਿਪੇਖ ਵਿਚ ਰੱਖ ਕੇ ਉਸ ਨੂੰ ਸਮਝਣ ਦਾ ਯਤਨ ਕਰਨ।

....................



---

**'ਰਿਆਸਤੀ ਪੰਜਾਬੀ ਨਾਵਲ ਦਾ ਆਰੰਭ ਅਤੇ ਵਿਕਾਸ'**

**Unit : 2** **Lesson No. : 5**

**Structure :**


5.1 Introduction (ਜਾਣ-ਪਛਾਣ)

5.2 Objective (ਉਦੇਸ਼)

5.3 Content (ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ )

5.4 Summary (ਨਿਸ਼ਕਰਸ਼)

5.5 Glossary/Keywords (ਔਖੇ ਸ਼ਬਦਾਂ ਦੇ ਅਰਥ)

5.6 Lesson End Exercise

5.7 References (ਸਹਾਇਕ ਗ੍ਰੰਥਾਵਲੀ)

5.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

## 5.1 Introduction (ਜਾਣ-ਪਛਾਣ)

ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ ਚੋਂ ਸੱਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ। ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਅਤੇ ਪੰਜਾਬੀ। ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ।ਰਿਆਸਤ ਦੀਆਂ ਇਨ੍ਹਾਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉੱਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ।

## 5.2 Objective (ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਨਾਵਲ ਸਹਿਤ ਦੇ ਆਰੰਭ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਨਾਵਲ ਦੇ ਸਿਰਜਣਾਤਮਕ ਅਧਾਰਾਂ ਦੇ ਪਛੋਕੜ ਤੋਂ ਜਾਣੂ ਕਰਵਾਉਣਾ ਹੈ। ਜਿਸ ਨਾਲ ਪਾਠਕ ਨੂੰ ਰਿਆਸਤੀ ਪੰਜਾਬੀ ਨਾਵਲ ਸਾਹਿਤ ਦੇ ਆਰੰਭ ਅਤੇ ਵਿਕਾਸ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ।

## 5.3 ਰਿਆਸਤੀ ਪੰਜਾਬੀ ਨਾਵਲ ਦਾ ਆਰੰਭ ਅਤੇ ਵਿਕਾਸ

ਰਿਆਸਤ ਵਿਚ ਕਵਿਤਾ ਤੋਂ ਬਾਅਦ ਪੰਜਾਬੀ ਕਹਾਣੀ ਨੇ ਵਿਕਾਸ ਕੀਤਾ ਹੈ ਅਤੇ ਉਸ ਤੋਂ ਬਾਅਦ ਨਾਵਲ ਨੇ। ਇਸ ਦਾ ਕਾਰਨ ਇਹ ਹੈ ਕਿ ਕਹਾਣੀ ਰਚਨਾ ਤੋਂ ਵੱਧ ਨਾਵਲ ਰਚਣ ਲਈ ਵਿਸ਼ਾਲ ਤਜ਼ਰਬੇ ਅਤੇ ਲੰਮੇ ਅਭਿਆਸ ਦੀ ਲੋੜ ਹੁੰਦੀ ਹੈ ਕਿਉਂਕਿ ਨਾਵਲ ਪੂਰੇ ਜੀਵਨ ਬਾਰੇ ਹੁੰਦਾ ਹੈ। ਮੁਨਸ਼ੀ ਪ੍ਰੇਮ ਚੰਦ ਨਾਵਲ ਨੂੰ ਮਾਨਵ ਚਰਿਤਰ ਦਾ ਚਿੱਤਰ ਆਖਦੇ ਹਨ। ਨਾਵਲ ਵਿਚ ਦੁਖ, ਪ੍ਰੇਮ, ਈਰਖਾ, ਦ੍ਵੈਤ, ਆਸ਼ਾ ਅਭਿਲਾਸ਼ਾ, ਮਹਾਂਕਥਾਵਾਂ, ਚਰਿਤਰ ਦੇ ਉਥਾਨ ਅਤੇ ਪਤਨ ਆਦਿ ਜੀਵਨ ਦੇ ਸਾਰੇ ਦ੍ਰਿਸ਼ਨਾਂ ਦਾ ਸਮਾਵੇਸ਼ ਹੁੰਦਾ ਹੈ। ਉਪਨਿਆਸ ਜੀਵਨ ਦਾ ਚਿੱਤਰ ਹੈ ਪ੍ਰਤਿਬਿੰਬ ਨਹੀਂ।

ਅੰਗਰੇਜ਼ੀ ਭਾਸ਼ਾ ਵਿਚ ਨਾਵਲ ਦਾ ਆਰੰਭ ਰੋਮਾਂਸ ਕਥਾਵਾਂ ਤੋਂ ਹੋਇਆ ਜੋ ਕੌਤੂਹਲਮਈ ਘਟਨਾਵਾਂ ਨਾਲ ਭਰੀਆਂ ਹੁੰਦੀਆਂ ਸਨ ਅਤੇ ਇਨ੍ਹਾਂ ਵਿਚ ਚਰਿੱਤਰ ਚਿਤਰਣ ਦਾ ਵੀ ਆਭਾਵ ਰਹਿੰਦਾ ਸੀ। ਇਨ੍ਹਾਂ ਦਾ ਆਰੰਭ ੧੫ਵੀਂ ਸਦੀ ਈਸਵੀ ਦੇ ਮਧ ਵਿਚ ਮੇਲੋਰੀ (Malori) ਦੁਆਰਾ ਲਿਖੀ ਹੋਈ ਮਾਰਟ ਡੀ ਆਰਥਰ (ਓਰਟਏ ਧ ਅਰਟਹਏਰ) ਨਾਂ ਦੀਆਂ ਕਥਾਵਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਭਾਵੇਂ ਲੋਕੀਂ ਜਾਨ ਬਨਿਆਨ ਦੀ ਪੁਸਤਕ ਫਲਿਗਰਮਿਸ ਫਰੋਗਰਏਸਸ ਨੂੰ ਨਾਵਲ ਕਹਿੰਦੇ ਹਨ ਪਰ ਸਹੀ ਅਰਥਾਂ ਵਿਚ ਡੇਨੀਅਲ ਡੀਫੋ ਦਾ ਲਿਖਿਆ 'ਰੀਬਨਸਨ ਕਰੂਸੋ' ਹੀ ਅੰਗਰੇਜ਼ੀ ਦਾ ਪਹਿਲਾ ਨਾਵਲ ਕਿਹਾ ਜਾ ਸਕਦਾ ਹੈ। ਜਿਸ ਦਾ ਸਮਾਂ ੧੬੫੯-੧੭੩੧ ਈ· ਦਾ ਹੈ। ਇਸ ਤਰ੍ਹਾਂ ਅੰਗਰੇਜ਼ੀ ਨਾਵਲ ਦਾ ਕੋਈ ੨੫੦-੩੨੫ ਸਾਲਾਂ ਦਾ ਪਿਛੋਕੜ ਹੈ। ਬੇਸ਼ਕ ਪੰਜਾਬੀ ਕੋਲ ਇੰਨਾ ਲੰਮਾ ਪਿਛੋਕੜ ਤਾਂ ਨਹੀਂ ਪਰ ਫਿਰ ਵੀ ਪੰਜਾਬੀ ਨਾਵਲ ਦੇ ਪੂਰਵਜ਼ ਹੋਣ ਦਾ ਮਾਣ ਪੁਰਾਣੇ ਕਥਾ ਸਾਹਿਤ ਨੂੰ ਦਿੱਤਾ ਜਾ ਸਕਦਾ ਹੈ ਭਾਵੇਂ ਉਹ ਲੋਕ ਕਥਾਵਾਂ ਦੇ ਰੂਪ ਵਿਚ ਉਪਜਿਆ ਹੈ ਤੇ ਭਾਵੇਂ ਦੇਵਮਾਲਾ ਦੀ ਸ਼ਕਲ ਵਿਚ



ਪੰਜਾਬੀ ਨਾਵਲ ਭਾਈ ਵੀਰ ਰਚਿਤ ਨਾਵਲ ਸੁੰਦਰੀ ਤੋਂ ਆਰੰਭ ਹੋਇਆ ਮੰਨਿਆ ਜਾਂਦਾ ਹੈ। ਭਾਵੇਂ ਪ੍ਰੋ. ਕਿਰਪਾਲ ਸਿੰਘ ਦਾ ਮਤ ਹੈ ਕਿ ਪੰਜਾਬੀ ਦਾ ਪਹਿਲਾ ਨਾਵਲ ਚਰਨ ਸਿੰਘ ਰਚਿਤ 'ਜੰਗ ਮੜੋਲੀ' ਹੈ ਅਤੇ ਪ੍ਰੋ. ਨਰਿੰਜਨ ਸਿੰਘ ਤਸਨੀਮ ਨਾਨਕ ਸਿੰਘ ਨੂੰ ਮੋਢੀ ਨਾਵਲਕਾਰ ਸਿੱਧ ਕਰਨ ਦਾ ਜਤਨ ਕਰਦਾ ਹੈ। ਪਰ ਇਨ੍ਹਾਂ ਮਤਾਂ ਨਾਲ ਬਹੁਤ ਘੱਟ ਵਿਦਵਾਨਾਂ ਨੇ ਸਹਿਮਤੀ ਪ੍ਰਗਟ ਕੀਤੀ ਹੈ। ਭਾਈ ਵੀਰ ਸਿੰਘ ਦਾ ਸਮਾਂ ਧਾਰਮਿਕ ਪੁਨਰ ਸੁਰਜੀਤੀ ਦਾ ਸਮਾਂ ਅਤੇ ਇਸੇ ਕਰਕੇ ਭਾਈ ਵੀਰ ਸਿੰਘ ਦੇ ਮੁੱਢਲੇ ਨਾਵਨਾਂ···ਸੁੰਦਰੀ, ਸਤਵੰਤ ਕੌਰ ਅਤੇ ਬਿਜੈ ਸਿੰਘ ਦਾ ਵਸਤੂ ਜਗਤ ਨਿਰੋਲ ਧਾਰਮਿਕ ਹੈ, ਜਿਨ੍ਹਾਂ ਵਿਚ ਅਠਾਰ੍ਹਵੀਂ ਸਦੀ ਈਸਵੀ ਦੇ ਸਿੱਖ ਇਤਿਹਾਸ ਨੂੰ ਧਾਰਮਿਕ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ ਧਰਮ ਵਿਚ ਆਏ ਪਤਣ ਨੂੰ ਰੋਕਣ ਲਈ। ਇਨ੍ਹਾਂ ਨਾਵਲਾਂ ਦੇ ਪਾਤਰ ਆਦਰਸ਼ਵਾਦੀ ਹਨ ਅਤੇ ਘਟਨਾਵਾਂ ਰੋਮਾਂਚਿਤ ਅਤੇ ਨਾਵਲਾਂ ਦਾ ਮੰਤਵ ਸੁਧਾਰਵਾਦੀ ਸੀ।

ਭਾਈ ਵੀਰ ਸਿੰਘ ਨੇ ਭਾਵੇਂ ਆਪਣੇ ਸਮਕਾਲੀ ਲੇਖਕਾਂ ਨੂੰ ਪ੍ਰਭਾਵਿਤ ਕੀਤਾ ਹੈ ਪਰ ਇਤਿਹਾਸਕ ਵਿਕਾਸ ਕਾਰਨ ਧਾਰਮਿਕ ਰੰਗਣ ਘੱਟਦੀ ਗਈ ਅਤੇ ਸਮਾਜਕ ਰੰਗਣ ਵਧਦੀ ਗਈ। ਭਾਈ ਮੋਹਨ ਸਿੰਘ ਭਾਵੇਂ ਵੀਰ ਸਿੰਘ ਦਾ ਸਮਕਾਲੀ ਹੈ ਅਤੇ ਉਹਨਾਂ ਤੋਂ ਪ੍ਰਭਾਵਿਤ ਵੀ ਪਰ ਉਹ ਭਾਈ ਸਾਹਿਬ ਤੋਂ ਲੌਕਿਕ ਜੀਵਨ ਦੇ ਵਧੇਰੇ ਨੇੜੇ ਹੈ, ਜਿਸ ਨੇ ਆਪਣੇ ਨਾਵਲਾਂ···ਮੌਲਿਕ ਅਤੇ ਅਨੁਵਾਦਿਤ ਰਾਹੀਂ ਪੰਜਾਬੀ ਨਾਵਲ ਦੇ ਘੇਰੇ ਨੂੰ ਵਿਸ਼ਾਲ ਕੀਤਾ, ਜਿਨ੍ਹਾਂ ਵਿਚ ਉਸ ਨੇ ਪ੍ਰਚਲਤ ਸਮਾਜਿਕ ਬੁਰਾਈਆਂ ਨੂੰ ਪੇਸ਼ ਕੀਤਾ ਹੈ। ਜਿਵੇਂ ਕਿ ਉਸ ਦੇ ਨਾਵਲਾਂ ਦੇ ਸਿਰਲੇਖਾਂ ਤੋਂ ਹੀ ਪ੍ਰੱਤਖ ਜਾਪਦਾ ਹੈ···'ਸੁਘੜ ਨੂੰਹ ਤੇ ਲੜਾਕੀ ਸੱਸ', 'ਇਕ ਸਿੱਖ ਘਰਾਣਾ', 'ਸੁਸ਼ੀਲ ਵਿਧਵਾ', 'ਕਪਟੀ ਮਿੱਤਰ', 'ਸਰੇਸ਼ਟ ਕੁਲ', 'ਦੰਪਤੀ ਪਿਆਰ' ਅਤੇ 'ਵਕੀਲ ਦੀ ਕਿਸਮਤ' ਆਦਿ ਭਾਵੇਂ ਚਰਨ ਸਿੰਘ ਸ਼ਹੀਦ ਨੇ ਵੀ ਭਾਈ ਵੀਰ ਸਿੰਘ ਅਤੇ ਭਾਈ ਮੋਹਨ ਸਿੰਘ ਵੈਦ ਵਾਂਗ ਹੀ ਪਰੰਪਰਾਗਤ ਸ਼ੈਲੀ ਅਪਣਾਈ ਹੈ।

ਪੰਜਾਬੀ ਨਾਵਲ ਦਾ ਸਮਾਜਿਕ ਕਦਰਾਂ ਕੀਮਤਾਂ ਨੂੰ ਆਧਾਰ ਬਣਾ ਕੇ ਰਚਿਆ ਰੂਪ ਨਾਨਕ ਸਿੰਘ ਨਾਲ ਹੀ ਹੋਂਦ ਵਿਚ ਆਉਂਦਾ ਹੈ। ਉਸ ਨੇ ਪੰਜਾਬੀ ਨਾਵਲ ਨੂੰ ਧਾਰਮਿਕ ਵਲਗਣ ਵਿਚੋਂ ਕੱਢ ਕੇ ਵਿਸ਼ਾਲ ਜੀਵਨ ਦੇ ਯਥਾਰਥ ਨਾਲ ਜੋੜਿਆ। ਉਸ ਨੇ ਪਹਿਲੀ ਵਾਰ ਨਿਰੋਲ ਸਮਾਜਿਕ ਸਮਸਿਆਵਾਂ ਬਾਰੇ ਨਾਵਲ ਲਿਖੇ ਭਾਵੇਂ ਭਾਵਨਾ ਵਜੋਂ ਉਹ ਆਦਰਸ਼ਵਾਦੀ ਹੈ।

ਸੰਤ ਸਿੰਘ ਸੇਖੋਂ ਨਾਲ ਪੰਜਾਬੀ ਨਾਵਲ ਵਿਕਾਸ ਦੀ ਇਕ ਹੋਰ ਪੌੜੀ ਚੜ੍ਹਦਾ ਹੈ ਜਿਸ ਨੂੰ ਆਲਚੋਨਾਤਮਕ ਯਥਾਰਥਵਾਦ ਕਿਹਾ ਜਾਂਦਾ ਹੈ। 'ਲਹੂ ਮਿੱਟੀ' ਤੋਂ ਸਮਾਜਵਾਦੀ ਦ੍ਰਿਸ਼ਟੀ ਤੋਂ ਨਾਵਲ ਦੀ ਰਚਨਾ ਹੋਣ ਲੱਗੀ।

੧੯੪੭ ਈ· ਤੋਂ ਮਗਰੋਂ ਪੰਜਾਬੀ ਨਾਵਲ ਨੇ ਲਗਭਗ ਪੰਜਾਹ ਵਰ੍ਹਿਆਂ ਵਿਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਵੇਖੀਆਂ, ਜਿਨ੍ਹਾਂ ਵਿਚ ਸ਼ਾਮਲ ਹਨ ਦੇਸ਼ ਦੀ ਵੰਡ ਦੇ ਪ੍ਰਭਾਵ ਅਧੀਨ ਉਪਜੀ ਮਾਨਵਵਾਦੀ ਪ੍ਰਵਿਰਤੀ ਤੇ ਸੁਧਾਰਵਾਦੀ ਪ੍ਰਵਿਰਤੀ, ਪ੍ਰਗਤੀਵਾਦੀ ਪ੍ਰਵਿਰਤੀ, ਆਲੋਚਨਾਤਮਕ ਯਥਾਰਥਵਾਦ ਦੀ ਪ੍ਰਵਿਰਤੀ, ਮਨੋਵਿਗਿਆਨ ਦੀ ਪ੍ਰਵਿਰਤੀ, ਪ੍ਰਯੋਗਵਾਦੀ ਪ੍ਰਵਿਰਤੀ, ਚੇਤਨਾ ਪ੍ਰਵਾਹ ਦੀ ਪ੍ਰਵਿਰਤੀ, ਸੁਹਜਾਤਮਕ ਪ੍ਰਵਿਰਤੀ, ਆਂਚਲਿਕਤਾ ਦੀ ਪ੍ਰਵਿਰਤੀ ਅਤੇ ਪੰਜਾਬੀ ਦੇ ਸਿਆਸੀ ਸਭਿਆਚਾਰਕ ਦੁਖਾਂਤ ਨੂੰ ਪੇਸ਼ ਕਰਨ ਦੀ ਪ੍ਰਵਿਰਤੀ। ਇਨ੍ਹਾਂ ਸਾਰੀਆਂ ਪ੍ਰਵਿਰਤੀਆਂ ਨੂੰ ਮੁੱਖ ਰੱਖ ਪੰਜਾਬੀ ਵਿਚ ਸਮੇਂ ਸਮੇਂ ਨਾਵਲ ਰਚੇ ਜਾਂਦੇ ਰਹੇ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਤੋਂ ਲੈ ਕੇ ਆਧੁਨਿਕਤਮ ਨਾਵਲਕਾਰ ਦੀਆਂ ਰਚਨਾਵਾਂ ਤਕ ਪੰਜਾਬੀ ਨਾਵਲ ਨੇ ਇਤਿਹਾਸਕ ਨਾਵਲ, ਰੁਮਾਂਟਿਕ ਨਾਵਲ, ਯਥਾਰਥਵਾਦੀ ਨਾਵਲ, ਸਮਾਜਿਕ

ਨਾਵਲ, ਮਨੋਵਿਗਿਆਨਕ ਨਾਵਲ, ਚੇਤਨਾ ਪ੍ਰਵਾਹ ਸ਼ੈਲੀ ਦੇ ਨਾਵਲ, ਰਾਜਨੀਤਕ ਨਾਵਲ ਅਤੇ ਪੰਜਾਬ ਦੇ ਅਜੋਕੇ ਸਿਆਸੀ ਸਭਿਆਚਾਰਕ ਸੰਕਟ ਨਾਲ ਸੰਬੰਧਤ ਨਾਵਲਾਂ ਦੇ ਰੂਪ ਵਿਚ ਇਕ ਲੰਮਾ ਤੇ ਮਹੱਤਵਪੂਰਨ ਸਫਰ ਤੈਅ ਕੀਤਾ ਹੈ।

**Check Your Progress**

**Note: I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।**

**II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।**

**੧. ਪੰਜਾਬੀ ਨਾਵਲ ਦੀ ਸ਼ੁਰੂਆਤ ਕਿਸ ਨਾਵਲ ਤੋਂ ਹੁੰਦੀ ਹੈ ?**

**੨. ਪੰਜਾਬੀ ਵਿਚ ਪਹਿਲਾ ਯਥਾਰਥਵਾਦੀ ਨਾਵਲ ਕਿਸ ਨੇ ਲਿਖਿਆ ?**

**੩. ਮੁਢ ਤੋਂ ਲੈਕੇ ਹੁਣ ਤਕ ਕਿਹੜੇ-ਕਿਹੜੇ ਵਿਸ਼ਿਆਂ ਬਾਰੇ ਨਾਵਲ ਲਿਖੇ ਗਏ ਹਨ ?**

ਜੰਮੂ ਕਸ਼ਮੀਰ ਵਿਚ ਰਚਿਆ ਗਿਆ ਪੰਜਾਬੀ ਨਾਵਲ ਸਮੁੱਚੇ ਪੰਜਾਬੀ ਨਾਵਲ ਸਾਹਿਤ ਦਾ ਇਕ ਮਹੱਤਵਪੂਰਨ ਭਾਗ ਹੈ ਕਿਉਂਕਿ ਜੰਮੂ ਕਸ਼ਮੀਰ ਦਾ ਪੰਜਾਬੀ ਬੋਲਦਾ ਇਲਾਕਾ ਭੂਗੋਲਿਕ ਅਤੇ ਸਭਿਆਚਾਰਕ ਤੌਰ ਤੇ ਵੀ ਪੰਜਾਬ ਦਾ ਹੀ ਇਕ ਭਾਗ ਹੈ। ਜੋ ਕੁਝ ਪੰਜਾਬੀ ਬੋਲਣ ਵਾਲੇ ਦੀ ਵਿਰਾਸਤ ਹੈ ਭਾਵੇਂ ਉਹ ਕਿਸੇ ਵੀ ਪ੍ਰਾਂਤ ਜਾਂ ਪ੍ਰਦੇਸ਼ ਦਾ ਵਾਸੀ ਕਿਉਂ ਨਾ ਹੋਵੇ, ਫਿਰ ਜੰਮੂ ਕਸ਼ਮੀਰ ਤਾਂ ਪੰਜਾਬ ਦਾ ਗਵਾਂਢੀ ਪ੍ਰਦੇਸ਼ ਹੈ।

ਜੰਮੂ ਕਸ਼ਮੀਰ ਵਿਚ ਪੰਜਾਬੀ ਨਾਵਲ ਦੀ ਉਮਰ ਤੀਹ ਵਰ੍ਹੇ ਹੈ। 'ਪੀਡੀਆ ਨਾੜਾਂ' (ਡਾ· ਰਿਛਪਾਲ ਸਿੰਘ ਬਾਲੀ) ਜੰਮੂ ਕਸ਼ਮੀਰ ਦਾ ਪਹਿਲਾ ਪੰਜਾਬੀ ਨਾਵਲ ਹੈ ਜੋ ਵਰ੍ਹਾਂ ੧੯੬੯ ਈ. ਵਿਚ ਪ੍ਰਕਾਸ਼ਿਤ ਹੋਇਆ। ਇਸ ਨੂੰ ਯਥਾਰਥਵਾਦੀ ਨਾਵਲਾਂ ਦੀ ਕੋਟੀ ਵਿਚ ਰੱਖਿਆ ਜਾ ਸਕਦਾ ਹੈ। ਪਹਿਲੀ ਪੰਜਾਬੀ ਨਾਵਲ ਪ੍ਰਚਲਤ ਹੋਣ ਮਗਰੋਂ ਪੂਰੇ ਚਾਰ ਵਰ੍ਹੇ ਖਾਮੋਸ਼ੀ ਛਾਈ ਰਹਿੰਦੀ ਹੈ ਅਤੇ ਫਿਰ ੧੯੭੩ ਈ. ਦੇ ਵਰ੍ਹੇ ਵਿਚ ਭੁਪਿੰਦਰ ਸਿੰਘ ਰੈਨਾ ਦਾ ਨਾਵਲ ਸੱਧਰਾ ਦੀ ਡੋਲੀ ਛਪਦਾ ਹੈ, ਜਿਸ ਵਿਚ ਔਰਤ ਦੀ ਦੁਰਦਸ਼ਾ ਬਿਆਨੀ ਗਈ ਹੈ। ਉਸ ਦੀ ਹੋਣੀ ਦੱਸ ਕੇ ਅਤੇ ਇੰਝ ਇਸ ਨਾਵਲ ਵਿਚ ਨਾਵਲਕਾਰ ਵਿਗਿਆਨ ਅਤੇ ਯਥਾਰਥ ਦੀ ਧਰਾਤਲ ਤੇ ਖੜੋਤਾ ਕੋਈ ਦ੍ਰਿਸ਼ਟੀਕੋਣ ਅਪਨਾਉਣੋਂ ਅਸਮਰਥ ਰਿਹਾ ਹੈ। ੧੯੭੪ ਈ. ਵਿਚ ਉਜਾਗਰ ਸਿੰਘ ਮਹਿਕ ਦਾ ਨਾਲਵ 'ਅਨੋਖਾ ਰਾਹ' ਅਤੇ ਭੁਪਿੰਦਰ ਸਿੰਘ ਰੈਨਾ ਦਾ ਇਕ ਹੋਰ ਨਾਵਲ 'ਧੁਆਂਖੀ ਧੁੱਪ' ਵਰ੍ਹਾ ੧੯੭੮ ਈ· ਵਿਚ ਪ੍ਰਕਾਸ਼ਤ ਹੁੰਦੇ ਹਨ। ਪਹਿਲੀ ਨਜ਼ਰ ਵਿਚ ਇਕ ਗਰੀਬ ਮਜ਼ਦੂਰ ਅਤੇ ਉਸ ਦੇ ਕਾਰਖਾਨੇ ਦੇ ਮਾਲਕ ਦੀ ਕੁੜੀ ਦਾ ਪਿਆਰ ਹੋ ਜਾਂਦਾ ਹੈ। 'ਅਨੋਖਾ ਰਾਹ' ਵਿਚ ਜ਼ਾਹਿਰ ਹੈ ਉਹਨਾਂ ਦੇ ਰਾਹ ਵਿਚ ਰੁਕਾਵਟਾਂ ਵੀ ਆਉਂਦੀਆਂ ਹਨ ਪਰ ਨਾਵਲਕਾਰ ਬੜੇ ਸਹਿਜ ਜਿਹੇ ਢੰਗ ਨਾਲ ਉਹਨਾਂ ਰੁਕਾਵਟਾਂ ਨੂੰ ਹਟਾ ਕੇ ਦੋਵਾਂ ਪ੍ਰੇਮੀਆਂ ਦਾ ਮਿਲਾਪ ਕਰਾ ਦਿੰਦਾ ਹੈ। 'ਧੁਆਂਖੀ ਧੁੱਪ' ਵਿਚ ਲੇਖਕ ਪਾਤਰਾਂ ਨੂੰ ਆਪਣੇ ਮਗਰ ਤੋਰ ਕੇ ਕਹਾਣੀ ਦਾ ਤਾਣਾਪੇਟਾ ਕੁਝ ਇਸ ਪ੍ਰਕਾਰ ਬੁਣਦਾ ਹੈ ਕਿ ਪਿਆਰ ਕਰਨ ਵਾਲੇ ਪਾਤਰ ਇਕ ਦੂਜੇ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ ਜੋ ਲੇਖਕ ਦੀ ਇੱਛਾ ਅਨੁਸਾਰ ਹੋਇਆ ਜਾਪਦਾ



ਹੈ ਨਾ ਕਿ ਸਥਿਤੀ ਦੀ ਮੰਗ ਅਨੁਸਾਰ। ਇੰਝ 'ਸੱਧਰਾਂ ਦੀ ਡੋਲੀ', 'ਧੁਆਂਖੀ ਧੁੱਪ' ਅਤੇ 'ਅਨੋਖਾ ਰਾਹ' ਨਾਵਲਾਂ ਵਿਚ ਔਰਤਮਰਦ ਸੰਬੰਧਾਂ ਨੂੰ ਲੈ ਕੇ ਲਿਖੇ ਗਏ ਨਾਵਲ ਹਨ।

ਪੰਜਾਬੀ ਨਾਵਲ (ਜੰਮੂ ਕਸ਼ਮੀਰ ਦੇ ਸੰਦਰਭ ਵਿਚ) ਲਈ ਵਰ੍ਹਾ ੧੯੭੮ ਈ· ਕਾਫੀ ਸ਼ੁੱਭ ਸਾਬਤ ਹੋਇਆ ਹੈ, ਜਦੋਂ ਭੁਪਿੰਦਰ ਸਿੰਘ ਸੂਦਨ ਦੇ ਦੋ ਨਾਵਲਿਟ···'ਵਣਜਾਰੇ' ਅਤੇ 'ਦਾਇਰੇ' ਉਸ ਦੇ 'ਵਣਜਾਰੇ' ਨਾਂ ਦੇ ਕਹਾਣੀ ਸੰਗ੍ਰਹਿ ਵਿਚ ਪ੍ਰਕਾਸ਼ਿਤ ਹੋਏ। ਇਹ ਦੋਵੇਂ ਨਾਵਲ ਆਂਚਿਲਕਤਾ ਦੀ ਪ੍ਰਵਿਰਤੀ ਦੇ ਲਖਾਇਕ ਹਨ। ਇਨ੍ਹਾਂ ਵਿਚੋਂ ਪਹਿਲੇ ਦਾ ਸੰਬੰਧ ਭੰਦਰਵਾਹ ਬਰੋਤ ਦੇ ਇਲਾਕੇ ਨਾਲ ਹੈ ਅਤੇ ਦੂਜੇ ਦਾ ਘਟਨਾ ਸਥਲ ਜੰਮੂ ਸ਼ਹਿਰ ਹੈ। ਆਂਚਲਿਕ ਨਾਵਲਾਂ ਦੀ ਕੋਟੀ ਵਿਚ ਹੀ ਚੰਦਨ ਨੇਗੀ ਦਾ ਨਾਵਲ 'ਜਲਬਿਨ ਕੁੰਭ' ਆਉਂਦਾ ਹੈ, ਜਿਸ ਵਿਚ ਲੇਖਕ ਨੇ ਜੰਮੂ ਦੇ ਡੋਗਰਾ ਸਮਾਜ ਨਾਲ ਸਬੰਧਤ ਔਰਤ ਦੀ, ਜੀਂਦੀ ਜਾਗਦੀ, ਸਭਿਆਚਾਰ ਦੀ ਵਲਗਣ ਵਿਚ ਕੈਦ ਕਟਕੀ ਅਤੇ ਸਭ ਕੁਝ ਹੁੰਦਿਆਂ ਹੋਇਆਂ ਵੀ ਸਖਣੀ ਹੈ, ਦਾਸਤਾਨ ਹੈ। ਭੁਪਿੰਦਰ ਸਿੰਘ ਸੂਦਨ ਦਾ ਵਰ੍ਹਾ ੧੯੮੯, ਜੰਮੂ ਕਸ਼ਮੀਰ ਵਿਚ ਨਾਵਲ ਰਚਨਾ ਦੇ ਆਰੰਭ ਤੋਂ ਪੂਰੇ ਦਸ ਵਰ੍ਹੇ ਮਗਰੋਂ,੧੯੮੯ ਵਿਚ ਪ੍ਰਕਾਸ਼ਤ ਹੋਇਆ। ਵੱਡੇ ਆਕਾਰ ਦਾ ਨਾਵਲ 'ਗੁਲਮੋਹਰ' ਆਪਣੇ ਆਪ ਵਿਚ ਕਾਫੀ ਮਹਾਨ ਹੈ ਅਤੇ ਜੰਮੂ ਕਸ਼ਮੀਰ ਵਿਚ ਪੰਜਾਬੀ ਨਾਵਲ ਨੂੰ ਇਕ ਨਵਾਂ ਮੋੜ ਦੇਣ ਦਾ ਸੂਚਕ ਵੀ ਹੈ। ਇਸ ਨਾਵਲ ਬਾਰੇ ਪ੍ਰੋ. ਨਰਿੰਜਨ ਤਸਨੀਮ ਦੇ ਕਹੇ ਸ਼ਬਦ ਕਾਫੀ ਮਹੱਤਵਪੂਰਨ ਹਨ ਜਿਨ੍ਹਾਂ ਰਾਹਾ ਉਹ ਪੰਜਾਬੀ ਨਾਵਲ ਦੀਆਂ ੧੯੭੧ ਈ. ਤੋਂ ਲੈ ਕੇ ੧੯੮੦ ਈ. ਦੇ ਦਹਾਕੇ ਦੀਆਂ ਪ੍ਰਾਪਤੀਆਂ ਤੇ ਸੰਭਾਵਨਾਵਾਂ ਵਿਚ ਇਸ ਨਾਵਲ ਨੂੰ ਸ਼ਾਮਲ ਕਰਦਾ ਹੈ। ਭੁਪਿੰਦਰ ਸਿੰਘ ਸੂਦਨ ਦਾ ਨਾਵਲ 'ਗੁਲਮੋਹਰ' (੧੯੭੯) ਆਤਮ ਕਥਾ ਵਾਲੀ ਤਕਨੀਕ ਵਿਚ ਰਚਿਆ ਗਿਆ ਨਾਵਲ ਇਕ ਯੁਵਕ ਦੇ ਮਨ ਵਿਚ ਪਿਆਰ ਦੀ ਪਹਿਲੀ ਕਿਰਨ ਦੇ ਫੁਟਣ, ਬਾਅਦ ਵਿਚ ਕਿਸੇ ਹੋਰ ਥਾਂ ਵਿਆਹ ਹੋਣ ਤੋਂ ਬਾਅਦ ਅਤੇ ਆਰਥਕ ਦੁਰਦਸ਼ਾ ਦੇ ਫਲਸਰੂਪ ਸੁਪਨਿਆਂ ਦੀ ਢਲਦੀ ਸ਼ਾਮ ਅਤੇ ਮਾਨਸਿਕ ਅਸੰਤੋਸ਼ ਦੀ ਡਰਾਉਣੀ ਰਾਤ ਦੀ ਗਾਥਾ ਦਾ ਵਰਣਨ ਕਰਦਾ ਹੈ। ਇਸ ਨਾਵਲ ਵਿਚ ਪੁਣਛੀ ਬੋਲੀ ਦੀ ਵਰਤੋਂ ਕੀਤੀ ਹੈ ਪਰ ਇਹ ਪਾਤਰਾਂ ਦੇ ਵਾਰਤਾਲਾਪ ਤਕ ਹੀ ਸੀਮਿਤ ਹੈ। ਇਸ ਨੂੰ ਕਿਸੇ ਵੀ ਅਭਿਵਿਅਕਤੀ ਦੀ ਭਾਸ਼ਾ ਨਹੀਂ ਬਣਨ ਦਿੱਤਾ ਗਿਆ। ਸਥਾਨਿਕ ਰੰਵਣ ਪੈਦਾ ਕਰਨ ਦਾ ਉਸ ਦਾ ਇਹ ਯਤਨ ਸ਼ਲਾਘਾਯੋਗ ਹੈ।

ਆਤਮਕਥਾ ਵਾਲੀ ਤਕਨੀਕ ਵਿਚ ਰਚੇ ਇਸ ਯਥਾਰਥਵਾਦੀ ਨਾਵਲ ਨਾਲ ਹੀ ਡਾ. ਰਛਪਾਲ ਸਿੰਘ ਬਾਲੀ ਦੇ ਯਥਾਰਥਵਾਦੀ ਨਾਵਲ 'ਸੱਲਾਂ' (੧੯੮੯) ਅਤੇ 'ਮਿੱਟੀ ਦੀ ਸਾਂਝ' (੧੯੯੩) ਅਤੇ ਚੰਦਨ ਨੇਗੀ ਦਾ ਨਾਵਲ 'ਕਲਰਕੇਰੀ ਛਪੜੀ' (੧੯੯੩) ਰੱਖੇ ਜਾ ਸਕਦੇ ਹਨ। 'ਸੱਲਾਂ' ਕਾਫ਼ੀ ਮਹੱਤਵਪੂਰਨ ਨਾਵਲ ਹੈ ਵਿਸ਼ੇ ਦੀ ਸੁਚੱਜੀ ਚੋਣ ਅਤੇ ਅਭਿਵਿਅਕਤੀ ਦੀ ਨਵੇਕਲੀ ਭਾਂਤ ਦੀ ਸ਼ੈਲੀ ਕਾਰਣ। ਡਾ. ਬਾਲੀ ਨੇ ਰੇਲ ਦੇ ਡਿੱਬੇ ਵਿਚ ਭਾਰਤੀ ਸਮਾਜ ਦੇ ਸਾਰੇ ਵਰਗ ਇਕੱਠੇ ਕੀਤੇ ਹਨ ਅਤੇ ਹਰ ਵਰਗ ਦੀਆਂ ਸਮੱਸਿਆਵਾਂ, ਉਨ੍ਹਾਂ ਵਿਚ ਸੰਘਰਸ਼ ਦੀ ਤੀਬਰਤਾ, ਵੋਟਾਂ ਵਾਲੇ ਨੇਤਾਵਾਂ, ਧਾਰਮਿਕ ਕਟੜਤਾ ਦੇ ਪੁਜਾਰੀਆਂ ਦੇ ਚਿਹਰਿਆਂ ਤੋਂ ਵਿਅੰਗਾਤਮਕ ਢੰਗ ਨਾਲ ਪਰਦਾ ਲਾਹਿਆ ਹੈ ਅਤੇ ਨਾਲ ਹੀ ਹਰ ਵਰਗ ਦੀ ਅੰਦਰਲੀ ਸੋਚ ਨੂੰ ਉਘਾੜਿਆ ਹੈ। ਇਸੇ ਤਰ੍ਹਾਂ ਚੰਦਨ ਨੇਗੀ ਦੇ ਨਾਵਲ 'ਕਲਰ ਕੇਰੀ ਛਪੜੀ' ਵਿਚ ਲੇਖਕਾਂ ਨੇ ਉਸ ਯਥਾਰਥ ਨੂੰ ਪੇਸ਼ ਕੀਤਾ ਹੈ ਜਿਸ ਅੰਦਰ ਡੂੰਘਾਈ ਹੈ ਅਤੇ ਇਹ ਯਥਾਰਥਕ ਉਤਰੀ [illegible]ਰਤ ਦੇ ਕਿਸੇ ਵੀ ਪਹਾੜੀ ਪ੍ਰਦੇਸ਼ ਦੀ ਗਲਾ ਦਾ ਹੋ ਸਕਦਾ ਹੈ, ਜਿਸ ਵਿਚ ਬੜੀ ਛੇਤੀ ਨਾਲ ਮਹਾਂਸਾਗਰ ਦੇ ਭੀੜ [illegible]ੱਕੇ ਵਾਲਾ ਸ਼ੋਰ ਸ਼ਰਾਬਾ ਵੱਧ ਰਿਹਾ ਹੈ। ਸਮੇਂ ਦੇ ਬਦਲਣ ਨਾਲ ਕੰਮ ਰੋਜ਼ਗਾਰ ਵਿਚ ਅਤੇ ਰਹਿਣ ਸਹਿਣ ਦੇ [illegible] ਵਿਚ ਛੇਤੀ ਨਾਲ ਤਬਦੀਲੀ ਆ ਰਹੀ ਹੈ ਅਤੇ ਘਰਾਂ ਦੀ ਥਾਂ ਦੁਕਾਨਾਂ, ਫੈਕਟਰੀਆਂ ਅਤੇ

ਉੱਚੇ ਦਫ਼ਤਰ ਬਣਦੇ ਜਾ ਰਹੇ ਹਨ ਅਤੇ ਕੱਚੇ ਕੋਠਿਆਂ ਦੀ ਥਾਂ ਉੱਚੇ ਉੱਚੇ ਭਵਨ ਉਸਰਦੇ ਜਾ ਰਹੇ ਹਨ। ਇਹ ਨਾਵਲ ਆਪਣੇ ਆਪ ਵਿਚ ਇਕ ਚੰਗਾ ਪ੍ਰਯੋਗ ਹੈ ਕਿਉਂਕਿ ਇਸ ਵਿਚ ਕੋਈ ਨਾਇਕ ਨਹੀਂ ਅਤੇ ਕੋਈ ਨਾਇਕਾ ਨਹੀਂ ਬਲਕਿ ਇੰਝ ਕਹਿ ਲਈਏ ਕਿ ਗਲੀ ਆਪ ਹੀ ਨਾਇਕ ਹੈ ਭਾਵੇਂ ਲੇਖਕਾਂ ਨੇ ਗਲੀ ਦਾ ਮਾਨਵੀਕਰਨ ਨਹੀਂ ਕੀਤਾ।

ਡਾ· ਰਛਪਾਲ ਸਿੰਘ ਬਾਲੀ ਨੇ ਨਾਵਲ 'ਵਾਪਸੀ' (੧੯੯੦ ਈ.) 'ਮਿੱਟੀ ਦੀ ਸਾਂਝ' (੧੯੯੩ ਈ.) ਅਤੇ 'ਚਾਹਤ' (੧੯੯੪ ਈ.) ਦਾ ਸੰਬੰਧ ਭਾਰਤੀ ਘੱਟ ਗਿਣਤੀਆਂ (ਸਿੱਖਾਂ ਅਤੇ ਮੁਸਲਮਾਨਾਂ) ਨਾਲ ਹੈ ਜੋ ਬਹੁਗਿਣਤੀ ਵਲੋਂ ਦਿੱਤੇ ਗਏ ਸੰਤਾਪ ਨੂੰ ਭੋਗ ਯਹੇ ਹਨ। ਇੰਝ ਇਹ ਤਿੰਨੇ ਨਾਵਲ ਅੱਜ ਦੇ ਉਸ ਰਾਜਨੀਤਕ ਸਭਿਆਚਾਰਕ ਸੰਕਟ ਨੂੰ ਪੇਸ਼ ਕਰਦੇ ਹਨ ਜੋ ਭਾਰਤ ਦੇ ਕੁਝ ਪ੍ਰਾਂਤਾ ਵਿਚ ਵਾਪਰ ਰਿਹਾ ਹੈ।

ਉ.ਪੀ. ਸ਼ਰਮਾ ਸਾਰਥੀ ਦੇ ਦੋਵੇਂ ਨਾਵਲ 'ਬਿਨ ਪੈਰਾਂ ਦੀ ਧਰਤੀ' ਅਤੇ 'ਰਣਖੇਤਰ' ਵਰ੍ਹਾ ੧੯੮੫ ਈ. ਵਿਚ ਪ੍ਰਕਾਸ਼ਿਤ ਹੋਏ ਹਨ। ਇਹ ਦੋਵੇਂ ਨਾਵਲ ਬਿੰਬਾਂ ਪ੍ਰਤੀਕਾਂ ਦੀ ਸ਼ੈਲੀ ਵਿਚ ਲਿਖੇ ਗਏ ਹਨ। ਇਨ੍ਹਾਂ ਵਿਚੋਂ ਪਹਿਲੇ ਨਾਵਲ ਵਿਚ ਲੇਖਕ ਐਸੇ ਸਮਾਜ ਦਾ ਬਿਆਨ ਕਰਦਾ ਹੈ ਜਿਸ ਦੇ ਪੈਰ ਧਰਤੀ 'ਤੇ ਹਨ ਹੀ ਨਹੀਂ। ਇਸ ਨਾਵਲ ਵਿਚ ਨਾਵਲਕਾਰ ਉਸ ਸਥਿਤੀ ਨੂੰ ਉਜਾਗਰ ਕਰਦਾ ਹੈ ਜੋ ਸਮਾਜ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਪ੍ਰਸਥਿਤੀਆਂ ਵਿਚਕਾਰ ਹੋ ਰਹੀ ਟੱਕਰ ਦਾ ਨਤੀਜਾ ਕਹੀ ਜਾ ਸਕਦੀ ਹੈ।

ਦੂਜੇ ਨਾਵਲ 'ਰਣਖੇਤਰ' ਵਿਚ ਵੀ ਲੇਖਕ ਅੰਤਰਮੁਖੀ ਅਤੇ ਦਿਸਦੇ/ਬਾਹਰਲੇ ਜਗਤ ਦੀ ਹੀ ਗੱਲ ਕਰਦਾ ਹੈ। ਇਸ ਦਾ ਮੂਲ ਭਾਵ ਵੀ ਪਹਿਲੇ ਨਾਵਲ ਵਾਂਗ ਹੀ, ਪਰਿਵਰਤਨ ਹੈ। ਨਾਵਲਕਾਰ ਇਸ ਨਾਵਲ ਰਾਹੀਂ ਇਹ ਦ੍ਰਿੜ ਕਰਾਉਣਾ ਚਾਹੁੰਦਾ ਹੈ ਕਿ ਅਜੋਕੇ ਸਮਾਜ ਵਿਚ ਮੌਜੂਦ ਪ੍ਰਸਥਿਤੀਆਂ ਅਨੁਸਾਰ ਭਰਿਆ ਹੋਇਆ ਦਿਸਦਾ ਬੰਦਾ ਹੀ ਖਾਲੀ ਹੈ ਅਤੇ ਖਾਲੀ ਦਿਸਦਾ ਬੰਦਾ ਹੀ ਅਸਲ ਵਿਚ ਭਰਿਆ ਭਰਕੁੰਨਾ ਹੁੰਦਾ ਹੈ। ਇਸ ਨਾਵਲ ਵਿਚ ਵੀ ਪਾਤਰ ਸਥਿਤੀ ਅਤੇ ਕਥਾਵਸਤੂ ਨੂੰ ਹੀ ਬਣਾਇਆ ਗਿਆ ਹੈ। ਆਪਣੇ ਆਪ ਵਿਚ ਇਹ ਨਾਵਲ ਚੰਗੇ ਪ੍ਰਯੋਗ ਕਹੇ ਜਾ ਸਕਦੇ ਹਨ।

ਸਰਨ ਸਿੰਘ ਦਾ ਨਾਵਲ 'ਨੰਗੀ ਧੁੱਪ ਕੱਜੀ ਕੱਜੀ' (੧੯੮੦ ਈ·) ਵਿਚ ਲੇਖਕ ਦੇ ਨਾਵਲ ਦੀ ਨਾਇਕਾ, ਜੋ ਬਹੁਤ ਬੇਬਾਕ ਹੈ, ਦੇ ਮੂੰਹੋਂ ਉਸ ਦੀ ਆਪਣੀ ਦਾਸਤਾਨ ਅਖਵਾਈ ਹੈ ਪਰ ਨਾਲ ਹੀ ਉਸ ਵੇਲੇ ਦੇ ਸਿਆਸਤਦਾਨਾਂ ਦੇ ਭ੍ਰਿਸ਼ਟ ਜੀਵਨ, ਅਫ਼ਸਰਸ਼ਾਹੀ ਦੀ ਰੂਪੋਂ ਕਰੂਪ ਹੋਈ ਸ਼ਕਲ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਲਿਹਾਜ਼ਦਾਰੀ ਤੇ ਕੁੰਬਾ ਪਰਵਰੀ, ਨਜਾਇਜ਼ ਤਰੀਕਿਆਂ ਰਾਹੀਂ ਕੰਮ ਕਢਾਉਣ ਦੀ ਗੱਲ ਅਤੇ ਹੋਰ ਸਮਾਜਕ ਅਤੇ ਰਾਜਨੀਤਕ ਬੁਰਾਈਆਂ ਦੀ ਨੰਗੀ ਤਸਵੀਰ ਪੇਸ਼ ਕੀਤੀ ਹੈ। ਨਾਵਲਕਾਰ ਨੇ ਸੁਹਣੇ ਅੰਦਾਜ਼ ਵਿਚ ਮੱਧ ਸ਼੍ਰੇਣੀ ਦੇ ਸ਼ੋਸ਼ਨ ਨੂੰ ਨੰਗਾ ਕੀਤਾ ਹੈ। ਅਭਿਵਿਅਕਤੀ ਦਾ ਢੰਗ ਚੰਗਾ ਪ੍ਰਭਾਵਸ਼ਾਲੀ ਅਤੇ ਰੋਚਿਕ ਹੈ। ਇਹ ਨਾਵਲ ਆਲੋਚਨਾਤਮਕ ਯਥਾਰਥਵਾਦ ਦੀ ਪ੍ਰਵਿਰਤੀ ਮੁੱਖ ਰੱਖ ਕੇ ਲਿਖਿਆ ਗਿਆ ਹੈ। ਸੁਰਿੰਦਰ ਸਿੰਘ ਸੀਰਤ ਰਚਿਤ 'ਭਰਮ ਭੁੱਲਦੀਆਂ' (੧੯੮੫ ਈ.) ਵਿਚ ਇਕ ਸਾਧਾਰਣ ਕਹਾਣੀ ਨੂੰ ਚੇਤਨਾ ਪ੍ਰਵਾਹ ਦੀ ਸ਼ੈਲੀ ਵਿਚ ਲਿਖਿਆ ਗਿਆ ਹੈ। ਇਹ ਇਕ ਅਸਫਲ ਪਿਆਰ, ਧਰਮ ਅਤੇ ਜਾਤਪਾਤ ਦੇ ਬੰਧਨਾਂ ਵਿਚ ਜਕੜੇ ਔਰਤਮਰਦ ਦੇ ਪਿਆਰ ਦੀ ਦਾਸਤਾਨ ਹੈ। ਜਿਸ ਦੇ ਰਾਹ ਵਿਚ ਗੁਰਬਤ ਵੀ ਰੋੜਾ ਬਣ ਆ ਖੜੋਂਦੀ ਹੈ। ਸੁਸ਼ੀਲ ਸ਼ਰਮਾ ਦਾ 'ਸਲਾਖਾਂ ਬੋਲ ਉਠੀਆਂ' (੧੯੯੧ ਈ.) ਜੋ ਆਪਣੇ ਆਪ ਵਿਚ ਇਕ ਐਸਾ ਪ੍ਰਯੋਗ ਹੈ ਕਿ ਕਈ ਆਲੋਚਕਾਂ ਨੂੰ ਇਸ ਦੇ ਨਾਵਲ ਹੋਣ ਤੇ ਵੀ ਸ਼ੱਕ ਹੋ ਸਕਦਾ



ਹੈ। ਇਸ ਵਿਚ ਵਾਸਤਵਿਕਤਾ ਅਤੇ ਫੈਂਟੇਸੀ ਨੂੰ ਨਾਲ ਨਾਲ ਤੋਰਿਆ ਗਿਆ ਹੈ। ਇਹ ਨਾਵਲ ਇਕ ਸਥਿਤੀ ਦਾ ਵਰਣਨ ਹੈ ਸਮੱਸਿਆ ਦੇ ਸਮਾਧਾਨ ਵਲ ਸਿੱਧਾ ਤੇ ਸਪੱਸ਼ਟ ਇਸ਼ਾਰਾ ਹੈ।ਇਸ ਤੋਂ ਇਲਾਵਾ ਜੋਗਿੰਦਰ ਸਿੰਘ ਪਾਂਧੀ ਦਾ ਮਾਂ, ਸੁਰਿੰਦਰ ਨੀਰ ਦਾ ਸ਼ਿਕਾਰਗਾਹ ਅਤੇ ਮਾਇਆ ਅਜੋਕੇ ਦੌਰ ਦੀਆਂ ਪ੍ਰਮੁੱਖ ਰਚਨਾਵਾਂ ਹਨ ਜਿੰਨ੍ਹਾਂ ਬਾਰੇ ਪਾਠਕਾਂ ਅਤੇ ਆਲੋਚਕਾਂ ਨੇ ਗੰਭੀਰ ਨੋਟਿਸ ਲਿਆ ਹੈ। ਆਉਣ ਵਾਲੇ ਦਿਨਾਂ ਵਿਚ ਮੋਨੋਜੀਤ ਦੇ ਵਿਅੰਗ ਨਾਵਲ 'ਕੁੱਕੜੂੰ ਕੜੂੰ', ਜੋ ਕਿ ਆਬਰੂ ਵਿਚ ਲੜੀ ਵਾਰ ਛੱਪ ਚੁਕਿਆ ਹੈ ਅਤੇ ਨੀਰ ਦੇ ਨਾਵਲ 'ਮਹਾਂ ਮਾਇਆ' ਦਾ ਇੰਤਜ਼ਾਰ ਹੈ ਜਿੰਨ੍ਹਾਂ ਦੇ ਜਲਦੀ ਹੀ ਛੱਪਣ ਦੀ ਉਮੀਦ ਹੈ।

## 5.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜੰਮੂ ਕਸ਼ਮੀਰ ਵਿਚ ਪੰਜਾਬੀ ਨਾਵਲਕਾਰਾਂ ਨੇ ਬਹੁਤ ਛੇਤੀ ਤੇ ਬਹੁਤ ਘੱਟ ਸਮੇਂ ਵਿਚ ਹੈਰਾਨੀਜਨਕ ਢੰਗ ਨਾਲ ਪੰਜਾਬੀ ਨਾਵਲ ਦੇ ਵੱਖ ਵੱਖ ਪੜਾਵਾਂ ਚੋਂ ਲੰਘ ਕੇ ਸਮੁੱਚੇ ਪੰਜਾਬੀ ਨਾਵਲ ਦੇ ਨਾਲ ਹੀ ਨਹੀਂ ਜਾ ਖੜੋਤੇ ਬਲਕਿ ਮੋਢੇ ਨਾਲ ਮੋਟਾ ਡਾਹ ਕੇ ਤੁਰਨ ਲੱਗ ਪਏ ਹਨ। ਪ੍ਰਵਿਰਤੀਆਂ ਦੀ ਦ੍ਰਿਸ਼ਟੀ ਤੋਂ ਵੀ ਇਸ ਨੇ ਸਮਕਾਲੀ ਭਾਰਤੀ ਨਾਵਲ ਦੇ ਨਾਲ ਤੁਰਨ ਦਾ ਯਤਨ ਕੀਤਾ ਹੈ ਅਤੇ ਕਲਾ ਦੀ ਦ੍ਰਿਸ਼ਟੀ ਤੋਂ ਵਿਸ਼ਵ ਭਰ ਦੇ ਨਾਵਲੀ ਮਾਠਸਾਂ ਨੂੰ ਸਾਹਮਣੇ ਰੱਖ ਆਪਣੀਆਂ ਰਚਨਾਵਾਂ ਨੂੰ ਪ੍ਰਕਾਸ਼ ਵਿਚ ਲਿਆਂਦਾ ਹੈ।

## 5.5 Glossory/Keywords(ਔਖੇ ਸ਼ਬਦਾਂ ਦੇ ਅਰਥ)

**ਆਂਚਲਿਕ - ਖੇਤਰੀ ਜਾਂ ਕਿਸੇ ਖਿੱਤੇ ਵਿਸ਼ੇਸ਼ ਨਾਲ ਸੰਬੰਧਿਤ**

**ਸਿਆਸੀ - ਰਾਜਨੀਤਕ**

**ਪ੍ਰਵਿਰਤੀ - ਝੁਕਾਓ (trend)**

**ਮੰਤਵ - ਮਕਸੱਦ**

**ਪਤਨ - ਵਿਨਾਸ਼**

**ਪੀਡੀਆ - ਪੱਕੀਆਂ**

**ਦਾਸਤਾਨ - ਬਿਰਤਾਂਤ ਜਾਂ ਕਹਾਣੀ**

**ਅਭਿਵਿਅਕਤੀ - ਪੇਸ਼ਕਾਰੀ**

## 5.6 Lesson End Exercise

1. ਰਿਆਸਤੀ ਪੰਜਾਬੀ ਨਾਵਲ ਸਾਹਿਤ ਦੇ ਆਰੰਭ ਬਾਰੇ ਜਾਣਕਾਰੀ ਦਿਉ।
2. ਰਿਆਸਤ ਦੇ ਨਾਵਲਕਾਰਾਂ ਨੇ ਕਿਹੜੇ-੨ ਵਿਸ਼ਿਆਂ ਬਾਰੇ ਨਾਵਲ ਲਿੱਖੇ ? ਉਦਾਹਰਣ ਸਹਿਤ ਦੱਸੋ।
3. ਰਿਆਸਤੀਪੰਜਾਬੀ ਨਾਵਲ ਸਾਹਿਤ ਦੇ ਵਿਕਾਸ ਵਿਚ ਕਿਨ੍ਹਾਂ-੨ ਨਾਵਲਕਾਰਾਂ ਨੇ ਦਾ ਯੋਗਦਾਨ ਹੈ ? ਚਰਚਾ ਕਰੋ।

## 5.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਗੁਲਸ਼ਨ, ਗੁਰਚਰਨ ਸਿੰਘ।*ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 5.8 Suggested Further Readings(ਵਿਦਿਆਰਥੀਆਂ ਲਈ ਅਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਨਾਟਕ ਸਾਹਿਤ ਦੇ ਆਰੰਭ ਬਾਰੇ ਹੋਰ ਜਾਨਣ ਲਈ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਅਤੇ ਨਾਟਕ ਦੇ ਸਿਧਾਂਤਕ ਪੱਖ ਨੂੰ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ

............................



# 'ਰਿਆਸਤੀ ਪੰਜਾਬੀ ਕਹਾਣੀ ਦਾ ਆਰੰਭ ਅਤੇ ਵਿਕਾਸ'

**Unit : 2**

**Lesson No. : 6**

**Structure :**


6.1 Introduction (ਜਾਣ-ਪਛਾਣ)

6.2 Objective (ਉਦੇਸ਼)

6.3 Content (ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ )

6.4 Summary (ਨਿਸ਼ਕਰਸ਼)

6.5 Glossary/Keywords (ਔਖੇ ਸ਼ਬਦਾਂ ਦੇ ਅਰਥ)

6.6 Lesson End Exercise

6.7 References (ਸਹਾਇਕ ਗ੍ਰੰਥਾਵਲੀ)

6.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

## 6.1 Introduction (ਜਾਣ-ਪਛਾਣ)

ਰਿਆਸਤ ਦੀਆਂ ਸਾਰੀਆਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ। ਕਹਾਣੀ ਵੀ ਰਿਆਸਤੀ ਪੰਜਾਬੀ ਸਾਹਿਤ ਦੀ ਅਜਿਹੀ ਉਤਕ੍ਰਿਸ਼ਟ ਵਿਧਾ ਹੈ ਜਿਸ ਨੂੰ ਰਿਆਸਤੀ ਸਾਹਿਤਕਾਰਾਂ ਨੇ ਦੀਰਘ ਰਚਨਾਵਾਂ ਰਾਹੀਂ ਪ੍ਰਫੁਲਤ ਕੀਤਾ ਹੈ। ਅਜੋਕੇ ਦੌਰ ਵਿਚ ਰਿਆਸਤੀ ਸਾਹਿਤ ਵਿਚ ਕਵਿਤਾ ਤੋਂ ਬਾਅਦ ਜੇਕਰ ਕੋਈ ਅਜਿਹਾ ਸਾਹਿਤ ਰੂਪ ਜੋ ਸੱਭ ਤੋਂ ਵੱਧ ਚਰਚਾ ਵਿਚ ਹੈ ਤਾਂ ਉਹ ਕਹਾਣੀ ਹੈ।

## 6.2 Objective (ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਕਹਾਣੀ ਸਹਿਤ ਦੇ ਆਰੰਭ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਕਹਾਣੀ ਦੇ ਸਾਹਿਤਕ ਪਿਛੋਕੜ ਤੋਂ ਜਾਣੂ ਕਰਵਾਉਣਾ ਹੈ। ਜਿਸ ਨਾਲ ਪਾਠਕ ਨੂੰ ਪੰਜਾਬੀ ਕਹਾਣੀ ਸਾਹਿਤ ਦੇ ਆਰੰਭ ਅਤੇ ਉਸ ਦੀ ਵਿਕਾਸ ਪ੍ਰਕਿਰਿਆ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ।

## 6.3 Content(ਰਿਆਸਤੀ ਪੰਜਾਬੀ ਕਹਾਣੀ ਦਾ ਆਰੰਭ ਅਤੇ ਇਤਿਹਾਸਕ ਵਿਕਾਸ)

ਸਮੁੱਚੀ ਪੰਜਾਬੀ ਕਹਾਣੀ ਦੀ ਉਮਰ ਵੀ ਕੋਈ ਲੰਮੀ ਨਹੀਂ ਪ੍ਰੰਤੂ ਜੰਮੂ ਕਸ਼ਮੀਰ ਵਿਚ ਪੰਜਾਬੀ ਕਹਾਣੀ ਹੋਰ ਵੀ ਪਛੜ ਕੇ ਆਈ ਹੈ, ਭਾਵ ੧੯੪੭ ਈ· ਤੋਂ ਮਗਰੋਂ। ੧੯੪੭ ਈ· ਮਗਰੋਂ ਪਹਿਲੀ ਪੰਜਾਬੀ ਨਿੱਕੀ ਕਹਾਣੀ ਰਿਆਸਤ ਜੰਮੂ ਕਸ਼ਮੀਰ ਵਿਚ ਕਿਸ ਨੇ ਲਿਖੀ ਅਤੇ ਕਦੋਂ ਲਿਖੀ ਅਤੇ ਕਦੋਂ ਪ੍ਰਕਾਸ਼ਿਤ ਹੋਈ, ਆਪਣੇ ਆਪ ਵਿਚ ਕਾਫੀ ਰੋਚਿਕ ਜਾਣਕਾਰੀ ਹੈ। ਮਾਨਭਾਰਗਵ ਦਾ ਕਹਿਣਾ ਹੈ ਕਿ ਵਰ੍ਹਾ ੧੯੫੫ ਈ· ਵਿਚ ਕੰਵਲ ਕਸ਼ਮੀਰੀ ਦੀ ਕਹਾਣੀ 'ਕੱਪਾਂ ਦੀ ਕੁਲੀ' ਪਹਿਲੀ ਪੰਜਾਬੀ ਕਹਾਣੀ ਹੈ ਰਿਆਸਤ ਜੰਮੂ ਕਸ਼ਮੀਰ ਦੇ ਕਿਸੇ ਕਲਾਕਾਰ ਦੀ ਜੋ ਜੁਲਾਈ ੧੯੫੫ ਈ· ਵਿਚ ਪੰਜਾਬੀ ਦੇ ਪ੍ਰਸਿੱਧ ਪਰਚੇ 'ਪੰਜ ਦਰਿਆ' ਵਿਚ ਛਪੀ। ਕੰਵਲ ਕਸ਼ਮੀਰੀ ਦਾ ਆਖਣਾ ਹੈ ਕਿ ਉਸ ਦੀਆਂ ਪੰਜਾਬੀ ਕਹਾਣੀਆਂ ੧੯੫੪ ਈ. ਤੋਂ ਛਪਣੀਆਂ ਆਰੰਭ ਹੋ ਚੁੱਕੀਆਂ ਸਨ। ਆਪਣੇ ਪ੍ਰਥਮ ਕਹਾਣੀ-ਸੰਗ੍ਰਹਿ ਵਿਚ ਕੰਵਲ ਕਸ਼ਮੀਰੀ ਲਿਖਦਾ ਹੈ…"ਉੱਵ ਹੁਨਰੀ ਕਹਾਣੀ ਦੀ ਸੂਝ ਦਾ ਆਰੰਭਕ ਪ੍ਰਯੋਗ ੧੯੫੨ ਵਿਚ ਕਰਨ ਲੱਗ ਪਿਆ ਸਾਂ ਪ੍ਰੰਤੂ ਪਹਿਲੀ ਕਹਾਣੀ ਜਦ 'ਹੋਣਹਾਰ' ਦਿੱਲੀ, ਅਕਤੂਬਰ, ੧੯੫੩ ਵਿਚ ਪ੍ਰਕਾਸ਼ਿਤੋਂ ਹੋਈ ਤਾਂ ਮੈਨੂੰ ਬੜੀ ਖੁਸ਼ੀ ਹੋਈ ਸੀ। ਉਸ ਕਹਾਣੀ ਜਿਸ ਦਾ ਨਾਮ 'ਖੌਫਨਾਕ ਧਮਾਕਾ' ਸੀ, ਆਪਣੇ ਪਰਿਵਾਰ ਦੁਆਲੇ ਘੁੰਮਦੀ ਉਸਾਰੀ ਗਈ ਸੀ।" ਕੰਵਲ ਕਸ਼ਮੀਰੀ ਦੇ ਇਸ ਦਾਅਵੇ ਦੇ ਉੱਤਰ ਵਿਚ ਹੀ ਸਰਨ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਪਹਿਲੀ ਕਹਾਣੀ 'ਹਿਚਕੋਲੇ' ੧੯੫੨ ਈ.ਵਿਚ ਲਿਖੀ। ਪ੍ਰੰਤੂ ਉਹ ਆਪਣੇ ਦਾਅਵੇ ਵਿਚ ਇਹ ਪ੍ਰਮਾਣਿਕ ਨਹੀਂ ਕਰਦਾ ਕਿ ਉਹ ਕਦੋਂ ਤੇ ਕਿਵੇਂ ਪ੍ਰਕਾਸ਼ਿਤ ਹੋਈ ਸੀ।

ਅਗਰ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਵੀ ਕੰਵਲ ਕਸ਼ਮੀਰੀ ਨੂੰ ਹੀ ਆਧੁਨਿਕ ਨਿੱਕੀ ਕਹਾਣੀ ਦੇ ਖੇਤਰ ਵਿਚ ਜੰਮੂ ਕਸ਼ਮੀਰ ਦਾ ਪਹਿਲਾ ਕਹਾਣੀਕਾਰ ਕਹਾਂਗੇ, ਜਿਸ ਦਾ ਪਹਿਲਾ ਕਹਾਣੀ ਸੰਗ੍ਰਹਿ 'ਕੋਪਲਾਂ' ਵਰ੍ਹਾ ੧੯੬੫ ਈ. ਵਿਚ ਪ੍ਰਕਾਸ਼ਿਤ ਹੋਇਆ। ਦੂਜੇ ਵਰ੍ਹੇ ਭਾਵ ੧੯੬੬ ਈ. ਵਿਚ ਦਿਲਜੀਤ ਸਿੰਘ, ਸਰਨ ਸਿੰਘ ਅਤੇ ਗੁਰਚਰਨ ਸਿੰਘ ਗੁਲਸ਼ਨ ਆਪੋ ਆਪਣੇ ਕਹਾਣੀ ਸੰਗ੍ਰਹਿ ਕ੍ਰਮਵਾਰ 'ਦੁੱਕੀ ਤਿੱਕੀ ਪੰਜੀ', 'ਭੁਲੇਖੇ' ਅਤੇ ਹੋਰ ਕਹਾਣੀਆਂ ਅਤੇ 'ਕੱਲੀਆਂ' ਲੈ ਕੇ ਆਉਂਦੇ ਹਨ। ਉਸ ਤੋਂ ਮਗਰੋਂ ਹਰ ਵਰ੍ਹੇ ਦੋ ਤਿੰਨ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਕੇ ਆਉਂਦੇ ਰਹੇ ਹਨ। ਸਿੱਟੇ ਵਜੋਂ ਅੱਜ ਢਾਈ ਦਰਜਨ ਤੋਂ ਵੱਧ ਕਥਾਕਾਰ ਆਪਣੇ ੭੫ ਤੋਂ ਵਧੀਕ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕੇ ਹਨ, ਇਨ੍ਹਾਂ ਵਿਚ ਸਾਹਿਤਕ ਸਭਾਵਾਂ ਵਲੋਂ



ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ਸ਼ਾਮਲ ਕਰ ਲਈਏ ਤਾਂ ਇਹ ਗਿਣਤੀ ਕਾਫੀ ਵੱਡੀ ਹੋ ਜਾਂਦੀ ਹੈ। ਕਹਾਣੀਕਾਰਾਂ 'ਚ ਕਈ ਐਸੇ ਵੀ ਹਨ ਜਿਨ੍ਹਾਂ ਨੇ ਇਕ ਤੋਂ ਵਧੀਕ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾਏ ਹਨ ਜਿਵੇਂ ਚੰਦਨ ਨੇਗੀ ਨੇ ਸੱਤ, ਭੁਪਿੰਦਰ ਸਿੰਘ ਸੂਦਨ ਅਤੇ ਗੁਰਚਰਨ ਸਿੰਘ ਗੁਲਸ਼ਨ ਨੇ ਪੰਜ ਪੰਜ, ਸਰਨ ਸਿੰਘ, ਦੀਦਾਰ ਸਿੰਘ, ਬਲਜੀਤ ਰੈਨਾ, ਖਾਲਿਦ ਹੁਸੈਨ ਅਤੇ ਇੱਛੂਪਾਲ ਨੇ ਚਾਰ ਚਾਰ, ਕੰਵਲ ਕਸ਼ਮੀਰੀ ਨੇ ਤਿੰਨ ਅਤੇ ਬਹੁਤਿਆਂ ਨੇ ਦੋ ਦੋ ਅਤੇ ਕਈ ਐਸੇ ਵੀ ਹਨ ਜਿਨ੍ਹਾਂ ਨੇ ਸਿਰਫ਼ ਇਕ ਇਕ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਕੇ ਚੁੱਪ ਸਾਧ ਲਈ ਹੈ।

੧੯੪੭ ਈ. ਦੀ ਸ਼ੋਰਸ਼ ਵਿਚ ਜੰਮੂ ਕਸ਼ਮੀਰ ਦਾ ਪੰਜਾਬੀ ਬੋਲਦਾ ਇਲਾਕਾ ਵੀ ਆਇਆ ਅਤੇ ਜੋ ਕੱਟ-ਵੱਢ, ਲੁੱਟ-ਖੋਹ ਅਤੇ ਔਰਤਾਂ ਦੀ ਬੇਪਤੀ ਹੋਈ ਉਸ ਨੇ ਇਥੋਂ ਤੇ ਕਥਾਕਾਰਾਂ ਦੇ ਦਿਲ ਦਿਮਾਗ਼ ਨੂੰ ਹਿਲਾ ਕੇ ਰੱਖ ਦਿੱਤਾ। ਬਹੁਤ ਘੱਟ ਕਥਾਕਾਰ ਹਨ ਜਿਨ੍ਹਾਂ ਨੇ ਇਸ ਸਾਕੇ ਤੇ ਸਿੱਧੇ ਤੌਰ ਤੇ ਕੁਝ ਲਿਖਿਆ ਹੈ। ਪੁਰਾਣੀ ਪੀੜ੍ਹੀ ਹੀ ਇਸ ਬਾਰੇ ਕੁਝ ਲਿਖ ਸਕਦੀ ਹੈ। ਪ੍ਰੀਤਮ ਸਿੰਘ ਗਿਆਨੀ ਦਾ ਨਾਂ ਖ਼ਾਸ ਤੌਰ ਤੇ ਲਿਆ ਜਾ ਸਕਦਾ ਹੈ, ਜਿਸ ਨੇ ਆਪਣੀ ਕਹਾਣੀ 'ਪਾਣੀ', 'ਢਾਲ' ਅਤੇ 'ਦੋ ਝਾਂਵਲੇ' ਜਜ਼ਬਾਤੀ ਰੰਗ ਵਿਚ ਰੰਗੀਆਂ ਕਹਾਣੀਆਂ ਰਚੀਆਂ ਹਨ। ਹਰਨਾਮ ਸਿੰਘ ਦੁਖੀਆ ਨੇ ਵੀ ਇਕ ਅੱਧ ਕਹਾਣੀ ਲਿਖੀ ਹੈ, ਇਸ ਵਿਸ਼ੇ ਤੇ ਅਤੇ ਇਸੇ ਸਬੰਧ ਵਿਚ ਸੇਵਾ ਸਿੰਘ ਰਚਿਤ ਕਹਾਣੀ ਹੈ, 'ਉਹ ਨਾ ਭੁਲਾ ਜਾਈਏ'। ਇਨ੍ਹਾਂ ਕਥਾਕਾਰਾਂ ਨੇ ਇਸ ਦੌਰ ਵਿਚ ਵੀ ਮਾਨਵਤਾ ਅਤੇ ਫਿਰਕੂ ਸਦਭਾਵਨਾ ਦਾ ਪੱਲਾ ਹੱਥੋਂ ਨਹੀਂ ਛੁਟਕਣ ਦਿੱਤਾ।

**Check Your Progress**

**Note:** i) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

ii) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਰਿਆਸਤੀ ਪੰਜਾਬੀ ਕਹਾਣੀ ਲਿਖਣ ਵਿਚ ਮੁੱਢਲੇ ਯਤਨ ਕਿਨੇ ਕਿਨੇ ਕੀਤੇ?

੨. ਰਿਆਸਤੀ ਕਹਾਣੀਕਾਰਾਂ ਨੇ ੧੯੪੭ ਦੀ ਦੇਸ਼ ਵੰਡ ਦਾ ਪ੍ਰਭਾਵ ਕਿਵੇਂ ਕਬੂਲਿਆ ?

ਗੁਰਚਰਨ ਸਿੰਘ ਗੁਲਸ਼ਨ ਅਤੇ ਭੁਪਿੰਦਰ ਸਿੰਘ ਸੂਦਨ ਨੇ ਆਪਣੀਆਂ ਅਨੇਕ ਕਹਾਣੀਆਂ ਵਿਚ ਐਸੇ ਪਾਤਰ ਲਏ ਹਨ, ਜੋ ਇਸ ਦੁਖਾਂਤ ਦਾ ਸ਼ਿਕਾਰ ਹੋਏ ਨੇ, ਖ਼ਾਸ ਤੌਰ ਤੇ ਇਸ ਸ਼ੋਰਸ਼ ਵਿਚ ਯਤੀਮ ਹੋਏ ਬੱਚੇ। ਇੰਝ ਹੀ ਪ੍ਰੇਮ ਸਿੰਘ ਦੀ 'ਮਾਂ', ਕੰਵਲ ਕਸ਼ਮੀਰੀ ਦੀ 'ਸੰਤੀ ਦਾ ਵਿਆਹ' ਅਤੇ 'ਆਤਮਘਾਤ' ੧੯੪੭ ਈ· ਦੇ ਦੁਖਾਂਤ ਤੋਂ ਪ੍ਰਭਾਵਿਤ ਹੋ ਕੇ ਰਚੀਆਂ ਕਹਾਣੀਆਂ ਹਨ ਜਿਨ੍ਹਾਂ ਵਿਚ ਪਕਿਆਈ ਹੈ ਕਿਉਂਕਿ ਉਹ ਦੁਖਾਂਤ ਵਾਪਰਨ ਤੋਂ ਕੋਈ ਪੰਦਰ੍ਹਾਂ ਵੀਹ ਵਰਿਆਂ ਮਗਰੋਂ ਰਚੀਆਂ ਗਈਆਂ ਹਨ।

੧੯੪੭ ਦੀ ਵੰਡ ਕਾਰਨ ਕੁਝ ਹੋਰ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ ਜਿਨ੍ਹਾਂ ਵਿਚ ਬੇਰੁਜ਼ਗਾਰੀ, ਮੁੜ ਵਸੇਬਾ, ਪੁਰਾਣਾ ਮਾਹੌਲ ਛੁੱਟ ਜਾਣ ਅਤੇ ਨਵੇਂ ਮਾਹੌਲ ਦਾ ਅਣਸੁਖਾਵਾਂ ਲਗਣਾ ਆਦਿ। ਇਹ ਸਮੱਸਿਆਵਾਂ ਸਮੇਂ ਦੇ ਬੀਤਣ ਨਾਲ ਭਾਵੇਂ ਮੁੱਕ ਤਾਂ ਨਹੀਂ ਗਈਆਂ ਪਰ ਇਕ ਹੋਰ ਵੱਡੀ ਸਮੱਸਿਆ ਆ ਖੜੀ ਹੋਈ, ਪਿੰਡਾਂ ਨੂੰ ਛੱਡ ਸ਼ਹਿਰਾਂ ਵਲ ਨੂੰ ਭੱਜਣ ਦੀ ਦੌੜ। ਕੁਦਰਤੀ ਸੀ ਕਿਉਂਕਿ ਗਿਆਨ ਅਤੇ ਵਿਦਿਆ ਦੀ ਭੁੱਖ ਦੀ ਤ੍ਰਿਪਤੀ ਤੋਂ ਇਲਾਵਾ ਸ਼ਹਿਰਾਂ ਵਿਚ ਰਹਿਣ ਸਹਿਣ ਅਤੇ ਨੌਕਰੀ ਰੁਜ਼ਗਾਰ ਦੀਆਂ ਸਹੂਲਤਾਂ ਵੀ ਵੱਧ ਸਨ ਪਿੰਡਾਂ ਦੇ ਮੁਕਾਬਲੇ ਤੇ ਪ੍ਰੇਮ ਸਿੰਘ ਦੀ 'ਇਕ ਹੋਕਾ' ਅਤੇ ਕੰਵਲ ਕਸ਼ਮੀਰੀ ਦੀ 'ਭੁਲੇਖਾ' ਵਿਚ ਇਹੋ ਕੁਝ ਦਰਸਾਇਆ ਹੈ।

ਜੰਮੂ ਕਸ਼ਮੀਰ ਵਿਚ ਜਾਗੀਰਦਾਰੀ ਨਿਜ਼ਾਮ ਦੀ ਸਮਾਪਤੀ ਇਕ ਇਤਿਹਾਸਕ ਅਤੇ ਮਹੱਤਵਪੂਰਨ ਘਟਨਾ ਸੀ ਜਿਸ ਕਾਰਨ ਸਾਰੀ ਕਿਰਸਾਨੀ ਆਜ਼ਾਦ ਹੋਈ ਗੁਲਾਮ ਜਬਰ ਤੋਂ ਅਤੇ ਆਪਣੇ ਖੇਤਾਂ ਦੇ ਨਾਲ ਨਾਲ ਆਪਣੇ ਘਰ ਅਤੇ ਤੀਵੀਆਂ ਦੇ ਵੀ ਮਾਲਕ ਆਪ ਹੋਏ। ਇਹ ਬਦਲੀ ਹੋਈ ਸਥਿਤੀ ਸਰਨ ਸਿੰਘ ਦੀ ਕਹਾਣੀ 'ਪਾਣੀ ਦਾ ਢੇਰ' ਵਿਚ ਵੇਖੀ ਜਾ ਸਕਦੀ ਹੈ।

ਵੀਹਵੀਂ ਸਦੀ ਦੇ ਆਰਥਕ ਮੰਦਵਾੜੇ ਨੇ ਆਮ ਲੋਕਾਂ ਦਾ ਜਿਉਣਾ ਔਖਾ ਕਰ ਦਿੱਤਾ। ਭਾਵੇਂ ਪੰਜ ਵਰਗੀ ਯੋਜਨਾਵਾਂ ਵੀ ਅਸਲ ਵਿਚ ਆਈਆਂ ਪਰ ਕਾਣੀ ਵੰਡ ਅਤੇ ਆਰਥਕ ਨਾ ਬਰਾਬਰੀ ਜੋ ਨਾਲੋ ਨਾਲ ਤੁਰੀਆਂ ਜਾ ਰਹੀਆਂ ਹਨ। ਜਿਸ ਕਾਰਨ ਹੋਏ ਅਤੇ ਅਣਹੋਏ ਵਿਚਕਾਰਲਾ ਭੇਦ ਵਧਦਾ ਹੀ ਚਲਾ ਗਿਆ। ਅਮੀਰ ਗਰੀਬ ਦਾ ਜਮਾਤੀ ਘੋਲ, ਗਰੀਬਾਂ ਦਾ ਸ਼ੋਸ਼ਣ ਅਤੇ ਆਰਥਕ ਕਾਣੀ ਵੰਡ ਆਦਿ ਸਮੱਸਿਆਵਾਂ ਰਿਆਸਤ ਦੇ ਕਥਾਕਾਰਾਂ ਨੂੰ ਪ੍ਰਭਾਵਿਤ ਕਰਦੀਆਂ ਰਹੀਆਂ ਜਿਨ੍ਹਾਂ ਦੀ ਝਲਕ ਗੁਰਚਰਨ ਸਿੰਘ ਗੁਲਸ਼ਨ ਅਤੇ ਦਿਲਜੀਤ ਦੀਆਂ ਕਹਾਣੀਆਂ ਬਹੁਤ ਹੀ ਗਰੀਬ ਵਰਗ ਜਿਵੇਂ ਰਿਕਸ਼ਾ ਵਾਹੁਣ ਵਾਲੇ ਮਜ਼ਦੂਰ ਅਤੇ ਬੇਕਾਰ ਨੌਜਵਾਨ ਕਾਣੀ ਵੰਡ ਅਤੇ ਸ਼ੋਸ਼ਣ ਕਾਰਨ ਦੁਖੀ ਹਨ ਅਤੇ ਤਕਲੀਫ਼ਾਂ ਨਾਲ ਜੂਝਦੇ ਹਨ। ਉਥੇ ਗੁਰਚਰਨ ਸਿੰਘ ਗੁਲਸ਼ਨ ਦੀ ਸਾਰੀ ਦੀ ਸਾਰੀ ਕਹਾਣੀ ਕਲਾ ਆਰਥਿਕ ਤੇ ਬੇਇਨਸਾਫ਼ੀ ਦੇ ਖ਼ਿਲਾਫ਼ ਇਕ ਵੰਗਾਰ ਹੈ। ਉਹ ਨਾ ਬਰਾਬਰੀ ਅਤੇ ਆਰਥਿਕ ਜਦੋ ਜਹਿਦ ਨੂੰ ਆਪਣੀਆਂ ਕਹਾਣੀਆਂ ਦਾ ਮੌਜੂਦ ਬਣਾਉਂਦਾ ਹੈ। ਉਸ ਨੇ ਪੇਂਡੂ ਲਿਖੇ ਮੱਧਵਰਗੀ, ਖਾਸ ਤੌਰ ਤੇ ਮਾਸਟਰ ਵਰਗ, ਦੀ ਭੈੜੀ ਆਰਥਕ ਹਾਲਤ ਨੂੰ ਆਪਣੀਆਂ ਕਹਾਣੀਆਂ ਵਿਚ ਚਿਤਰਿਆ ਹੈ। ਇਹਨਾਂ ਤੋਂ ਇਲਾਵਾ ਪ੍ਰੋ. ਪ੍ਰੇਮ ਸਿੰਘ, ਕੰਵਲ ਕਸ਼ਮੀਰੀ, ਭੁਪਿੰਦਰ ਸਿੰਘ ਸੂਦਨ, ਹਰਭਜਨ ਸਿੰਘ ਸਾਗਰ, ਬਲਜੀਤ ਸਿੰਘ ਰੈਨਾ, ਇਛੂਪਾਲ ਦੀਆਂ ਕਹਾਣੀਆਂ ਆਰਥਿਕਤਾ ਨਾਲ ਸੰਬੰਧਤ ਸਮੱਸਿਆਵਾਂ 'ਤੇ ਰਚੀਆਂ ਗਈਆਂ ਹਨ।

ਸਮੁੱਚੇ ਪੰਜਾਬੀ ਕਲਾ ਸਾਹਿਤ ਵਾਂਗ ਪਹਿਲਾ ਜਤਨ ਇਸ ਪ੍ਰਵਿਰਤੀ ਸਮਾਜ ਦੀ ਅਗਵਾਈ, ਅਧੀਨ ਕਹਾਣੀਆਂ ਚਨ ਦਾ ਮੁੱਢਲੇ ਕਹਾਣੀਕਾਰਾਂ ਹਰਨਾਮ ਸਿੰਘ ਦੁਖੀਆ ਅਤੇ ਦਰਸ਼ਨ ਸਿੰਘ ਸ਼ਾਨ ਨੇ ਕੀਤਾ। ਰਿਆਸਤ ਦੇ ਹੰਢੇ ਵਰਤੇ ਪੰਜਾਬੀ ਕਹਾਣੀਕਾਰਾਂ ਨੇ ਵੀ ਇਸ ਪਾਸੇ ਧਿਆਨ ਦਿੱਤਾ ਹੈ ਜਿਵੇਂ ਪ੍ਰੋ. ਪ੍ਰੇਮ ਸਿੰਘ ਦੀ 'ਬਿਚਾਰਾ ਕਤੂੰਗੜਾ', ਕੰਵਲ ਕਸ਼ਮੀਰੀ ਦੀ 'ਅੱਕ ਦਾ ਬੂਟਾ', ਗੁਰਚਰਨ ਸਿੰਘ ਗੁਲਸ਼ਨ ਦੀ 'ਬੁੱਢਾ ਮਰਨਾ' ਅਤੇ ਖਾਲਿਦ ਹੁਸੈਨ ਦੀ 'ਸ਼ਰਧਾਲੂ' ਆਦਿ।

ਅੱਜ ਦੇ ਸਮਾਜ ਵਿਚ ਵਧੀ ਹੋਈ ਕਾਮ ਭੁੱਖ ਦੀ ਤ੍ਰਿਪਤੀ ਨੂੰ ਅਨੁਭਵ ਕੀਤਾ ਜਾ ਰਿਹਾ ਹੈ ਅਤੇ ਉਸ ਦੇ ਅਨੁਕੂਲ ਹੀ ਕਾਮ ਸਬੰਧੀ ਨਵੇਂ ਦ੍ਰਿਸ਼ਟੀਕੋਣ ਸਾਹਮਣੇ ਆ ਰਹੇ ਹਨ। ਰਿਆਸਤ ਦੇ ਪੰਜਾਬੀ ਕਥਾਕਾਰਾਂ ਨੇ ਕਾਮ ਜਿਹੇ ਤਿਲਕਵੇਂ ਵਿਸ਼ੇ ਨੂੰ ਵੀ ਹੱਥ ਪਾਇਆ ਹੈ। ਇਸ ਸਬੰਧ ਵਿਚ ਸਰਨ ਸਿੰਘ, ਖਾਲਿਦ ਹੁਸੈਨ ਅਤੇ ਭੁਪਿੰਦਰ ਸਿੰਘ ਸੂਦਨ ਨੇ ਬਹੁਤ ਸਾਰੀਆਂ ਕਹਾਣੀਆਂ ਲਿਖੀਆਂ ਹਨ, ਜਿਨ੍ਹਾਂ ਵਿਚ 'ਤਬਦੀਲੀ', 'ਭੁਲੇਖਾ', ਪ੍ਰੋਤਸਾਹਨ ਤੇ ਨਲਕਾ (ਸਰਨ ਸਿੰਘ ਰਚਿਤ), 'ਠੰਡੀ ਕਾਂਗੜੀ', 'ਭੁੱਖੀ ਮਲੋਂ', 'ਮਹਿਰੀ', 'ਮਹੂਦ ਦਾ ਦਰੱਖਤ' (ਖਾਲਿਦ ਹੁਸੈਨ ਰਚਿਤ) ਅਤੇ 'ਹਾਵ ਭਾਵ', 'ਤੁਜਕੇ ਬਾਬਰੀ', 'ਇਹ ਕੌਣ ਆਹੀਆ ਹਨ' ਅਤੇ 'ਉਮਰ' (ਭੁਪਿੰਦਰ ਸਿੰਘ ਰਚਿਤ) ਵਰਣਨਯੋਗ ਹਨ। ਇਸ ਸਬੰਧ ਵਿਚ ਚੰਦਨ ਨੇਗੀ ਦਾ ਵਿਸ਼ੇਸ਼ ਜ਼ਿਕਰ ਕੀਤਾ ਜਾ ਸਕਦਾ ਹੈ, ਜਿਸ ਨੇ ਔਰਤ ਮਰਦ ਸਬੰਧਾਂ ਤੇ ਬਹੁਤ ਜੁਰਅਤ ਦਿਖਾਂਦਿਆਂ ਗੱਲ ਕੀਤੀ ਹੈ। ਆਪਣੀਆਂ ਕਹਾਣੀਆਂ ਵਿਚ 'ਅਸਲ ਚਾਂਦੀ ਦਾ ਰੁਪਿਆ', 'ਟਾਹਣੀ ਦੀ ਛਾਂ', 'ਮ੍ਰਿਤ ਤ੍ਰਿਸ਼ਨਾ', 'ਦਾਵਾਨਲ' ਅਤੇ ਕਈ ਹੋਰ ਵਰਣਨਯੋਗ ਹਨ। ਬਲਜੀਤ ਰੈਨਾ ਨੇ ਵੀ ਇਸ ਸਬਜੈਕਟ 'ਤੇ ਕਾਫੀ ਗਿਣਤੀ ਵਿਚ ਕਹਾਣੀਆਂ ਲਿਖੀਆਂ ਹਨ ਜਿਨ੍ਹਾਂ ਵਿਚੋਂ 'ਵਫ਼ਾਦਾਰੀ', 'ਨੈਂਸੀ ਡਾਰਲਿੰਗ', 'ਅੱਗ', 'ਉਹਦਾ ਨਿਰਣਾ' ਅਤੇ ਕਈ ਹੋਰ ਕਹਾਣੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸੇ ਸਬੰਧ ਵਿਚ ਪ੍ਰੋ· ਪ੍ਰੇਮ ਸਿੰਘ ਦੀ 'ਝੱਖੜ' ਅਤੇ 'ਮੋੜ' ਅਤੇ ਗੁਰਚਰਨ ਸਿੰਘ ਗੁਲਸ਼ਨ ਦੀ 'ਫੈਸਲਾ', 'ਰੂਪ ਬਦਲਦਾ ਪਿਆਰ' ਅਤੇ ਮਿੱਟੀ ਦੀ ਅੱਗ ਦੇ ਨਾਂ ਲਏ ਜਾ ਸਕਦੇ ਹਨ।



ਅੱਜ ਵੀ ਸਾਡਾ ਸਮਾਜ ਮਰਦ ਪ੍ਰਧਾਨ ਹੈ ਅਤੇ ਤੀਵੀ ਨੂੰ ਮਰਦ ਬਰਾਬਰ ਹੱਕ ਪ੍ਰਾਪਤ ਨਹੀਂ ਹਨ। ਉਹ ਅਜੇ ਵੀ ਕੁੜੀਆਂ ਜੰਮਣ ਜਾਂ ਔਲਾਦ ਨਾ ਹੋਣ ਤੇ ਘਰੋਂ ਕੱਢ ਦਿੱਤੀ ਜਾਂਦੀ ਹੈ, ਅੱਜ ਵੀ ਅਨਜੋੜ ਨਾਲ ਸਰੜ ਦਿੱਤੀ ਜਾਂਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਉਸ ਦੀ ਇੱਜ਼ਤ ਸੁਰੱਖਿਅਤ ਨਹੀਂ। ਇਨ੍ਹਾਂ ਵਿਸ਼ਿਆਂ ਨੂੰ ਲੈ ਕੇ ਜੰਮੂ ਕਸ਼ਮੀਰ ਦੇ ਪੰਜਾਬੀ ਕਥਾਕਾਰਾਂ ਨੇ ਕਹਾਣੀਆਂ ਰਚੀਆਂ ਹਨ ਜਿਵੇਂ ਪ੍ਰੇਮ ਸਿੰਘ ਦੀ 'ਮੇਰੀ ਦੁਨੀਆਂ' ਅਤੇ 'ਕੋਰੀ ਕੰਧ ਨੂੰ ਸੰਨ੍ਹੋਂ ਸਰਨ ਸਿੰਘ ਦੀ 'ਉਸ ਨਾਲ' , ਕੰਵਲ ਕਸ਼ਮੀਰੀ ਦੀ 'ਸਹਾਰਾ' ਅਤੇ 'ਪਾਸ਼ੀ', ਗੁਰਚਰਨ ਸਿੰਘ ਗੁਲਸ਼ਨ ਦੀ ਬੰਦ ਖਲਾਸ ਅਤੇ 'ਆਪੇ ਹੀ ਕਾਜ ਸਵਾਰੀਏ' । ਚੰਦਨ ਨੇਗੀ, ਸੁਖਬੀਰ ਕੌਰ ਅਤੇ ਰਿਸ਼ੀ ਕੁਮਾਰੀ ਨਾਦ ਦੀਆਂ ਲਗ-ਪਗ ਸਾਰੀਆਂ ਕਹਾਣੀਆਂ ਵਿਚ ਔਰਤ ਬਾਰੇ ਹੀ ਗੱਲ ਆਈ ਹੈ, ਚੰਦਨ ਨੇਗੀ ਦੀ ਇਸ ਸਬੰਧ ਵਿਚ 'ਕਮੋਡ' ਇਕ ਵਧੀਆ ਕਹਾਣੀ ਹੈ।

ਰਿਆਸਤ ਦੇ ਪੰਜਾਬੀ ਕਥਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਫਿਰਕੂ ਫਸਾਦਾਂ ਦੀ ਭੰਡੀ ਪਾਈ ਹੈ ਅਤੇ ਫਿਰਕੂ ਸਦਭਾਵਨਾ ਨੂੰ ਉਚਿਆਇਆ ਤੇ ਵਡਿਆਇਆ ਹੈ, ਜਿਵੇਂ ਪ੍ਰੇਮ ਸਿੰਘ ਦੀ ਕਹਾਣੀ 'ਚੂਰ ਚੂਰ' ਅਤੇ 'ਨਿਖਰਿਆ ਪਾਣੀ' ਵਿਚ ਅਤੇ ਦੀਦਾਰ ਸਿੰਘ ਦੀ 'ਸ਼ਰਨਾਗਤ' ਅਤੇ 'ਰੀਝਾਂ ਦੀ ਖੇਡ' ਵਿਚ।

ਰਿਆਸਤ ਦੇ ਕਥਾਕਾਰਾਂ ਨੇ ਮੁਲਕੀ ਅਤੇ ਆਲਮੀ ਰਾਜਨੀਤੀ ਵਿਚ ਵੀ ਰੁਚੀ ਵਿਖਾਈ ਹੈ ਜਿਵੇਂ 'ਰਾਖਾ' (ਕੰਵਲ ਕਸ਼ਮੀਰ 'ਮੇਰਾ ਘਰ' (ਗੁਰਚਰਨ ਸਿੰਘ ਗੁਲਸ਼ਨ) ਅਤੇ 'ਪਤੰਗ ਬਾਜ਼' (ਹਰਭਜਨ ਸਿੰਘ ਸਾਗਰ)। ਇਸੇ ਤਰ੍ਹਾਂ 'ਮੇਰਾ ਵਤਨ' (ਪ੍ਰੇਮ ਸਿੰਘ), 'ਆਤਮਘਾਤ' (ਕੰਵਲ ਕਸ਼ਮੀਰੀ) ਅਤੇ ਗੁਰਚਰਨ ਸਿੰਘ ਗੁਲਸ਼ਨ ਦੀ 'ਜੰਗ ਜਾਰੀ ਹੈ' ਜੰਗ ਵਿਰੁੱਧ ਨਫ਼ਰਤ ਉਪਜਾਣ ਵਿਚ ਸਫਲ ਰਹੀਆਂ ਹਨ।

ਵੀਹਵੀਂ ਸਦੀ ਈਸਵੀ ਦੇ ਆਖ਼ਰੀ ਦੋ ਦਹਾਕਿਆਂ ਵਿਚ ਜੋ ਰਾਜਨੀਤਕ ਸਭਿਆਚਾਰ ਸੰਕਟ ਕਸ਼ਮੀਰ ਅਤੇ ਪੰਜਾਬ ਵਿਚ ਚਲਦਾ ਰਿਹਾ ਹੈ ਅਤੇ ਕਸ਼ਮੀਰ ਵਿਚ ਹਾਲੇ ਵੀ ਜਾਰੀ ਹੈ, ਉਸ ਬਾਰੇ ਰਿਆਸਤ ਦੇ ਪੰਜਾਬੀ ਕਥਾਕਾਰਾਂ ਨੇ ਆਪਣੀਆਂ ਕਹਾਣੀਆਂ ਵਿਚ ਗਲ ਕੀਤੀ ਹੈ ਜਿਵੇਂ ਸਰਨ ਸਿੰਘ ਦੀ 'ਸੰਤੂ', ਰਾਖਵੇਂ ਪੱਧਰ 'ਰਾਫ' ਅਤੇ 'ਪਾਤਰ ਕੀ ਮੰਗਦੇ', ਗੁਰਚਰਨ ਸਿੰਘ ਗੁਲਸ਼ਨ ਦੀ 'ਕੇਸਰੀ ਦਰਿਆ', 'ਬਿਆਨ ਹਲਫੀ', 'ਵਿਕਾਸ' ਅਤੇ 'ਭਲੇ ਲੋਕ', ਪ੍ਰੋ· ਪ੍ਰੇਮ ਸਿੰਘ ਦੀ 'ਧੁੰਦ' ਅਤੇ ਬਲਜੀਤ ਰੈਨਾ ਦੀ 'ਉਗਰਵਾਦੀ' ।

ਜੰਮੂ ਕਸ਼ਮੀਰ ਦੇ ਪੰਜਾਬੀ ਕਥਾਕਾਰਾਂ ਨੇ ਉਨ੍ਹਾਂ ਨਵੇਂ ਝੁਕਾਵਾਂ ਵੀ ਕਬੂਲਿਆ ਹੈ ਜੋ ਸਮੇਂ ਸਮੇਂ ਸੰਸਾਰ ਕਹਾਣੀ ਸਾਹਿਤ ਅਤੇ ਪੰਜਾਬੀ ਕਹਾਣੀ ਸਾਹਿਤ ਵਿਚ ਆਉਂਦੇ ਰਹੇ ਹਨ। ਰੂਪਕ ਪੱਖੋਂ ਵੀ ਇਥੋਂ ਦੇ ਕਥਾਕਾਰਾਂ ਨੇ ਨਵੇਂ ਪ੍ਰਯੋਗ ਕੀਤੇ ਹਨ। ਪ੍ਰਯੋਗ ਰਾਹੀਂ ਹੀ ਸਾਹਿਤ ਦਾ ਵਿਕਾਸ ਹੁੰਦਾ ਹੈ ਅਤੇ ਸਾਹਿਤ ਵਿਚ ਨਵੇਂ ਮੋੜ ਵੀ ਆਉਂਦੇ ਹਨ। ਕਹਾਣੀ ਵਿਚ ਪ੍ਰਯੋਗਆਤਮਕ ਰੁਚੀਆਂ ਦੇ ਕਾਰਨਾਂ ਵਿਚ ਸ਼ਾਮਲ ਹਨ ਰਾਜਨੀਤਕ ਕਾਰਨ, ਸਮਾਜਕ ਕਾਰਨ, ਨਵੀਆਂ ਪੈਦਾ ਹੋਈਆਂ ਸਮਸਿਆਵਾਂ, ਚੇਤੰਨਤਾ ਦਾ ਪ੍ਰਵੇਸ਼ ਆਦਿ ਪ੍ਰਯੋਗਾਂ ਵਿਚ ਸ਼ਾਮਲ ਹੈ ਇਕ ਦੂਜੇ ਤੋਂ ਅੱਡ ਅਤੇ ਦੂਰੀ ਤੇ ਖੜੋਤੇ ਪਲਾਂ ਛਿਣਾਂ ਨੂੰ ਫੜ ਕੇ ਗੱਲ ਕਹਿ ਦੇਣੀ, ਚਿੰਨ੍ਹਾਂ ਪ੍ਰਤੀਕਾਂ ਦਾ ਪ੍ਰਯੋਗ ਪਾਤਰਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ, ਚੇਤੰਨ ਮਨ ਦਾ ਪ੍ਰਵਾਹ ਕਦੀ ਛਾਲ ਮਾਰ ਕੇ ਅੱਗੇ ਲੰਘ ਜਾਣਾ ਅਤੇ ਕਦੀ ਛਾਲ ਮਾਰ ਕੇ ਪਿੱਛੇ ਪਰਤ ਆਉਣਾ, ਤਰਤੀਬ ਵਿਚ ਗੱਲ ਨਾ ਕਰਨਾ, ਨਾਮੁਕੰਮਲ ਵਾਕ ਲਿਖਣੇ ਅਤੇ ਕਈ ਵਾਰ ਸਿਰਫ਼ ਬਿੰਦੀਆਂ, ਹਾਈਫਨਾਂ, ਕਾਮਿਆਂ ਤੇ ਬਿਸ਼ਰਾਮ ਚਿੰਨ੍ਹਾਂ ਤੋਂ ਕੰਮ ਸਾਰ ਲੈਣਾ। ਇਸ ਸਬੰਧ ਵਿਚ ਹਰਭਜਨ ਸਿੰਘ ਸਾਗਰ ਦੀਆਂ, 'ਪੈਨਸ਼ਨ ਕੇਸ' ਅਤੇ 'ਪਤੰਗ ਬਾਜ਼' ਕੰਵਲ ਕਸ਼ਮੀਰੀ ਦੀਆਂ 'ਰਾਖਾ' ਅਤੇ 'ਆਦਮੀ ਦਾ ਇਸ਼ਟ' ਅਤੇ ਗੁਰਚਰਨ ਸਿੰਘ ਗੁਲਸ਼ਨ ਦੀਆਂ 'ਬੰਦ ਖਲਾਸ' ਅਤੇ 'ਬਿਆਨ ਹਸਫੀ' ਨਾਂ ਦੀਆਂ ਕਹਾਣੀਆਂ ਦਾ ਵਰਣਨ ਕੀਤਾ ਜਾ ਸਕਦਾ ਹੈ।

ਰਿਆਸਤ ਜੰਮੂ ਕਸ਼ਮੀਰ ਵਿਚ, ਸਮੁੱਚੇ ਪੰਜਾਬੀ ਕਹਾਣੀ ਸਾਹਿਤ ਵਾਂਗ, ਸਾਹਿਤ ਦੇ ਹੋਰ ਰੂਪਾਂ ਦੇ ਟਾਕਰੇ ਤੇ ਨਿੱਕੀ ਕਹਾਣੀ ਨੇ ਅਸ਼ਚਰਜਤਾ ਭਰਪੂਰ ਵਿਕਾਸ ਕੀਤਾ ਹੈ। ਸਾਨੂੰ ਆਪਣੇ ਕਹਾਣੀ ਸਾਹਿਤ ਤੇ ਮਾਣ ਹੈ

ਕਿਉਂਕਿ ਇਹ ਬਹੁਤ ਘੱਟ ਸਮੇਂ ਵਿਚ ਸਮੇਂ ਦਾ ਹਾਣੀ ਦਾ ਹੋ ਕੇ ਤੁਰਨ ਲੱਗ ਪਿਆ ਹੈ। ਸ਼ਾਇਦ ਹੀ ਕੋਈ ਅਜਿਹੀ ਨਵੀਨ ਪ੍ਰਵਿਰਤੀ ਹੋਵੇ ਜਿਸ ਦਾ ਪ੍ਰਗਟਾਅ ਰਿਆਸਤ ਦੇ ਕਹਾਣੀ ਸਾਹਿਤ ਵਿਚ ਨਾ ਹੋਇਆ ਹੋਵੇ।

ਸਾਡੀ ਕਹਾਣੀ ਦਾ ਉਦਭਵ ਲਗਪਗ ਸਮੁਚੀ ਪੰਜਾਬੀ ਕਹਾਣੀ ਦੇ ਨੇੜੇ ਤੇੜੇ ਹੀ ਹੁੰਦਾ ਹੈ। ਇਕ ਅੱਧ ਦਹਾਕੇ ਦਾ ਅੰਤਰ ਕੋਈ ਅਸਾਧਾਰਨ ਅੰਤਰ ਨਹੀਂ ਕਿਹਾ ਜਾ ਸਕਦਾ। ੧੯੩੨ -੩੩ ਦੇ ਨੇੜੇ ਤੇੜੇ ਸਾਡੀ ਕਹਾਣੀ ਦੀ ਆਰੰਭਤਾ ਹੋ ਚੁੱਕੀ ਸੀ। ਸਾਡੇ ਕਹਾਣੀ ਲੇਖਕਾਂ ਵਿਚ ਭਾਵੇਂ ਸਮੁੱਚੀ ਪੰਜਾਬੀ ਕਹਾਣੀ ਲੇਖਣੀ ਵਾਲੀ ਨਾ ਉਹ ਜਾਗ੍ਰਿਤੀ ਹੀ ਆਈ ਸੀ ਤੇ ਨਾ ਉਹੋ ਜਿਹੀ ਹ'ਲਾ ਸ਼ੇਰੀ ਹੀ ਪ੍ਰਾਪਤ ਹੋ ਸਕੀ ਸੀ। ਇਸ ਦੇ ਬਹੁਤ ਸਾਰੇ ਕਾਰਨਾਂ ਵਿਚ ਇਸ ਪ੍ਰਾਂਤ ਦੀ ਭੂਗੋਲਿਕ ਸਥਿਤੀ ਪਹਾੜਾਂ ਤੇ ਸਥਿਤ ਹੋਣਾ ਅਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਵੀ ਕੁਝ ਪ੍ਰਮੁੱਖ ਕਾਰਨ ਸਨ। ਇਕ ਅੱਧ ਲੇਖਕ ਜੋ ਪੰਜਾਬ ਦੇ ਮੈਦਾਨਾਂ ਵਿਚ ਆ ਜਾ ਸਕਿਆ ਸੀ, ਉਸ ਤੇ ਪੰਜਾਬੀ ਸਾਹਿਤ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਇਸੇ ਲਈ ਅਜਿਹੀਆਂ ਵੀ ਕੁਝ ਕਹਾਣੀਆਂ ਪ੍ਰਾਪਤ ਹੁੰਦੀਆਂ ਹਨ ਜੋ ਉਸ ਸਮੇਂ ਦੀ ਪ੍ਰਤੀਨਿਧਤਾ ਵਜੋਂ ਰੱਖੀਆਂ ਜਾ ਸਕਦੀਆਂ ਹਨ।

ਪੰਜਾਬ ਵਿਚ ਵੀ ਹੁੱਨਰੀ ਜਾਂ ਨਿੱਕੀ ਕਹਾਣੀ ਦਾ ਜਨਮ ੨੦ਵੀਂ ਸਦੀ ਦੇ ਦੂਜੇ ਅਤੇ ਤੀਜੇ ਦਹਾਕੇ ਦਾ ਮੰਨਿਆ ਜਾਂਦਾ ਹੈ। ਇਸ ਲਈ ਸਾਡਾ ਬਹੁਤ ਪਿੱਛੇ ਝਾਕਣਾ ਅਣਉਚਿਤ ਹੀ ਹੋਵੇਗਾ। ਹਰਨਾਮ ਸਿੰਘ ਦੁਖੀਆ ਹੁਣ ਤਕ ਦੀ ਖੋਜ ਅਨੁਸਾਰ ਸਾਡਾ ਪਹਿਲਾ ਕਹਾਣੀਕਾਰ ਘੋਸ਼ਿਤ ਹੋ ਚੁ'ਕਿਆ ਹੈ। ਉਸ ਤੋਂ ਪਹਿਲਾਂ ਸਾਡੇ ਸਾਹਵੇਂ ਦੋ ਤਿੰਨ ਕਹਾਣੀ ਲੇਖਕਾਂ ਦੇ ਨਾਂ ਦ੍ਰਿਸ਼ਟੀਗੋਚਰ ਹੋਏ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਘਟਨਾ ਸਥਲ, ਪਾਤਰ ਅਤੇ ਸਾਰਾ ਵਾਤਾਵਰਣ ਇਸੇ ਪ੍ਰਾਂਤ ਨਾਲ ਸੰਬੰਧਿਤ ਹੈ। ਇਸ ਲਈ ਹੋ ਸਕਦਾ ਹੈ ਕਿ ਉਹ ਇਸੇ ਪ੍ਰਾਂਤ ਦੇ ਵਸਨੀਕ ਰਹੇ ਹੋਣ। ਪਰ ਕੇਵਲ ਕਿਆਸ ਦੇ ਆਧਾਰ 'ਤੇ ਇਸ ਨੂੰ ਪ੍ਰਮਾਣਿਕ ਨਹੀਂ ਕਿਹਾ ਜਾ ਸਕਦਾ।

ਸਾਡੀ ਸਮੁੱਚੀ ਪੰਜਾਬੀ ਕਹਾਣੀ ਵੀ ਵਿਦੇਸ਼ੀ ਵਿਚਾਰਾਂ ਤੋਂ ਪ੍ਰਭਾਵਿਤ ਹੈ। ਸਗੋਂ ਇਹ ਕਿਹਾ ਜਾਏ ਕਿ ਸਾਡੀ ਨਿੱਕੀ ਕਹਾਣੀ ਦੇਣ ਹੀ ਪੱਛਮ ਦੀ ਹੈ ਤਾਂ ਕੋਈ ਅਤਿਕਥਨੀ ਨਹੀਂ। ਇਸ ਤੱਥ ਨੂੰ ਅਸੀਂ ਬਾਹਰਲੇ ਮਨੋਂ ਭਾਵੇਂ ਨਾ ਮੰਨੀਏ ਪਰ ਇਸ ਤੋਂ ਮੁਨਕਰ ਵੀ ਨਹੀਂ ਹੋ ਸਕਦੇ।

ਜੰਮੂ ਕਸ਼ਮੀਰ ਦੀ ਪੰਜਾਬੀ ਕਹਾਣੀ ਵਿਦੇਸ਼ੀ ਵਿਚਾਰਾਂ ਤੋਂ ਪਹਿਲਾਂ ਸਮੁੱਚੀ ਪੰਜਾਬੀ ਕਹਾਣੀ ਦੀ ਗਤੀ ਤੋਂ ਵੀ ਪ੍ਰਭਾਵਿਤ ਹੈ। ਅਸੀਂ ਜੰਮੂ ਕਸ਼ਮੀਰ ਦੇ ਵਸਨੀਕ ਭਾਵੇਂ ਪੰਜਾਬੀਆਂ ਤੋਂ ਕਿਤੇ ਵੱਧ ਸਿਆਣੇ ਜਾਂ ਬਹੁ ਭਾਸ਼ੀ ਹੋਈਏ ਜਾਂ ਅਖਵਾਈਏ, ਪਰ ਸਾਨੂੰ ਇਹ ਮੰਨਣ ਤੋਂ ਕਦਾਚਿਤ ਸੰਕੋਚ ਨਹੀਂ ਕਰਨਾ ਚਾਹੀਦਾ ਕਿ ਸਾਡੀ ਕਹਾਣੀ ਦਾ ਮੂੰਹ ਮੱਥਾ ਪੰਜਾਬ ਕਰਕੇ ਜਾਂ ਪੰਜਾਬ ਸਦਕੇ ਹੀ ਨਿਖਰਿਆ ਸੁਧਾਰਿਆ ਹੈ। ਅਸੀਂ ਉਰਦੂ, ਹਿੰਦੀ, ਕਸ਼ਮੀਰੀ ਜਾਂ ਅੰਗਰੇਜ਼ੀ ਵਿਚ ਪਏ ਸੋਚੀਏ, ਪਰ ਲਿਖਣ ਸ਼ੈਲੀ, ਮੁਹਾਵਰਾ ਪੰਜਾਬ ਵਰਗਾ ਹੀ ਹੋਏਗਾ। ਸਾਡਾ ਡਿਕਸ਼ਨ ਜਾਂ ਈਡਿਅਮ ਭਾਵੇਂ ਸਥਾਨਕਤਾ ਵਾਲਾ ਹੋਵੇ, ਪਰ ਇਸ ਦੀ ਸਮੁੱਚੀ ਬਣਤਰ ਅ'ਡ ਨਹੀਂ ਹੋ ਸਕਦੀ। ਇਸ ਲਈ ਇਹ ਤੱਥ ਮੰਨ ਕੇ ਹੀ ਚਲਣਾ ਪਏਗਾ ਕਿ ਸਾਡਾ ਬਹੁਤ ਕੁਝ ਸਮੁ'ਚੀ ਪੰਜਾਬੀ ਕਹਾਣੀ ਦਾ ਹੀ ਉਧ੍ਰਿਤ ਹੈ।

ਜੇ ਸਮੁੱਚੀ ਪੰਜਾਬੀ ਕਹਾਣੀ ਵਿਦੇਸ਼ੀ ਵਿਚਾਰਾਂ ਤੋਂ ਪ੍ਰਭਾਵਿਤ ਹੈ ਤਾਂ ਫੇਰ ਅਸੀਂ ਕਿੰਝ ਇਸ ਤੋਂ ਅਣਭਿੱਜ ਰਹਿ ਸਕਦੇ ਸੀ। ਸਗੋਂ ਸਾਡਾ ਕਮਾਲ ਤਾਂ ਦੂਜਿਆਂ ਤੋਂ ਵੀ ਜ਼ਿਆਦਾ ਇਹ ਹੈ ਕਿ ਜਿਥੇ ਉਰਦੂ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਤੋਂ ਪ੍ਰਭਾਵਿਤ ਜਾਂ ਜਾਗ੍ਰਿਤ ਹੋਏ ਹਾਂ, ਉਥੇ ਸਾਡੇ ਕੋਲ ਕਸ਼ਮੀਰੀ, ਡੋਗਰੀ, ਗੋਜਰੀ ਅਤੇ ਫ਼ਾਰਸੀ ਵਾਲਾ ਲੱਬੋ ਲਹਿਜ਼ਾ ਵੀ ਹੈ ਤੇ ਪੰਜਾਬੀ ਦੀਆਂ ਹੋਰ ਉਪ-ਭਾਸ਼ਾਵਾਂ ਵਾਲਾ ਖ਼ਜ਼ਾਨਾ ਵੀ। ਇਸੇ ਲਈ ਸਹੀ ਜਾਚੇ ਸਾਡਾ ਵਿਰਸਾ ਜ਼ਿਆਦਾ ਗੌਰਵਮਈ ਅਤੇ ਬਹੁਪੱਖੀ ਹੈ। ਭਾਵੇਂ ਅਸੀਂ ਭੂਗੋਲਿਕ ਅਲਗਾਵ ਅਤੇ ਇਤਿਹਾਸਕ ਕਾਰਨਾਂ ਕਰਕੇ ਕਾਫ਼ੀ ਪਛੜੇ ਵੀ ਰਹੇ ਹਾਂ।



## 6.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਿਆਸਤੀ ਪੰਜਾਬੀ ਸਾਹਿਤ ਕਹਾਣੀਕਾਰਾਂ ਨੇ  ਕਹਾਣੀ ਵਿਧਾ ਨੂੰ ਵੜੇ ਹੀ ਖੁਲ੍ਹੇ ਦਿਲ ਨਾਲ ਅਪਨਾਇਆ ਅਤੇ ਆਪਣੀ ਗੱਲ ਨੂੰ ਲੋਕਾਂ ਤਕ, ਕਹਾਣੀਦੇ ਮਾਧਿਅਮ ਰਾਹੀਂ ਪਹੁੰਚਾਇਆ ਹੈ।ਸਾਡੀ ਪੰਜਾਬੀ ਕਹਾਣੀ ਨੇ ਹੋਰ ਸਾਹਿਤ ਰੂਪਾਂ ਦੇ ਮੁਕਾਬਲੇ ਬਹੁਤ ਸਾਰਾ ਪੈਂਡਾ ਛੇਤੀ ਮੁਕਾਇਆ ਹੈ। ਅਸੀਂ ਜੇ ਸਮੁੱਚੀ ਪੰਜਾਬੀ ਕਹਾਣੀ ਤੋਂ ਅ'ਗੇ ਨਹੀਂ ਤਾਂ ਪਿੱਛੇ ਵੀ ਨਹੀਂ ਖੜੇ, ਪਰ ਸਡਾ ਘੇਰਾ ਹਾਲੀ ਸਮੁੱਚੀ ਕਹਾਣੀ ਦੇ ਸਾਹਵੇਂ ਕਾਫੀ ਸੋੜਾ ਹੈ ਪਰ ਅੱਜ ਵੀ ਜਿਸ ਗਤੀ ਨਾਲ ਕਹਾਣੀ ਲਿਖੀ ਜਾ ਰਹੀ ਹੈ ਉਸ ਤੋਂ ਇਹ ਉਮੀਦ ਜ਼ਰੁਰ ਹੈ ਕਿ ਉਹ ਸਮਾਂ ਦੂਰ ਨਹੀਂ ਜਦ ਰਿਆਸਤੀ ਕਹਾਣੀ ਸਮੁੱਚੇ ਵਿਸ਼ਵ ਦੀ ਕਹਾਣੀ ਵਿਚ ਆਪਣੀ ਵਿਸ਼ੇਸ਼ ਆਂਚਲਿਕ ਪਹਿਚਾਣ ਕਰਕੇ ਜਾਣੀ ਅਤੇ ਸਲਾਹੀ ਜਾਵੇਗੀ ।

## 6.5 Glossory/Keywords(ਔਖੇ ਸ਼ਬਦਾਂ ਦੇ ਅਰਥ)

ਜਜ਼ਬਾਤੀ- ਭਾਵੁਕ

ਸ਼ੋਕਸ਼ - ਮੁਕਤੀ

ਦ੍ਰਿਸ਼ਟੀਕੋਣ - ਨਜ਼ਰੀਆ

ਆਲਮੀ - ਸੰਸਾਰਕ

ਮਨੋਵਿਗਿਆਨਕ - ਮਾਨਸਿਕ

'ਲਬੋਲਹਿਜ਼ਾ- ਪੇਸ਼ਕਾਰੀ ਦਾ ਢੰਗ

ਗੌਰਵਮਈ- ਮਾਣ ਵਾਲਾ

## 6.6 Lesson End Exercise

1. ਰਿਆਸਤੀ ਪੰਜਾਬੀ ਕਹਾਣੀ ਦਾ ਆਰੰਭ ਕਿਸ ਪ੍ਰਭਾਵ ਕਰਕੇ ਹੁੰਦਾ ਹੈ।
2. ਰਿਆਸਤ ਦੇ ਕਹਾਣੀਕਾਰਾਂ ਨੇ ਕਿਹੜੇ ਮਸਲਿਆਂ ਨੂੰ ਆਪਣੀਆਂ ਰਚਨਾਵਾਂ ਲਈ ਅਪਨਾਇਆ ? ਉਦਾਹਰਣ ਸਹਿਤ ਦੱਸੋ।
3. ਰਿਆਸਤ ਪੰਜਾਬੀ ਕਹਾਣੀ ਵਿਚ ਕਿਹੜੇ ਕਿਹੜੇ ਪ੍ਰਮੁੱਖ ਸਾਹਿਤਕਾਰਾਂ ਦੀਆਂ ਰਚਨਾਵਾਂ ਹਨ?

## 6.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 6.8 Suggested Further Readings(ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਨ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਕਹਾਣੀ ਸਾਹਿਤ ਦੇ ਆਰੰਭ ਬਾਰੇ ਹੋਰ ਜਾਨਣ ਲਈ ਉਹ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਕਹਾਣੀ ਸੰਬੰਧੀ ਹੋਈ ਖੋਜ ਅਤੇ ਲਿੱਖੇ ਖੋਜ-ਪੱਤਰ ਨੂੰ ਪੜ੍ਹਨ ਅਤੇ ਵੱਖ-ਵੱਖ ਕਹਾਣੀ ਸੰਗ੍ਰਹਿਆਂ ਨੂੰ ਵੀ ਪੜ੍ਹਨ ਤਾਂ ਕਿ ਉਨ੍ਹਾਂ ਵਿਚਲੇ ਵਿਸ਼ਿਆਂ ਪ੍ਰਤੀ ਜਾਣੂ ਹੋ ਸੱਕਣ।

.............................



# 'ਰਿਆਸਤੀ ਪੰਜਾਬੀ ਨਾਟਕ ਦਾ ਆਰੰਭ ਅਤੇ ਵਿਕਾਸ'

**Unit-2** **Lesson No : 7**

**Structure :**


7.1 Introduction (ਜਾਣ-ਪਛਾਣ)

7.2 Objective (ਉਦੇਸ਼)

7.3 Content (ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ )

7.4 Summary (ਨਿਸ਼ਕਰਸ਼)

7.5 Glossary/Keywords (ਔਖੇ ਸ਼ਬਦਾਂ ਦੇ ਅਰਥ)

7.6 Lesson End Exercise

7.7 References (ਸਹਾਇਕ ਗ੍ਰੰਥਾਵਲੀ)

7.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਨ ਲਈ ਸੁਝਾਓ)

## 7.1 Introduction (ਜਾਣ-ਪਛਾਣ)

ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ 'ਚੋਂ ਸੱਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ।ਰਿਆਸਤ ਜੰਮੂ-ਕਸ਼ਮੀਰ ਦੇ ਪੰਜਾਬੀ ਬੋਲਦੇ ਇਲਾਕੇ ਵਿਚ ਨਾਟਕ ਦਾ ਆਪਣਾ ਇਕ ਵਿਸ਼ੇਸ਼ ਸਥਾਨ ਰਿਹਾ ਹੈ। ਰਿਆਸਤੀ ਵਿਚ ਵਿਸ਼ਿਸ਼ਟ ਨਾਟਕ ਤੋਂ ਪਹਿਲਾਂ ਲੋਕ-ਨਾਟਕ ਵੱਖ-ਵੱਖ ਰੂਪਾਂ ਅਤੇ ਵੱਖ-ਵੱਖ ਨਾਵਾਂ ਨਾਲ ਪ੍ਰਚਲਤ ਰਿਹਾ ਹੈ। ਜਿਵੇਂ ਰਾਮ ਲੀਲਾ, ਰਾਸ ਲੀਲਾ, ਲੀਲਾ ਸਵਾਂਗ, ਨਕਲਾਂ, ਨੌਟੰਕੀ ਆਦਿ। ਜੰਮੂ ਖੇਤਰ ਅਤੇ ਉਸਦੇ ਨਾਲ ਲ'ਗਦੇ ਪੰਜਾਬੀ ਇਲਾਕਿਆ ਵਿਚ ਰਾਮ-ਲੀਲਾ ਦਾ ਵਧੇਰੇ ਜੋਰ ਜੰਮੂ ਸੂਬੇ ਦੇ ਰਾਜੋਰੀ ਪੁਣਛ ਦੇ ਇਲਾਕਿਆਂ ਵਿਚ ਰਿਹਾ ਹੈ। ਇਸ ਦੇ ਪ੍ਰਭਾਵ ਕਰਕੇ ਹੀ ਰਿਆਸਤ ਵਿਚ ਨਾਟਕ ਲਿਖਣਾ ਅਤੇ ਖੇਡਣਾ ਵੀ ਪ੍ਰਚਲਿੱਤ ਹੋਇਆ। ਰਿਆਸਤੀ ਸਾਹਿਤਕਾਰਾਂ ਨੇ ਆਪਣੀ ਅਥਾਹ ਮਿਹਨਤ ਅਤੇ ਸਿਰੜ ਸਦਕਾ ਨਾਟਕ ਸਾਹਿਤ ਨੂੰ ਬੁਲੰਦੀਆਂ ਉਤੇ ਪਹੁੰਚਾਇਆ।

## 7.2 Objective(ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਨਾਟਕ ਸਹਿਤ ਦੇ ਆਰੰਭ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਨਾਟ ਪਰੰਪਰਾ ਦੇ ਪਿਛੋਕੜ 'ਤੋਂ ਜਾਣੂ ਕਰਵਾਉਣਾ ਹੈ। ਜਿਸ ਨਾਲ ਪਾਠਕਾਂ ਨੂੰ ਪੰਜਾਬੀ ਨਾਟ ਸਾਹਿਤ ਦੇ ਆਰੰਭਕਦੌਰ ਦੀਆਂ ਨਾਟ ਪ੍ਰਵਿਰਤੀਆਂ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ ਅਤੇ ਨਾਲ ਇਤਿਹਾਸਕ ਤੌਰ 'ਤੇ ਨਾਟਕ ਸਾਹਿਤ ਦੀ ਵਿਕਾਸ ਗਤੀ ਨੂੰ ਸਮਝਦਿਆਂ ਭਵਿੱਖ ਵਿਚਲੀਆਂ ਸੰਭਾਵਨਾਵਾਂ ਬਾਰੇ ਵੀ ਪਤਾ ਚਲ ਸਕੇ।

## 7.3 Content(ਰਿਆਸਤੀ ਪੰਜਾਬੀ ਸਾਹਿਤ ਦਾ ਆਰੰਭ )

ਸਮੁੱਚੇ ਪੰਜਾਬੀ ਸਾਹਿਤ ਵਿਚ ਨਾਟਕ ਅੰਗ੍ਰੇਜ਼ਾਂ ਦੀ ਆਮਦ ਨਾਲ ਪੱਛਮੀ ਪ੍ਰਭਾਵਾਂ ਅਧੀਨ ਜਨਮਿਆ ਅਤੇ ਵਿਕਸਿਤ ਹੋਇਆ ਹੈ। ਪਹਿਲਾਂ ਪਹਿਲ ੧੯ਵੀਂ ਸਦੀ ਦੇ ਅਖ਼ੀਰ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਸੰਸਾਰ ਪ੍ਰਸਿੱਧ ਨਾਟਕਾਂ ਦੇ ਉਲਥੇ ਕੀਤੇ ਗਏ ਅਤੇ ਕਈ ਵਾਰ ਕੁਝ ਪ੍ਰਸਿੱਧ ਨਾਟਕਾਂ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਨਾਟਕ ਰਚੇ ਗਏ ਪ੍ਰੰਤੂ ਵੀਹਵੀਂ ਸਦੀ ਈਸਵੀ ਦੇ ਆਰੰਭ ਵਿਚ ਹੀ ਬਾਬਾ ਬੁੱਧ ਸਿੰਘ ਅਤੇ ਬ੍ਰਿਜ ਲਾਲ ਸ਼ਾਸਤ੍ਰੀ ਨੇ ਮੌਲਿਕ ਨਾਟਕ ਰਚਣ ਵਿਚ ਪਹਿਲੀ ਕੀਤੀ। ਇਸ ਸੰਬੰਧ ਵਿਚ ਨੋਰ੍ਹਾ ਰਿਚਰਡਸ ਦੇ ਪਾਏ ਯੋਗਦਾਨ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਸਹੀ ਅਰਥਾਂ ਵਿਚ ਪੰਜਾਬੀ ਨਾਟਕ ਲੇਖਣ ਦੇ ਖੇਤਰ ਵਿਚ ਮੁੱਢਲਾ ਯੋਗਦਾਨ ਅਗਰ ਕਿਸੇ ਨੇ ਪਾਇਆ ਹੈ ਤਾਂ ਉਹ ਹੈ ਆਈ.ਸੀ. ਨੰਦਾ।

ਜੰਮੂ ਕਸ਼ਮੀਰ ਵਿਚ ਪੰਜਾਬੀ ਨਾਟਕ, ਹੋਰ ਸਾਹਿਤ ਰੂਪਾਂ ਵਾਂਙ ਹੀ ਪਛੜ ਕੇ ਆਇਆ ਹੈ। ਸੱਤਵੇਂ ਦਹਾਕੇ ਤੋਂ ਜੰਮੂ ਕਸ਼ਮੀਰ ਵਿਚ ਪੰਜਾਬੀ ਨਾਟਕ ਲਿਖਿਆ ਜਾਣਾ ਆਰੰਭ ਹੋਇਆ ਭਾਵੇਂ ਉਸ ਤੋਂ ਪਹਿਲਾਂ ਰੇਡੀਓ ਅਤੇ ਸਟੇਜ ਤੋਂ ਇੱਕਾ ਦੁਕਾ ਨਾਟਕ ਪੇਸ਼ ਹੁੰਦੇ ਰਹੇ ਹਨ ਅਤੇ ਲੋਕ ਨਾਟਕ ਦੀ ਪਰੰਪਰਾ ਵੀ ਰਹੀ ਹੈ।ਰਿਆਸਤ ਜੰਮੂ-



ਕਸ਼ਮੀਰ ਵਿਚ ਪੰਜਾਬੀ ਨਾਟਕ ਰਚਨ ਤੇ ਉਨ੍ਹਾਂ ਦੀ ਪੇਸ਼ਕਾਰੀ ਦਾ ਠੀਕ-ਠੀਕ ਆਰੰਭ ੨੦ਵੀਂ ਸਦੀ ਦੇ ਸਤਵੇ ਦਹਾਕੇ ਤੋਂ ਹੋਇਆ ਮੰਨਿਆ ਜਾਂਦਾ ਹੈ। ੧੯੬੦ ਤੋਂ ਪਹਿਲਾਂ ਵੀ ਨਾਟਕ ਰਚੇ ਜਾਂਦੇ ਸਨ ਅਤੇ ਉਹਨਾਂ ਦੇ ਮੰਚਨ ਅਤੇ ਰੇਡੀਓ ਤੋਂ ਪ੍ਰਸਾਰਿਤ ਹੋਣ ਦੀਆਂ ਉਦਹਾਰਣਾਂ ਮਿਲਦੀਆਂ ਹਨ। ਪੰਜਾਬੀ ਝਲਕੀਆਂ ਰੇਡੀਓ ਜੰਮੂ ਤੋਂ ੧੯੪੮ ਤੋਂ ਪ੍ਰਸਾਰਿਤ ਹੋਣੀਆਂ ਆਰੰਭ ਹੋ ਗਈਆਂ ਸਨ। ਮੁਢਲੇ ਨਾਟਕਕਾਰਾਂ ਵਿਚ ਮਹਿਮੂਦ ਅਹਿਮਦ ਅਤੇ ਟੀ. ਐਸ. ਸੋਢੀ ਦਾ ਨਾਂ ਆਉਂਦਾ ਹੈ। ਇਹ ਦੋਵੇਂ ਲੇਖਕ ਮਿਲਕੇ 'ਜਾਨਾਂ' ਨਾਂ ਦੀ ਸਿਲਸਿਲੇਵਾਰ ਝਲਕੀ ਲਿਖਦੇ ਰਹੇ ਜੋ ਜੰਮੂ ਰੇਡੀਓ ਸਟੇਸ਼ਨ ਤੋਂ ਪੰਜਾਬੀ ਪਰੋਗਰਾਮ ਵਿਚ ਪ੍ਰਸਾਰਿਤ ਹੁੰਦੀ ਰਹੀ। ਉਸ ਤੋਂ ਬਾਅਦ ਉਹਨਾਂ ਨੇ ਸਿਲਸਿਲੇਵਾਰ ਨਾਟਕ ਲਿਖੇ ਜਿਵੇਂ ਟੀ. ਐਸ਼. ਸੋਢੀ ਨੇ 'ਮਿਰਜ਼ਾ ਸਾਹਿਬਾਂ' ਅਤੇ 'ਕੁੜਮਾਈ', ਮਹਿਮੂਦ ਅਹਿਮਦ ਨੇ 'ਹਾਸ਼ਮ ਦਾ ਪੱਖਾ' ਅਤੇ 'ਜ਼ਾਲਿਮ ਖ਼ਾਨ'। ਇਨ੍ਹਾਂ ਨਾਟਕਾਂ ਦੇ ਵਿਸ਼ੇ ਮੂਲ ਰੂਪ ਵਿਚ ਸਮਾਜਿਕ ਅਤੇ ਸਿਆਸੀ ਹੁੰਦੇ ਸਨ। 'ਨੂਰਦੀਨ' ਸਿਰਲੇਖ ਵਾਲੇ ਸਿਲਸਿਲੇਵਾਰ ਨਾਟਕ ਦੀਆਂ ਕਈ ਕੜੀਆਂ ਨੂੰ ਸਫ਼ਲਤਾ ਸਹਿਤ ਸਟੇਜ ਤੇ ਵੀ ਖੇਡਿਆ ਗਿਆ ਜਿਵੇ 'ਨੂਰਦੀਨ ਨੇ ਕ੍ਰਿਕਟ ਖੇਡਿਆ', 'ਨੂਰਦੀਨ ਨੇ ਥਇਟਰ ਖੋਲਿਆ', 'ਨੂਰਦੀਨ ਨੇ ਘੁੱਗੂ ਦਾ ਵਿਆਹ ਕੀਤਾ', 'ਨੂਰਦੀਨ ਨੇ ਕਾਰ ਖਰੀਦੀ', 'ਨੂਰਦੀਨ ਚੰਨ ਤੇ ਗਿਆ', 'ਨੂਰਦੀਨ ਨੇ ਚੋਰ ਫੜਿਆ' ਆਦਿ। ਸਟੇਜ ਲਈ ਲਿਖਣ ਵਾਲੇ ਪਹਿਲੇ ਨਾਟਕਕਾਰਾਂ ਵਿਚ ਵਿਜੈ ਸੁਮਨ, ਕੰਵਲ ਕਸ਼ਮੀਰੀ ਅਤੇ ਉਜਾਗਰ ਸਿੰਘ ਮਹਿਕ ਹਨ। ਵਿਜੈ ਸੁਮਨ ਨੇ ਭਾਵੇਂ ਰੇਡੀਓ ਨਾਟਕ ਜ਼ਿਆਦਾ ਲਿਖੇ ਹਨ ਪਰ ੧੯੬੨ ਈ. ਵਿਚ ਇਕ ਨਾਟਕ 'ਸਾਂਝਾ ਮੋਰਚਾ' ਸਟੇਜ ਲਈ ਲਿਖਿਆ। ਜੰਮੂ ਕਸ਼ਮੀਰ ਕਲਚਰਲ ਅਕਾਡਮੀ ਵਲੋਂ ਕਰਾਏ ਗਏ ਨਾਟਕ ਲੇਖਣ ਮੁਕਾਬਲਿਆਂ ਵਿਚ ਕੰਵਲ ਕਸ਼ਮੀਰੀ ਦਾ 'ਸਮੇਂ ਦਾ ਗਾਜ਼ੀ' (੧੯੬੪ ਈ.) ਅਤੇ ਉਜਾਗਰ ਸਿੰਘ ਮਹਿਕ ਦਾ 'ਲਾਸ਼ਾਂ ਦਾ ਸਾਗਰ' (੧੯੬੫ ਈ.) ਵਿਚ ਇਨਾਮ ਪ੍ਰਾਪਤ ਕਰਦੇ ਹਨ। ਕੰਵਲ ਕਸ਼ਮੀਰੀ ਦਾ ਰਚਿਆ ਇਹ ਨਾਟਕ ਰੇਡੀਓ ਤੋਂ ਪ੍ਰਸਾਰਿਤ ਹੋਇਆ ਪਰ ਅੱਜ ਤਕ ਉਹ ਛੱਪ ਨਹੀਂ ਸਕਿਆ ਅਤੇ ਨਾ ਹੀ ਕਿਸੇ ਨਾਟਕ ਮੰਡਲੀ ਵਲੋਂ ਮੰਚਿਤ ਹੀ ਹੋਇਆ ਹੈ ਜਦ ਕਿ ਉਜਾਗਰ ਸਿੰਘ ਮਹਿਕ ਦਾ ਇਹ ਨਾਟਕ ੧੯੬੮ ਈ. ਵਿਚ ਪ੍ਰਕਾਸ਼ਤ ਹੋਇਆ ਹੈ। ਕੰਵਲ ਕਸ਼ਮੀਰੀ ਨੇ ਨਾਟਕ ਲਿਖਣੇ ਛੱਡ ਦਿੱਤੇ ਹਨ ਕਿਉਂਕਿ ਪਿਛਲੇ ੩੨ ਵਰ੍ਹਿਆਂ ਤੋਂ ਉਸ ਦਾ ਕਈ ਵੀ ਹੋਰ ਨਾਟਕ ਪਾਠਕਾਂ ਦੇ ਸਾਹਮਣੇ ਨਹੀਂ ਆਇਆ ਜਦ ਕਿ ਉਜਾਗਰ ਸਿੰਘ ਮਹਿਕ ਦਾ ਇਕ ਹੋਰ ਨਾਟਕ 'ਸੂਹੀ ਪ੍ਰਭਾਤ' ਛਪ ਕੇ ਪਾਠਕਾਂ ਸਾਹਮਣੇ ਆਇਆ ਹੈ। ਪ੍ਰੋ. ਨਰਹਰੀ ਰਾਏਜ਼ਾਦਾ ਨੇ 'ਪਿੰਜਰਾ' ਨਾਂ ਦੀ ਪੁਸਤਕ ਵਿਚ ਪੰਜ ਇਕਾਂਗੀ ਪੰਜਾਬੀ ਪਾਠਕਾਂ ਨੂੰ ਦਿੱਤੇ ਹਨ।

**Check Your Progress**

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਮੁੱਢਲਾ ਰਿਆਸਤੀ ਪੰਜਾਬੀ ਨਾਟਕ ਕਿਹੜੇ ਵਿਸ਼ਿਆਂ ਨੂੰ ਛੁਹੰਦਾ ਹੈ ?

੨. ਰਿਆਸਤੀ ਨਾਟਕ ਦੇ ਵਿਕਾਸ ਵਿਚ ਜੰਮੂ ਕਸ਼ਮੀਰ ਕਲਚਰਲ ਅਕਾਡਮੀ ਦਾ ਕੀ ਰੋਲ ਹੈ ?

ਸਾਡੀ ਰਿਆਸਤ ਵਿਚ ਡਾ. ਦੇਵਿੰਦਰ ਸਿੰਘ ਅਤੇ ਕਿਰਪਾਲ ਸਿੰਘ ਕਸਾਲੀ ਨੇ ਨਾਟਕ ਲਿਖਣ ਵਿਚ ਬਹੁਤ ਤਕੜਾ ਯੋਗਦਾਨ ਪਾਇਆ ਹੈ ਜਿਸ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਡਾ· ਦੇਵਿੰਦਰ ਸਿੰਘ ਨੇ ਕਈ

ਨਾਟਕ ਰਚੇ ਅਤੇ ਉਹਨਾਂ ਨੂੰ ਸਫਲਤਾ ਸਹਿਤ ਸਟੇਜ 'ਤੇ ਪੇਸ਼ ਵੀ ਕੀਤਾ। ਉਨ੍ਹਾਂ ਵਿਚੋਂ ਕਈ ਛਪ ਵੀ ਚੁੱਕੇ ਹਨ ਜਿਵੇਂ 'ਲਾਲ ਪੀਲੇ ਲੋਕ' ਅਤੇ 'ਗ਼ਰਕ ਹੋ ਰਿਹਾ ਮਨੁੱਖ' ਕਿਰਪਾਲ ਸਿੰਘ ਕਸਾਲੀ ਨੇ ਵੀ ਕਈ ਨਾਟਕ ਲਿਖੇ ਅਤੇ ਸਫਲ ਢੰਗ ਨਾਲ ਮੰਚਨ ਵੀ ਕੀਤਾ। ਉਸ ਦੇ ਕਈ ਨਾਟਕ ਰੇਡੀਉ ਤੋਂ ਵੀ ਪ੍ਰਸਾਰਿਤ ਹੋਏ। ਉਸ ਨੇ ਦੋ ਪੁਸਤਕਾਂ ਵਿਚ ਪੰਜ ਨਾਟਕ ਪ੍ਰਕਾਸ਼ਤ ਵੀ ਕਰਵਾਏ ਹਨ। 'ਸਰਹੱਦਾਂ' ਵਿਚ ਤਿੰਨ ਅਤੇ 'ਅੱਗ ਦੇ ਬੀਜ' ਵਿਚ ਦੋ।

ਇਹਨਾਂ ਤੋਂ ਮਗਰੋਂ ਦੇਵਿੰਦਰ ਸਿੰਘ ਵਿਸ਼ਵਨਾਗਿਰਕ 'ਪੋਹ ਦੀ ਪੁੰਨਿਆ', 'ਅਤੀਤ ਇਕ ਦਰਪਣ', ਉਲਝੀ ਵਾੜ', 'ਕਾਹਦੇ ਨਿਸ਼ਾਨ' ਆਦਿ ਨਾਟਕ ਲਿਖ ਕੇ ਨਿਰੰਤਰ ਰਿਆਸਤੀ ਪੰਜਾਬੀ ਨਾਟ ਸਾਹਿਤ ਵਿਚ ਵਾਧਾ ਕਰ ਰਹੇ ਹਨ। ਇਹਨਾਂ ਤੋਂ ਇਲਾਵਾ ਸ਼ਮਸ਼ੇਰ ਸਿੰਘ ਚੋਹਾਲਵੀ ਨੇ 'ਅਸਲੀ ਧੰਨ' ਅਤੇ ਨਿੱਕੇ-ਨਿੱਕੇ ਘੇਰੇ ਨਾਟਕ ਲਿਖੇ, ਡਾ. ਸੁਸ਼ੀਲ ਸ਼ਰਮਾ ਨੇ 'ਇਹ ਲੋਕ' ਅਤੇ 'ਘਰ ਦਾ ਭੇਤੀ' ਆਦਿ ਨਾਟਕ ਲਿਖ ਕੇ ਰਿਆਸਤੀ ਨਾਟਕ ਸਾਹਿਤ ਨੂੰ ਭੇਟ ਕੀਤੇ। ਇਨ੍ਹਾਂ ਤੋਂ ਬਾਅਦ ਭੁਪਿੰਦਰ ਸਿੰਘ ਰੈਣਾ ਨੇ 'ਨਿਰਧੰਨ ਕੋ ਪਾਲੇ' ਅਤੇ 'ਸਵੇਰ ਹੋਣ ਤੱਕ' ਨਾਟਕ ਲਿਖੇ ਅਤੇ ਬਿਕਰਮਜੀਤ ਸਿੰਘ ਦੇ 'ਕੁਦਰਤ ਦੇ ਸਭ ਬੰਦੇ' , 'ਮੈਂ ਹਿੰਦੁਸਤਾਨ ਹਾਂ' ਆਦਿ ਨਾਟਕ ਰਿਆਸਤੀ ਪੰਜਾਬੀ ਸਾਹਿਤ ਵਿਚ ਸ਼ਾਮਿਲ ਹਨ।

## ਰਿਆਸਤੀ ਪੰਜਾਬੀ ਨਾਟਕ ਦਾ ਮੁੱਢਲਾ ਦੌਰ:

੧. **ਵਿਜੈ ਸੂਮਨ ਸੋਸਨ:** ਵਿਜੈ ਸੁਮਨ ਨੇ ਆਪਣੀ ਸਾਰੀ ਉਮਰ ਜੰਮੂ ਸ਼ਹਿਰ ਵਿਖੇ ਬਿਤਾਈ। ਉਸ ਦੇ ਜਨਮ ਸਥਾਨ ਅਤੇ ਜਨਮ ਤਿਥੀ ਬਾਰੇ ਪੱਕਾ ਪਤਾ ਨਹੀਂ ਲੱਗ ਸਕਿਆ ਪਰ ਉਸ ਦੀਆਂ ਆਪਣੀਆਂ ਲਿਖਤਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ੧੯੪੭ ਈ. ਤੋਂ ਪਹਿਲਾਂ ਸਾਹਿਤਕ ਖੇਤਰ ਵਿਚ ਸਰਗਰਮ ਸੀ। ਕੁਝ ਵਿਦਵਾਨਾਂ ਅਨੁਸਾਰ ਵਿਜੈ ਸੁਮਨ ਦਾ ਜਨਮ ੧੯੧੦ ਈ. ਦੇ ਨੇੜੇਤੇੜੇ ਦਾ ਕਿਆਸਿਆ ਗਿਆ ਹੈ।

ਅਸਲ ਵਿਚ ਵਿਜੈ ਸੁਮਨ ਇਕ ਪੱਤਰਕਾਰ ਸੀ ਪ੍ਰੰਤੂ ਉਸ ਨੇ ਨਾਟਕ ਰਚਣ ਵਿਚ ਵੀ ਨਾਮਣਾ ਖਟਿਆ ਹੈ। ਉਸ ਨੇ ੨੦ਵੀਂ ਸਦੀ ਈ. ਦੇ ਸਤਵੇਂ ਦਹਾਕੇ ਦੇ ਆਰੰਭ ਵਿਚ ਰੇਡੀਉ ਤੇ ਸਟੇਜ ਲਈ ਡਰਾਮੇ ਲਿਖਣੇ ਆਰੰਭੇ। ਵਰ੍ਹਾ ੧੯੬੨ ਈ. ਵਿਚ ਚੀਨੀ ਹਮਲੇ ਮਗਰੋਂ ਕੌਮੀ ਏਕਤਾ ਅਤੇ ਆਜ਼ਾਦੀ ਦੀ ਰਖਵਾਲੀ ਲਈ ਆਮ ਜਨਤਾ ਨੂੰ ਪ੍ਰੇਰਿਤ ਕਰਨ ਹਿੱਤ ਉਸ ਨੇ ਪੂਰਾ ਨਾਟਕ 'ਸਾਂਝਾ ਮੋਰਚਾ' ਲਿਖਿਆ। ਇਸੇ ਦਹਾਕੇ ਵਿਚ ਉਸ ਨੇ 'ਸੰਜੋਗ', 'ਪੈਰੋ ਪੈਰ ਉਚੇਰਾ', 'ਰੰਗਾਂ ਦੀ ਬਹਾਰ' ਅਤੇ 'ਮਿੱਟੀ ਦੀ ਖੁਸ਼ਬੂ' ਨਾਟਕ ਲਿਖੇ।

'ਦਿਲ ਦਰਿਆ ਸਮੁੰਦਰੋਂ ਡੂੰਘੇ' ਉਸ ਦੇ ਸਦ ਰੇਡੀਉ ਡਰਾਮਿਆਂ ਦਾ ਸੰਗ੍ਰਹਿ ਹੈ। 'ਲਾਲਟੈਨ' ਵਿਚ ਪਿੰਡ ਵਿਚ ਡਾਕੂਆਂ ਦੀ ਸਮੱਸਿਆ ਨੂੰ ਲਿਆ ਗਿਆ ਹੈ, 'ਗਲਤ ਫਹਿਮੀ' ਵਿਚ ਪਤੀ ਪਤਨੀ ਵਿਚਕਾਰ ਕੁਝ ਦੇਰ ਲਈ ਗ਼ਲਤ ਫਹਿਮੀ ਪੈਦਾ ਹੋਣ ਤੇ ਉਸ ਦੇ ਦੂਰ ਹੋਣ ਦੀ ਗੱਲ ਆਈ ਹੈ। 'ਪ੍ਰਾਹੁਣਾ' ਵਿਚ ਪਿੰਡਾਂ ਅਤੇ ਪੇਂਡੂਆਂ ਬਾਰੇ ਸ਼ਹਿਰੀ ਲੋਕਾਂ ਦੇ ਬਣੇ ਖ਼ਿਆਲਾਂ ਨੂੰ ਲੇਖਕ ਫਿਟ ਕਰਦਾ ਹੈ ਅਤੇ 'ਅਣ ਘੜਿਆ ਪੱਥਰ' ਵਿਚ ਅੱਜ ਦੀ ਪੀੜੀ ਨੂੰ ਮਿਹਨਤ, ਲਗਨ ਅਤੇ ਸਬਰ ਸੰਤੋਖ ਨਾਲ ਬਦਲਣ ਦੀ ਗੱਲ ਕਰਦਾ ਹੈ।



੨. **ਉਜਾਗਰ ਸਿੰਘ ਮਹਿਕ:** ਬੁਨਿਆਦੀ ਤੌਰ 'ਤੇ ਇਕ ਕਵੀ ਹੈ ਪਰੰਤੂ ਉਜਾਗਰ ਸਿੰਘ ਮਹਿਕ ਨੇ 'ਲਾਸ਼ਾਂ ਦਾ ਸਾਗਰ' ਨਾਂ ਦਾ ਤਿੰਨ ਐਕਟਾਂ ਦਾ ਇਕ ਪੂਰਾ ਨਾਟਕ ਵੀ ਲਿਖਿਆ ਹੈ ਜੋ ੧੯੬੫ ਈ. ਦੀ ਭਾਰਤ ਪਾਕਿਸਤਾਨ ਜੰਗ ਤੋਂ ਪ੍ਰਭਾਵਿਤ ਹੋ ਕੇ ਰਚਿਆ ਗਿਆ ਹੈ। ਨਾਟਕ ਦਾ ਵਿਸ਼ਾ ਅਮਨ ਦੀ ਬਹਾਲੀ ਤੇ ਜੰਗ ਦੀ ਭੰਡੀ ਪਾਉਣਾ ਹੈ। ਇਹ ਕੰਮ ਉਹ ਰਮੇਸ਼ ਅਤੇ ਊਸ਼ਾ ਦੇ ਪਿਆਰ ਸੰਬੰਧਾਂ ਰਾਹੀਂ ਕਰਦਾ ਹੈ। ਸਾਰੇ ਉਹਨਾਂ ਦੇ ਵਿਆਹ ਹੋਣ ਜਾਣ ਦੇ ਇਛੁੱਕ ਹਨ ਪ੍ਰੰਤੂ ਕੁੜੀ ਦਾ ਜੀਜਾ ਆਪਣੇ ਮਿੱਤਰ ਨਾਲ ਊਸ਼ਾ ਦਾ ਵਿਆਹ ਕਰਵਾਉਣਾ ਚਾਹੁੰਦਾ ਹੈ ਪਰ ਊਸ਼ਾ ਆਪ ਉਸ ਨਵੇਂ ਮੰਗੇਤਰ ਨਾਲ ਗੱਲ ਕਰ ਮਸਲਾ ਸੁਲਝਾ ਦਿੰਦੀ ਹੈ ਪ੍ਰੰਤੂ ੧੯੬੫ ਈ. ਦੀ ਜੰਗ ਵਿਚ ਸ਼ਹਿਰੀ ਆਬਾਦੀ ਜਿਹੀ ਫਿਰਦੀ ਦਿਸਦੀ ਹੈ। ਨਾਟਕਕਾਰ ਨੇ ਭਾਵੇਂ ਨਾਟਕੀ ਮੌਕੇ ਪੈਦਾ ਕਰਨ ਦਾ ਯਤਨ ਕੀਤਾ ਹੈ ਪਰ ਚੁਸਤ ਵਾਤਾਲਾਪ ਨਾ ਹੋਣ ਕਰਕੇ ਅਤੇ ਸਟੇਜ ਦੀ ਪੂਰੀ ਵਾਕਫ਼ੀ ਤੋਂ ਵਾਂਝੇ ਰਹਿਣ ਕਰਕੇ ਲੇਖਕ ਆਪਣੀ ਰਚਨਾ ਨੂੰ ਨਾਟਕ ਬਣਾਉਣ ਵਿਚ ਸਫਲ ਨਹੀਂ ਰਿਹਾ।

੩. **ਬੀਕਮ ਸਿੰਘ ਰਾਹੀ:** ਪਿੰਡ ਪਾਤਸਾ, ਸ਼ਫ਼ੀਆਬਾਦ, ਬਾਰ੍ਹਾਮੂਲਾ ਨਿਵਾਸੀ ਬੀਕਮ ਸਿੰਘ ਰਾਹੀ ਨੇ ਇਕ ਇਕਾਂਗੀ ਸੰਗ੍ਰਹਿ, 'ਨਿਰਾਦਰੀ' ਵਰ੍ਹਾ ੧੯੭੨ ਈ· ਵਿਚ ਪ੍ਰਕਾਸ਼ਤ ਕਰਵਾਇਆ ਹੈ ਜਿਸ ਵਿਚ ਪੰਜ ਇਕਾਂਗੀਆਂ ਸ਼ਾਮਿਲ ਹਨ। ਲੇਖਕ ਨੇ ਯਤਨ ਕੀਤਾ ਹੈ ਸਮਾਜ ਵਿਚ ਪ੍ਰਚਲਤ ਬੁਰਾਈਆਂ ਜਿਵੇਂ ਅਨ ਜੋੜ ਵਿਆਹ, ਵੱਡੇ ਪਰਿਵਾਰ ਕਾਰਨ ਪੇਸ਼ ਆਉਂਦੇ ਦੁੱਖ, ਦਾਜ ਦੀ ਪ੍ਰਥਾ ਆਦਿ। ਇਨ੍ਹਾਂ ਨਾਟਕਾਂ ਨੂੰ ਪੜ੍ਹਨ ਉਪਰੰਤ ਪਤਾ ਲਗਦਾ ਹੈ ਕਿ 'ਰਾਹੀ' ਨੂੰ ਹਾਲਾਂ ਬਹੁਤ ਮਿਹਨਤ ਦੀ ਲੋੜ ਹੈ। ਰੰਗ ਮੰਚ ਦੀ ਜਾਣਕਾਰੀ ਦੇ ਨਾਲ ਨਾਲ ਚੁਸਤ ਵਾਰਤਾਲਾਪ ਪਾਤਰਾਂ ਦੀ ਸਥਿਤੀ ਅਨੁਸਾਰ ਲਿਖਣ ਦੀ ਜਾਚ ਹੋਣੀ ਵੀ ਲਾਜ਼ਮੀ ਹੈ।

## ਅਗਲਾ ਦੌਰ

੧. **ਕਿਰਪਾਲ ਸਿੰਘ ਕਸਾਲੀ:** ਕਿਰਪਾਲ ਸਿੰਘ ਕਸਾਲੀ ਨੂੰ ਰੰਗ ਮੰਚ ਨਾਲ ਜਨੂੰਨ ਦੀ ਹੱਦ ਤੱਕ ਪਿਆਰ ਸੀ। ਉਸ ਨੇ 'ਬਲਰਾਜ ਸਾਹਨੀ ਰੰਗਮੰਚ' ਨਾਂ ਦੀ ਨਾਟ ਮੰਡਲੀ ਬਣਾਈ ਹੋਈ ਸੀ, ਜਿਸ ਰਾਹੀਂ ਉਸ ਨੇ ਪ੍ਰਸਿੱਧ ਨਾਟਕਕਾਰਾਂ ਦੇ ਨਾਲ-ਨਾਲ ਆਪਣੇ ਲਿਖੇ ਨਾਟਕ ਵੀ ਮੰਚਿਤ ਕੀਤੇ ਸਨ। ਉਸ ਨੇ ਆਪਣੇ ਪੰਜਾਂ ਨਾਟਕਾਂ ਨੂੰ ਦੋ ਨਾਟ-ਪੁਸਤਕਾਂ ਵਿਚ ਪ੍ਰਕਾਸ਼ਤ ਕਰਵਾਇਆ ਹੈ...'ਸਰਹੱਦਾਂ' ਅਤੇ 'ਅੱਗ ਦੇ ਬੀਜ' । 'ਸਰਹੱਦਾਂ' ਵਿਚ ਪਹਿਲਾ ਨਾਟਕ ਇਸੇ ਸਿਰਲੇਖ ਵਾਲਾ ਹੈ ਜੋ ਲਗਭਗ ਦੋ ਵਰ੍ਹਿਆਂ ਦੇ ਅਰਸੇ ਵਿਚ ਕੋਈ ਪੰਜ ਵਾਰ ਸਟੇਜ ਤੇ ਖੇਡਿਆ ਗਿਆ ਹੈ। 'ਅੱਗ ਦੇ ਬੀਜ' ਨਾਂ ਦੀ ਨਾਟਕ ਪੁਸਤਕ ਵਿਚ ਕਿਰਪਾਲ ਸਿੰਘ ਕਸਾਲੀ ਦੇ ਦੋ ਨਾਟਕ ਸ਼ਾਮਲ ਹਨ ਇਕ ਤਾਂ ਇਸੇ ਸਿਰਲੇਖ ਵਾਲਾ ਹੈ ਅਤੇ ਦੂਜਾ 'ਬਾਵਾ ਜਿੱਤੋ ਇਤਿਹਾਸਕ ਨਾਟਕ ਹੈ।

੨. **ਸ਼ਮਸ਼ੇਰ ਸਿੰਘ ਚੌਹਾਲਵੀ:** ਸ਼ਮਸ਼ੇਰ ਸਿੰਘ ਚੌਹਾਲਵੀ ਦਾ ਜਨਮ ਰਿਫਿਊਜੀ ਕੈਂਪ ਨਗਰੋਟਾ ਵਿਖੇ ਸ. ਖੜਕ ਸਿੰਘ ਦੇ ਘਰ ੧੯੫੦ ਈ. ਵਿਚ ਹੋਇਆ ਭਾਵੇਂ ਉਸ ਦਾ ਖਾਨਦਾਨ ਪੁਣਛ ਨਾਲ ਸਬੰਧਤ ਹੈ। ਸਿੰਬਲ ਕੈਂਪ ਕੋਈ ਸਤਾਰ੍ਹਾਂ ਵਰ੍ਹੇ ਰਹਿਣ ਮਗਰੋਂ ੧੯੬੮ ਈ. ਤੋਂ ਚੋਹਾਲਾ ਵਿਖੇ ਰਹਿਣ ਕਰਕੇ ਉਸ ਨੇ ਆਪਣੇ ਨਾਂ ਨਾਲ ਚੋਹਾਲਵੀ ਜੋੜ ਲਿਆ ਹੈ। ਰੀਜਨਲ ਰਿਸਰਚ ਲੈਬਾਰਟਰੀ ਜੰਮੂ ਵਿਖੇ ਨੌਕਰੀ ਕਰ ਰਿਹਾ ਹੈ ਅਤੇ ਐਮ.ਏ. ਪੰਜਾਬੀ ਦੀ ਡਿਗਰੀ ਵੀ ਰੱਖਦਾ ਹੈ। ਚੋਹਾਲਵੀ ਨੂੰ ਸਟੇਜ ਅਦਾਕਾਰੀ ਅਤੇ ਨਾਟਕ ਨਿਰਦੇਸ਼ਨ ਦਾ ਸ਼ੌਕ ਹੈ ਅਤੇ ਉਸ ਦੇ ਦੋ ਨਾਟਕ ਪ੍ਰਕਾਸ਼ਿਤ ਹੋ ਚੁਕੇ ਹਨ 'ਅਸਲੀ ਧੰਨ' (੧੯੮੭) ਅਤੇ 'ਨਿੱਕੇ ਨਿੱਕੇ ਘਰ' (੧੯੯੨)। ਦੋਵੇਂ ਨਾਟਕਾਂ ਦਾ ਪਾਠ ਦੱਸਦਾ ਹੈ ਕਿ ਨਾਟਕਕਾਰ ਨੂੰ ਮੰਚ ਦੀ ਬੁਨਿਆਦੀ ਸੂਝ ਹੈ ਪਰ ਆਧੁਨਿਕ ਮੰਚ ਕਈ ਪੁਲਾਘਾਂ ਬੜੀ

ਛੇਤੀ ਛੇਤੀ ਲੰਘ ਚੁੱਕਾ ਹੈ। ਅੱਜ ਦੇ ਵਿਕਸਿਤ ਰੰਗ ਮੰਚ ਅਤੇ ਉਸ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਲਿਖਿਆ ਨਾਟਕ ਹੀ ਸਫਲ ਕਲਾਕ੍ਰਿਤ ਅਖਵਾ ਸਕਦਾ ਹੈ। ਇਸੇ ਤਰ੍ਹਾਂ ਉਸ ਨੂੰ ਨਾਟਕੀ ਕਾਰਜ ਬਾਰੇ ਵੀ ਸੁਚੇਤ ਹੋਣ ਦੀ ਲੋੜ ਹੈ।

**੩. ਸੁਸ਼ੀਲ ਕੁਮਾਰ:** ਸੁਸ਼ੀਲ ਕੁਮਾਰ ਸਪੁੱਤਰ ਆਰ.ਡੀ. ਸਰਮਾ ਜੰਮੂ ਪ੍ਰਾਂਤ ਦਾ ਜੰਮਪਲ ਹੈ ਅਤੇ ਇਥੇ ਹੀ ਪ੍ਰਵਾਨ ਚੜ੍ਹਿਆ। ਜੰਮੂ ਯੂਨੀਵਰਸਿਟੀ ਦੇ ਡਿਸਟੇਂਸ ਐਜੂਕੇਸ਼ਨ ਦੇ ਮਹਿਕਮੇ ਤੋਂ ਸੇਵਾ ਮੁਕਤ ਹੋ ਗਿਆ ਹੈ। ਉਸ ਦੀਆਂ ਦੋ ਨਾਟਪੁਸਤਕਾਂ ਪ੍ਰਕਾਸ਼ਤ ਹੋ ਚੁ'ਕੀਆਂ ਹਨ…'ਇਹ ਲੋਕ' (੧੯੮੯) ਅਤੇ 'ਘਰ ਦਾ ਭੇਤੀ' (੧੯੮੯)। ਇਹ ਦੋਵੇਂ ਇਕਾਂਗੀ ਸੰਗ੍ਰਹਿ ਹਨ ਜਿਨ੍ਹਾਂ ਵਿਚ ਚਾਰਚਾਰ ਇਕਾਂਗੀ ਸ਼ਾਮਲ ਕੀਤੇ ਗਏ ਹਨ ਅਤੇ ਉਹਨਾਂ ਵਿਚ ਕਈ ਸਫਲਤਾ ਸਹਿਤ ਮੰਚਿਤ ਵੀ ਹੋਏ ਹਨ।

**੪. ਦੇਵਿੰਦਰ ਸਿੰਘ ਵਿਸ਼ਵਾਨਾਗ੍ਰਿਕ:** ਮਹਾਂਵੀਰ ਚੱਕ੍ਰ ਵਿਜੇਤਾ ਸ. ਸਰੂਪ ਸਿੰਘ ਦੇ ਘਰ ਜਨਮਿਆ ਦੇਵਿੰਦਰ ਸਿੰਘ ਵਿਸ਼ਨਾਗ੍ਰਿਕ ਜੰਮੂ ਦਾ ਜੰਮੂਪਲ ਹੈ, ਜਿਸ ਨੇ ਆਪਣਾ ਸਾਹਿਤਕ ਸਫਰ ਨਾਟਕ ਲੇਖਣ ਨਾਲ ਆਰੰਭ ਕੀਤਾ ਅਤੇ ਅੱਜ ਤਕ ਉਸ ਪੰਜਾਬੀ ਸੌਂਹਿਤ ਨੂੰ ਦਸ ਤੋਂ ਵੱਧ ਨਾਟਕ ਦੇ ਚੁੱਕਾ ਹੈ। ਚਾਰ ਨਾਟ ਪੁਸਤਕਾਂ ਪ੍ਰਕਾਸ਼ਿਤ ਰੂਪ ਵਿਚ ਮੌਜੂਦ ਹਨ_'ਪੋਹ ਦੀ ਪੁੰਨਿਆ', 'ਅਤੀਤ ਇਕ ਦਰਪਣ' (੧੯੮੮), 'ਉਲਟੀ ਵਾੜ' (੧੯੮੮) ਅਤੇ 'ਕਾਹਦੇ ਨਿਸ਼ਾਨ'। ਵਿਸ਼ਵਨਾਗ੍ਰਿਕ ਦੇ ਚੌਥੇ ਨਾਟ ਸੰਗ੍ਰਹਿ 'ਕਾਹਦੇ ਨਿਸ਼ਾਨ' ਵਿਚ ਦੋ ਨਾਟਕ ਹਨ। ਪਹਿਲ ਨਾਟਕ 'ਰੱਬ ਦੀ ਬੈਠਕ' ਜੋ ਭੁਪਿੰਦਰ ਸਿੰਘ ਸੂਦਨ ਦੀ ਕਹਾਣੀ 'ਰੱਬ ਦੀ ਬੈਠਕ' ਦਾ ਨਾਟਕੀ ਰੂਪ ਹੈ ਅਤੇ ਭੁਪਿੰਦਰ ਸਿੰਘ ਸੂਦਨ ਦੀ ਪਹਿਲੀ ਬਰਸੀ ਦੇ ਮੌਕੇ 'ਤੇ ਅਭਿਨਵ ਥੀਏਟਰ, ਜੰਮੂ ਵਰਤਦੇ ਹੋਏ ਲੇਖਕ ਨੇ ਰਵਾਇਤੀ ਰੱਖ ਨੂੰ ਵੀ ਬਦਲੇ ਹੋਏ ਰੂਪ ਵਿਚ ਪੇਸ਼ ਕੀਤਾ ਹੈ। 'ਕਾਹਦੇ ਨਿਸ਼ਾਨ' ਵਿਚ ਲੇਖਕ ਸਮਾਜ ਵਿਚ ਵਾਪਰ ਰਹੀਆਂ ਗ਼ਲਤ ਕਿਸਮ ਦੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੈ।

**੫. ਬਿਕਰਮਜੀਤ ਸਿੰਘ ਵਿਕੀ:** ਵਰ੍ਹਾ ੧੯੬੩ ਈ. ਦੇ ਫ਼ਰਵਰੀ ਮਹੀਨੇ ਵਿਚ ਸ. ਜਨਕ ਸਿੰਘ ਸੂਦਨ ਦੇ ਘਰ ਜਨਮੇ ਬਿਕਰਮਜੀਤ ਨੇ ਬਹੁਤ ਛੋਟੀ ਉਮਰ ਵਿਚ ਅਤੇ ਬਹੁਤ ਛੇਤੀ ਨਾਟਕ ਲਿਖਣ ਅਤੇ ਨਾਟਕ ਮੰਚਨ ਕਰਨ ਵਿਚ ਆਪਣਾ ਨਾਂ ਪੈਦਾ ਕਰ ਲਿਆ। ਉਹ 'ਵਿਕੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਸ ਨੇ ਬਹੁਤ ਛੋਟੀ ਉਮਰ ਵਿਚ ਨਾਟਕ ਲਿਖਣ ਵਲ ਕਦਮ ਪੁੱਟ ਲਏ ਸਨ। ਉਸ ਦਾ ਕਹਿਣਾ ਹੈ, 'ਕੁਦਰਤ ਦੇ ਸਭ ਬੰਦੇ' ਮੇਰਾ ਦੂਜਾ ਪੰਜਾਬੀ ਨਾਟਕ ਹੈ, ਇਸ ਤੋਂ ਪਹਿਲਾਂ ਮੈਂ 'ਬਾਬਲ ਦਾ ਵਿਹੜਾ' ਪੰਜਾਬੀ ਨਾਟਕ ਲਿਖਿਆ। ਇਹ ਦੋਵੇਂ ਨਾਟਕ ਮੈਂ ਉਦੋਂ ਲਿਖੇ ਜਦੋਂ ਮੇਰੀ ਉਮਰ ਸਿਰਫ਼ ੧੬ ਸਾਲ ਦੀ ਸੀ। ਇਸ ਦੇ ਨਾਲ ਹੀ ਉਹ ਨਿੱਕੀ ਉਮਰ ਵਿਚ ਹੀ ਛੋਟੀਆਂ ਛੋਟੀਆਂ ਕਹਾਣੀਆਂ ਤੇ ਇਕਾਂਗੀ ਵੀ ਲਿਖਣ ਲੱਗਾ ਸੀ।

ਮੂਲ ਰੂਪ ਵਿਚ ਰਿਆਸਤੀ ਖੇਤਰ ਵਿਚ ਪੰਜਾਬੀ ਨਾਟਕ ਸੰਬੰਧੀ ਜਾਗਰੂਕਤਾ ਪਿਛਲੇ ੪੧-੪੨ ਸਾਲਾਂ ਤੋਂ ਦੇਖੀ ਜਾ ਸਕਦੀ ਹੈ। ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੰਨ ੧੯੭੫ ਤੋਂ ਬਆਦ ਹੀ ਰਿਆਸਤੀ ਨਾਟਕੀ ਗਤੀਵਿਧੀਆਂ ਵਿਚ ਜੰਮੂ-ਕਸ਼ਮੀਰ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਹੈ। ਨਿਸ਼ਚੇ ਹੀ ਰਿਆਸਤੀ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਸਹੀ ਵਿਧੀ ਅੱਠਵੇਂ ਦਹਾਕੇ ਤੋਂ ਹੀ ਚੇਤੰਨ ਪ'ਧਰ 'ਤੇ ਆਰੰਭ ਹੋਈ। ਇਸ ਦ੍ਰਿਸ਼ਟੀ ਤੋਂ ਡਾ. ਦੇਵਿੰਦਰ ਸਿੰਘ, ਕਿਰਪਾਲ ਸਿੰਘ ਕਸਾਲੀ, ਬਿਕਰਮਜੀਤ ਸਿੰਘ ਵਿੱਕੀ,



ਮਮਸ਼ੇਰ ਸਿੰਘ ਚਹਾਲਵੀ, ਦੇਵਿੰਦਰ ਸਿੰਘ ਵਿਸ਼ਵਨਾਗਰਿਕ ਅਤੇ ਸ੍ਰੀ ਤੇਜਿੰਦਰ ਸਿੰਘ ਪ੍ਰੇਮੀ ਆਦਿ ਨਾਟਕਕਾਰਾਂ ਦਾ ਰਿਆਸਤੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਪ੍ਰਫੁਲਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਹੈ।

## 7.4 Summary (ਨਿਸ਼ਕਰਸ਼)

ਉਪਰੋਕਤ ਕੀਤੀ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਾਟਕ ਆਧੁਨਿਕ ਰਿਆਸਤੀ ਪੰਜਾਬੀ ਸਾਹਿਤ ਦਾਇਕ ਪ੍ਰਮੁੱਖ ਘਟਕ ਰਿਹਾ ਹੈ। ਆਧੁਨਿਕ ਪੰਜਾਬੀ ਕਵਿਤਾ ਅਤੇ ਗਲਪ ਦੇ ਨਾਲ ਨਾਲ ਰਿਆਸਤੀ ਨਾਟਕ ਨੇ ਆਪਣਾ ਇਕ ਵਿਸ਼ੇਸ਼ ਮੁਕਾਮ ਬਣਾਇਆ ਹੈ ਅਤੇ ਅਜੋਕੇ ਸਮੇਂ ਵਿਚ ਵੀ ਪੰਜਾਬੀ ਨਾਟਕ ਦੇ ਵਿਚ ਵਿਸ਼ੇ ਅਤੇ ਤਕਨੀਕੀ ਪਖ ਤੋਂ ਨਵੇਂ ਪ੍ਰਯੋਗ ਕੀਤੇ ਜਾ ਰਹੇ ਹਨ ਤਾਂ ਜੋ ਟੀ. ਵੀ. ਅਤੇ ਸਿਨੇਮਾ ਦੇ ਇਸ ਦੌਰ ਵਿਚ ਵੀ ਨਾਟਕ ਦੀ ਹੋਂਦ ਬਰਕਰਾਰ ਰਹਿ ਸਕੇ।

## 7.5 Glossory/Keywords(ਔਖੇ ਸ਼ਬਦਾਂ ਦੇ ਅਰਥ)

ਦਹਾਕਾ - ਦਸ ਸਾਲ ਦਾ ਸਮਾਂ ਜਾਂ ਦਸ਼ਕ

ਸਿਲਸਿਲੇਵਾਰ - ਲੜੀਵਾਰ

ਨਿਰਧੰਨ - ਗਰੀਬ

ਆਬਾਦੀ - ਜਨਸੰਖਿਆ

ਨਿਰਾਦਰੀ - ਬੇਇਜ਼ਤੀ ਜਾਂ ਆਦਰ ਨਾ ਕਰਨਾ

ਰੀਜਨਲ - ਖੇਤਰੀ

ਰਿਸਰਚ - ਖੋਜ

ਅਤੀਤ - ਬੀਤਿਆ ਸਮਾਂ

## 7.6 Lesson End Exercise

੧. ਰਿਆਸਤੀ ਪੰਜਾਬੀ ਨਾਟਕ ਸਾਹਿਤ ਦੇ ਆਰੰਭ ਬਾਰੇ ਜਾਣਕਾਰੀ ਦਿਉ।

੨. ਰਿਆਸਤ ਦੇ ਨਾਟਕਕਾਰਾਂ ਨੇ ਕਿਹੜੇ ਵਿਸ਼ਿਆਂ ਨੂੰ ਆਪਣੀਆਂ ਆਪਣੀਆਂ ਨਾਟ ਰਚਨਾਵਾਂ ਲਈ ਅਪਨਾਇਆ ?

ਉਦਾਹਰਣ ਸਹਿਤ ਦੱਸੋ।

੩. ਰਿਆਸਤ ਦੇ ਨਾਟਕ ਸਾਹਿਤ ਨੂੰ ਕਿਹੜੇ - ਕਿਹੜੇ ਪ੍ਰਮੁੱਖ ਨਾਟਕਕਾਰਾਂ ਨੇ ਯੋਗਦਾਨ ਦਿੱਤਾ।

## 7.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। ੧੯੬੪ ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। ੧੯੯੪ ।


## 7.8 Suggested Further Readings(ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਨਾਟਕ ਸਾਹਿਤ ਦੇ ਆਰੰਭ ਬਾਰੇ ਹੋਰ ਜਾਨਣ ਲਈ ਉਹ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਅਤੇ ਨਾਟਕ ਸਾਹਿਤ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਵੱਖ-ਵੱਖ ਸਾਹਿਤਕਾਰਾਂ ਵਲੋਂ ਲਿਖੇ ਨਾਟਕਾਂ ਨੂੰ ਪੜ੍ਹਿਆ ਵੀ ਜਾਵੇ।

......................



# 'ਰਿਆਸਤੀ ਪੰਜਾਬੀ ਰੰਗਮੰਚ ਦਾ ਇਤਿਹਾਸਕ ਸਰਵੇਖਣ'

**Unit-2** **Lesson No:8**

**STRUCTURE :**

8.1 Introduction (ਜਾਣ-ਪਛਾਣ)

8.2 Objective (ਉਦੇਸ਼)

8.3 Content (ਰਿਆਸਤੀ ਪੰਜਾਬੀ ਰੰਗਮੰਚ ਦਾ ਆਰੰਭ ਅਤੇ ਇਤਿਹਾਸ )

8.4 Summary (ਨਿਸ਼ਕਰਸ਼)

8.5 Glossary/Keywords (ਔਖੇ ਸ਼ਬਦਾਂ ਦੇ ਅਰਥ)

8.6 Lesson End Exercise

8.7 References (ਸਹਾਇਕ ਗ੍ਰੰਥਾਵਲੀ)

8.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

## 8.1 Introduction (ਜਾਣ-ਪਛਾਣ)

ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ 'ਚੋਂ ਸੱਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ। ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਅਤੇ ਪੰਜਾਬੀ। ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ।ਰਿਆਸਤ ਦੀਆਂ ਇਨ੍ਹਾਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ।

## 8.2 Objective (ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਪੰਜਾਬੀ ਰੰਗਮੰਚ ਦੇ ਆਰੰਭ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਰਿਆਸਤੀ ਪੰਜਾਬੀ ਰੰਗਮੰਚੀ ਪਰੰਪਰਾ ਦੇ ਪਿਛੋਕੜ 'ਤੋਂ ਜਾਣੂ ਕਰਵਾਉਣਾ ਅਤੇ ਵਖੋ-ਵਖਰੇ ਦੌਰਾਂ ਵਿਚ ਵੱਖ-ਵੱਖ ਨਾਟ ਮੰਡਲੀਆਂ ਵਲੋਂ ਰਿਆਸਤੀ ਰੰਗਮੰਚ ਨੂੰ ਪ੍ਰਫੁਲਿੱਤ ਕਰਨ ਵਿਚ ਪਾਏ ਗਏ ਯੋਗਦਾਨ ਨੂੰ ਦਰਸ਼ਾਉਣਾ ਹੈ, ਜਿਸ ਨਾਲ ਪਾਠਕ ਨੂੰ ਰਿਆਸਤੀ ਪੰਜਾਬੀ ਰੰਗਮੰਚ ਬਾਰੇ ਮੁਕੰਮਲ ਜਾਣਕਾਰੀ ਹਾਸਿਲ ਹੋ ਸਕੇ।

## 8.3 Content (ਰਿਆਸਤੀ ਪੰਜਾਬੀ ਰੰਗਮੰਚ ਦਾ ਆਰੰਭ ਅਤੇ ਇਤਿਹਾਸ )

ਰਿਆਸਤ ਜੰਮੂ ਕਸ਼ਮੀਰ ਵਿਚ ਪੰਜਾਬੀ ਨਾਟਕ ਰਚਨ ਤੇ ਉਹਨਾਂ ਦੀ ਪੇਸ਼ਕਾਰੀ ਦਾ ਠੀਕ-ਠੀਕ ਆਰੰਭ ੨੦ਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਹੋਇਆ ਮੰਨ੍ਹਿਆ ਜਾ ਸਕਦਾ ਹੈ । ਬੇਸ਼ੱਕ ੧੯੬੦ ਤੋਂ ਪਹਿਲਾਂ ਵੀ ਨਾਟਕ ਰਚੇ ਜਾਂਦੇ ਸਨ ਅਤੇ ਉਹਨਾਂ ਦੇ ਮੰਚਨ ਅਤੇ ਰੇਡੀਓ ਤੋਂ ਪ੍ਰਸਾਰਿਤ ਹੋਣ ਦੀਆਂ ਉਦਾਹਰਣਾ ਮਿਲਦੀਆਂ ਹਨ । ਪੰਜਾਬੀ ਝਲਕੀਆਂ ਰੇਡੀਓ ਜੰਮੂ ਤੋਂ ਵਰ੍ਹਾ ੧੯੪੯ ਤੋਂ ਪ੍ਰਕਾਸ਼ਿਤ ਹੋਣੀਆਂ ਆਰੰਭ ਹੋ ਗਈਆਂ ਸਨ । ਮੁੱਢਲੇ ਨਾਟਕਕਾਰਾਂ ਵਿਚ ਮਹਿਮੂਦ ਅਹਿਮਦ ਅਤੇ ਟੀ·ਐਸ· ਸੋਢੀ ਦਾ ਨਾਂ ਆਦਾ ਹੈ ਇਹ ਦੋਵੇਂ ਲੇਖਕ ਮਿਲ ਕੇ "ਜਾਨਾਂ" ਨਾਂ ਦੀ ਸਿਲਸਿਲੇਵਾਰ ਝਲਕੀ ਲਿਖਦੇ ਰਹੇ ਜੋ ਜੰਮੂ ਰੇਡੀਓ ਸਟੇਸ਼ਨ ਤੋਂ ਪੰਜਾਬੀ ਪ੍ਰੋਗਰਾਮ ਵਿਚ ਪ੍ਰਸਾਰਿਤ ਹੁੰਦੀ ਰਹੀ ।੬ ਉਸ ਤੋਂ ਬਾਅਦ ਉਹਨਾਂ ਨੇ ਸਿਲਸਿਲੇਵਾਰ ਨਾਟਕ ਲਿਖੇ ਜਿਵੇਂ ਟੀ·ਐਸ·ਸੋਢੀ ਨੇ "ਮਿਰਜ਼ਾ ਸਾਹਿਬਾਂ" ਅਤੇ "ਕੁੜਮਾਈ", ਮਹਿਮੂਦ ਅਹਿਮਦ ਨੇ "ਹਾਸ਼ਮ ਦਾ ਪੱਖਾ" ਅਤੇ "ਜ਼ਾਲਿਮ ਖ਼ਾਨ" । ਇਨ੍ਹਾਂ ਨਾਟਕਾਂ ਦੇ ਵਿਸ਼ੇ ਮੂਲ ਰੂਪ ਵਿਚ ਸਮਾਜਿਕ ਅਤੇ ਸਿਆਸੀ ਹੁੰਦੇ ਸਨ । "ਨੂਰਦੀਨ" ਸਿਰਲੇਖ ਵਾਲੇ ਸਿਲਸਿਲੇਵਾਰ ਨਾਟਕ ਦੀਆਂ ਕਈ ਕੜੀਆਂ ਨੂੰ ਸਫਲਤਾ ਸਾਹਿਤ ਸਟੇਜ ਤੇ ਵੀ ਖੇਡਿਆ ਗਿਆ ਜਿਵੇਂ "ਨੂਰਦੀਨ ਨੇ ਕ੍ਰਿਕਟ ਖੇਡਿਆ", "ਨੂਰਦੀਨ ਨੇ ਥੀਏਟਰ ਖੋਲਿਆ", ਨੂਰਦੀਨ ਨੇ ਘੁੱਗੂ ਦਾ ਵਿਆਹ ਕੀਤਾ", "ਨੂਰਦੀਨ ਨੇ ਕਾਰ ਖਰੀਦੀ", "ਨੂਰਦੀਨ ਚੰਨ ਤੇ ਗਿਆ", "ਨੂਰਦੀਨ ਨੇ ਚੋਰ ਫੜਿਆ" ਆਦਿ । ਇਸ ਸਮੇਂ ਦੌਰਾਨ ਕ੍ਰਿਸ਼ਨ ਚੰਦਰ ਦਾ ਨਾਟਕ "ਨਾਲ ਦਾ ਮਕਾਨ" ਵੀ ਸਫਲਤਾ ਸਾਹਿਤ ਸਟੇਜ 'ਤੇ ਪੇਸ਼ ਕੀਤਾ ਗਿਆ ।

ਇਸ ਤੋਂ ਇਲਾਵਾ ਪੰਜਾਬ ਜਾਂ ਹੋਰ ਪ੍ਰਾਂਤਾ ਤੋਂ ਨਾਟਕ ਮੰਡਲੀਆਂ ਨੂੰ ਬੁਲਾ ਕੇ ਨਾਟਕ ਖੇਡਣ ਦੀ ਪ੍ਰਥਾ ਸੀ ਤੇਰਾ ਸਿੰਘ ਚੰਨ, ਗੁਰਸ਼ਰਨ ਸਿੰਘ ਜਿਹੇ ਸੂਝਵਾਨ, ਪ੍ਰਤੀਬੱਧ ਨਾਟ ਕਰਮੀ ਇਹਨਾਂ ਕਾਰਜਕ੍ਰਮਾਂ ਵਿਚ ਹਿੱਸਾ ਲੈਂਦੇ ਰਹੇ ਪ੍ਰੰਤੂ ਪੰਜਾਬੀ ਵਿਚ ਇਥੋਂ ਦੀ ਆਪਣੀ ਕੋਈ ਨਾਟ ਮੰਡਲੀ ਜਾਂ ਥੀਏਟਰ ਨਹੀਂ ਸੀ ਜੋ ਇਥੋਂ ਦੀਆਂ



ਸਥਾਨਕ ਗਤੀਵਿਧੀਆਂ ਬਾਰੇ ਗਤੀਸ਼ੀਲ ਰਹਿੰਦੇ ਸਨ । ਸੰਨ ੧੯੫੭ ਤੋਂ ਪਹਿਲਾਂ ਇਪਟਾ (ਯੁਵਛ) ਵਲੋਂ ਤੇਰਾ ਸਿੰਘ ਚੰਨ ਦਾ ਉਪੇਰਾ "ਅਮਰ ਪੰਜਾਬ" ਜੰਮੂ ਵਿਚ ਕਈ ਥਾਵਾਂ ਤੇ ਖੇਡਿਆ ਗਿਆ । ਗੁਰਸ਼ਰਨ ਸਿੰਘ ਨੇ ਅੰਮ੍ਰਿਤਸਰ ਤੋਂ ਆਪਣੀ ਨਾਟਮੰਡਲੀ ਲਿਆ ਕੇ ਜੰਮੂ ਤੇ ਸ੍ਰੀਨਗਰ ਵਿਖੇ ਕਈ ਪੂਰੇ ਨਾਟਕ ਤੇ ਕੁਝ ਇਕਾਂਗੀ ਵੀ ਪੇਸ਼ ਕੀਤੇ ਜਿਵੇਂ "ਇਕ ਮਾਂ ਦੋ ਵਤਨ", "ਰਤਾ ਸ਼ਾਲੂ", "ਕਣਕ ਦੀ ਬੱਲੀ", "ਗਦਰ ਦੀ ਗੂੰਜ" । ਮਮਤਾ ਥੀਏਟਰਜ਼, ਪ੍ਰਾਣ ਸੱਭਰਵਾਲ ਅਤੇ ਆਤਮਜੀਤ ਨੇ ਵੀ ਆਪਣੀਆਂ ਨਾਟਮੰਡਲੀਆਂ ਰਾਹੀਂ ਸ੍ਰੀਨਗਰ ਅਤੇ ਜੰਮੂ ਵਿਚ ਨਾਟਕ ਖੇਡੇ । ਇਹ ਗੱਲ ਸੁਭਾਵਿਕ ਹੈ ਕਿ ਇਸ ਸਭ ਨੇ ਸ੍ਰੀਨਗਰ ਅਤੇ ਜੰਮੂ ਦੇ ਸਥਾਨਕ ਕਲਾਕਾਰਾਂ ਅਤੇ ਨਾਟਕਕਾਰਾਂ ਨੂੰ ਪ੍ਰਭਾਵਿਤ ਕੀਤਾ ਅਤੇ ਜੰਮੂ ਵਿਚ ਪੰਜਾਬੀ ਰੰਗਮੰਚ ਦੇ ਸਥਾਪਿਤ ਹੋਣ ਅਤੇ ਉਸ ਨੂੰ ਪ੍ਰਫੁਲਤ ਕਰਨ ਲਈ ਆਪਣਾ ਯੋਗਦਾਨ ਦਿੱਤਾ । ਜੰਮੂ ਕਸ਼ਮੀਰ ਪ੍ਰਾਂਤ ਵਿਚ ਵੀ ਪੰਜਾਬੀ ਨਾਟਕ ਮੂਵਮੈਂਟ ਦੇ ਪ੍ਰਭਾਵ ਥੱਲੇ ਬਹੁਤ ਸਾਰੀਆਂ ਨਾਟਕ ਮੰਡਲੀਆਂ ਬਣੀਆਂ । ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

੧· ਨਟਰਾਜ ਨਾਟ ਕੁੰਜ

੨· ਲੋਕ ਮੰਚ

੩· ਸੰਗਮ ਰੰਗਮੰਚ

੪· ਕੰਚਨ ਆਰਟ ਸੋਸਾਇਟੀ

੫· ਮਨੋਰੰਜਨ ਕਲਾ ਕੇਂਦਰ

੬· ਸਮਿਤਾ ਥੀਏਟਰ ਗਰੁੱਪ

੭· ਇਮੈਚਿਊਰ ਥੀਏਟਰ ਗਰੁੱਪ

੮· ਰੰਗਮੰਚ

੯· ਬਲਰਾਜ ਸਾਹਨੀ ਪੰਜਾਬੀ ਰੰਗਮੰਚ

੧੦· ਜੰਮੂ ਤੋਂ ਬਾਹਰ ਕਠੂਏ ਵਿਚ ਕੁੱਝ ਕਲੱਬ ਬਣੇ ਜਿਨ੍ਹਾਂ ਨੇ ਬਹੁਤ ਸਾਰੇ ਪੰਜਾਬੀ ਨਾਟਕ ਖੇਡੇ ।

੧੧· ਜੰਮੂ ਲੇਖਕ ਸਭਾ

ਇਨ੍ਹਾਂ ਨਾਟਕ ਮੰਡਲੀਆਂ ਅਧੀਨ ਬਹੁਤ ਸਾਰੇ ਨਾਟਕਾਂ ਦਾ ਮੰਚਨ ਹੋਇਆ । ਵਿਜੈ ਸੁਮਨ ਨੇ ਨਾਟਕ 'ਪ੍ਰਾਹੁਣਾ' ਲਿਖਿਆ ਹੋ ਜੰਮੂ ਲੇਖਕ ਸਭਾ ਵਲੋਂ ਕਰਵਾਈ ਗਈ ਪੰਜਾਬੀ ਕਾਨਫ਼ਰੰਸ ਵਿਚ ਮੰਚ ਤੇ ਪੇਸ਼ ਹੋਇਆ । ਇਸੇ ਵਰ੍ਹੇ ਸੀ ਪਰਵਾਨਾ ਨੇ ਪ੍ਰਕਾਸ਼ ਸਾਥੀ ਦਾ ਰਚਿਆ ਹੋਇਆ ਨਾਟਕ "ਨਵੀਆਂ ਰਾਹਾਂ" ਯੂਥ ਹੋਸਟਲ ਵਿਚ ਖੇਡਿਆ । ੧੯੫੮ ਵਿਚ ਪੰਜਾਬੀ ਸਾਹਿਤ ਸਭਾ ਆਰ·ਐਸ· ਪੁਰਾ ਦੇ ਸਾਲਾਨਾ ਸੰਮੇਲਨ ਲਈ ਨਾਟਕ "ਪ੍ਰਾਹੁਣਾ" ਫਿਰ ਪੇਸ਼ ਕੀਤਾ ਗਿਆ । ਜੰਮੂ ਵਿਚ ਹੀ ਛੇ ਹੋਰ ਥਾਵਾਂ ਤੇ ਇਸ ਦੇ ਸ਼ੋਅ ਕੀਤੇ ਗਏ ਜਿਸ ਤੋਂ ਇਸ ਨਾਟਕ ਦੀ ਲੋਕਪ੍ਰਿਅਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ । ਜੰਮੂ ਰੇਡੀਓ ਸਟੇਸ਼ਨ ਵਲੋਂ ਕਰਵਾਏ ਗਏ ਨਾਟਕ ਮੇਲਿਆਂ ਵਿਚ ਸਮੇਂ-ਸਮੇਂ ਵਿਜੈ ਸੁਮਨ ਦਾ "ਪੈਰੋਪੈਰ ਉਚੇਰਾ", ਕਰਤਾਰ ਸਿੰਘ ਦੁੱਗਲ ਦਾ "ਮਿੱਠਾ ਪਾਣੀ" ਅਤੇ ਬਲਵੰਤ ਗਾਰਗੀ ਦਾ "ਲੋਹਾ ਕੁੱਟ" ਨਾਟਕ ਰੰਗਮੰਚ ਤੇ ਪੇਸ਼ ਕੀਤੇ ਗਏ । ਵੀਹਵੀਂ ਸਦੀ ਇਸਵੀ ਦੇ ਸਤਵੇਂ ਦਹਾਕੇ ਦੇ

ਪਹਿਲੇ ਅੱਧ ਵਿਚ ਹੀ ਵਿਜੈ ਸੁਮਨ ਦਾ "ਸਾਂਝਾ ਮੋਰਚਾ", "ਸੰਜੋਗ", "ਰੰਗਾਂ ਦੀ ਬਹਾਰ" ਅਤੇ "ਮਿੱਟੀ ਦੀ ਖੁਸ਼ਬੋ" ਆਦਿ ਨਾਟਕ ਲਿਖੇ ਵੀ ਗਏ ਅਤੇ ਮੰਚ 'ਤੇ ਪੇਸ਼ ਵੀ ਕੀਤੇ ਗਏ ।੭

ਮਹਿਮੂਦ ਅਹਿਮਦ ਅਤੇ ਟੀ·ਐਸ· ਸੋਢੀ ਦੋਹਾਂ ਨਾਟਕਕਾਰਾਂ ਨੇ ਛੇਵੇਂ ਦਹਾਕੇ ਦੇ ਆਰੰਭ ਵਿਚ ਭਾਵੇਂ ਆਪਦੇ ਸਾਰੇ ਨਾਟਕ ਮੂਲ ਰੂਪ ਵਿਚ ਰੇਡੀਉ ਲਈ ਹੀ ਲਿਖੇ ਪ੍ਰੰਤੂ ਇਨ੍ਹਾਂ ਵਿਚ ਥੋੜੀ ਤਬਦੀਲੀ ਕਰਕੇ ਮੰਚ 'ਤੇ ਵੀ ਪੇਸ਼ ਕੀਤੇ ਜਾਂਦੇ ਰਹੇ । ਮਹਿਮੂਦ ਅਹਿਮਦ ਦੇ ਲਿਖੇ ਨਾਟਕ "ਜਾਨਾਂ" "ਭਾਈਆ ਮੇਹਰ ਚੰਦ", "ਇਕ ਮੁੱਠ ਚਾਵਲ ਦੀ", "ਹੱਦ ਹੋ ਗਈ", "ਅਸੀਂ ਵੀ ਹੇਗੇ ਆਂ", ਅਤੇ "ਭਾਈਆ ਜੀ" ਆਦਿ ਨਾਟਕ ੧੯੬੨ ਵਿਚ ਪ੍ਰੇਡ ਗ੍ਰਾਊਡ ਜੰਮੂ ਵਿਖੇ ਰੰਗਮੰਚ ਤੇ ਖੇਡੇ ਗਏ । ਮਹਿਮੂਦ ਅਹਿਮਦ ਅਤੇ ਟੀ·ਐਸ· ਸੋਢੀ ਤੋਂ ਇਲਾਵਾ ਹੋਰ ਲੇਖਕਾਂ ਨੇ ਵੀ ਰੇਡੀਉ ਲਈ ਨਾਟਕ ਲਿਖੇ ਜਿਵੇਂ ਕੰਵਲ ਕਸ਼ਮੀਰੀ ਨੇ "ਸਮੇਂ ਦੇ ਗਾਜ਼ੀ", ਦੀਦਾਰ ਸਿੰਘ ਦੇ ਨਾਟਕ "ਪੰਚ ਪਰਮੇਸ਼ਵਰ", "ਆਪਣੇ ਆਪਣੇ ਘੇਰੇ", "ਰਸਤਾ ਕਿ ਰੋਕਦੇ ਹੋ", "ਨਵੀਆਂ ਕਿਰਨਾਂ", "ਸਾਡੀ ਮੁੱਠੀ 'ਚ", "ਦਿਸ਼ਾ ਦੀ ਦੁਕਾਨ", ਤੇ "ਸ਼ਾਹ ਵੇਲਾ" ਆਦਿ ਨਾਟਕ ਸੱਤਵੇਂ ਦਹਾਕੇ ਅਰਥਾਤ ੧੯੭੦ ਈ· ਤੋਂ ਪਹਿਲਾਂ ਰੇਡੀਉ ਤੋਂ ਪ੍ਰਸਾਰਿਤ ਹੋਏ ਅੱਠਵੇਂ ਦਹਾਕੇ ਵਿਚ ਅਰਥਾਤ ੧੯੭੦ ਈ· ਤੋਂ ਮਗਰੋਂ ਰੇਡੀਉ ਜੰਮੂ ਤੋਂ ਪ੍ਰਸਾਰਿਤ ਹੋਣ ਵਾਲੇ ਨਾਟਕ ਸਨ, ਹਰਭਜਨ ਸਿੰਘ ਸਾਗਰ ਦਾ ਨਾਟਕ "ਸਾਹਿਤਕਾਰ ਦੇ ਪ੍ਰਾਹੁਣੇ" (੧੯੭੫), ਡਾ· ਚੰਪਾ ਸ਼ਰਮਾ ਦਾ "ਪੀਲੇ ਹੱਥ" (੧੯੭੬), ਉਦੈਬੀਰ ਸਿੰਘ ਦਾ "ਦਾਲ ਨਾ ਗਲੀ" (੧੯੭੬), ਠਾਕੁਰ ਪੁਣਛੀ ਦਾ "ਸੁਲਫੇ ਦੀ ਲਾਟ" (੧੯੭੪), ਭੁਪਿੰਦਰ ਸਿੰਘ ਸੂਦਨ ਦਾ "ਸੱਚ ਦੇ ਰੂਬਰੂ" (੧੯੮੩) ਦੇਵਿੰਦਰ ਸਿੰਘ ਵਿਸ਼ਵਨਾਗਰਿਕ ਦਾ "ਪੋਹ ਦੀ ਪੁੰਨਿਆ" (੧੯੮੩) ਅਤੇ ਕਿਰਪਾਲ ਸਿੰਘ ਕਸਾਲੀ ਦੇ ਨਾਟਕ "ਪੋਟਾ-ਪੋਟਾ ਜ਼ਹਿਰ", "ਮਿੱਟੀ ਦਾ ਮੋਹ", "ਇਕ ਲਫ਼ਜ਼ ਦੀ ਮੌਤ", "ਇਕ ਪ੍ਰਾਹੁਣਾ ਹੋਰ", "੭੨ ਘੰਟੇ", "ਅੱਧੇ ਆਦਮੀ", "ਭਟਕਣ", "ਹੁਣ ਸਾਡੀ ਵਾਰੀ ਹੈ", ਸਮੇਂ ਸਮੇਂ ਰੇਡੀਉ ਜੰਮੂ ਅਤੇ ਜਲੰਧਰ ਤੋਂ ਪ੍ਰਸਾਰਿਤ ਹੁੰਦੇ ਰਹੇ ਹਨ। ਕਸਾਲੀ ਦੇ ਨਾਟਕ "ਗ਼ਲਤ ਫਹਿਮੀ ਅਤੇ "ਹੁਣ ਸਾਡੀ ਵਾਰੀ ਹੈ" ਜੰਮੂ ਦੂਰਦਰਸ਼ਨ 'ਤੇ ਵੀ ਵਿਖਾਏ ਜਾਂਦੇ ਰਹੇ ਹਨ।

**Check Your Progress**

**Note: I) ਹੇਠ ਲਿਖੇ ਪ੍ਰਸ਼ਨਾਂ ਦੇ ਉਤਰ ਦਿਉ।**

**II) ਆਪਣੇ ਉਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।**

**੧. ਰਿਆਸਤੀ ਪੰਜਾਬੀ ਰੰਗਮੰਚ ਲਈ ਬਾਹਰਲੀਆਂ ਨਾਟ ਮੰਡਲੀਆਂ ਦਾ ਕੀ ਯੋਗਦਾਨ ਰਿਹਾ ਹੈ?**

**੨. ਰਿਆਸਤੀ ਵਿਚ ਕਿਹੜੀਆਂ ਨਾਟ ਮੰਡਲੀਆਂ ਨੇ ਰੰਗਮੰਚ ਦੇ ਵਿਕਾਸ ਲਈ ਹਿੱਸਾ ਪਾਇਆ?**

ਨੌਵੇਂ ਦਹਾਕੇ ਦੇ ਅੰਤਲੇ ਸਾਲਾਂ 'ਚ ਰਿਆਸਤੀ ਪੰਜਾਬੀ ਨਾਟਕਾਂ ਦੀ ਪੇਸ਼ਕਾਰੀ ਵਿਚ ਸ਼ਲਾਘਾਯੋਗ ਵਾਧਾ ਹੋਇਆ ਜਦਕਿ ਇਸ ਤੋਂ ਪਹਿਲਾਂ ਰੇਡੀਓ ਨਾਟਕਾਂ ਦਾ ਬੜਾ ਜ਼ੋਰ ਸੀ । ਇਸ ਦਾ ਕਾਰਨ ਰੰਗਮੰਚ ਲਈ ਥਾਂ ਦੀ ਅਣਹੋਂਦ ਸੀ । ਇਸ ਪ੍ਰਯਾਸ ਵਿਚ ਜਿਥੇ ਰੇਡੀਓ ਨਾਟਕਾਂ, ਕਲਾਕਾਰਾਂ ਅਤੇ ਨਾਟਕਕਾਰਾਂ ਨੇ ਵੱਧ ਤੋਂ ਵੱਧ ਸਰੋਤਿਆਂ ਨੂੰ ਆਕਰਸ਼ਿਤ ਕੀਤਾ ਉਥੇ ਕਲਚਰਲ ਅਕੈਡਮੀ ਨੇ ਲੇਖਕਾਂ ਦੀ ਮਾਇਕ ਸਹਾਇਤਾ ਕਰ ਨਾਟਕ ਮੁਕਾਬਲੇ ਕਰਵਾ ਕੇ ਨਾਟਕਾਰਾਂ ਨੂੰ ਨਾਟਕ ਲਿਖਣ ਲਈ ਪ੍ਰੇਰਿਤ ਕੀਤਾ । ਜਿੱਥੇ ਨਾਟਕਾਂ ਦੇ ਵਿਕਾਸ ਤੇ ਲੋਕਪ੍ਰਿਯਤਾ ਲਈ ਰੇਡੀਓ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ ਉਥੇ ਪੰਜਾਬੀ ਰੰਗਮੰਚ ਦੇ ਵਿਕਾਸ ਲਈ ਕਲਚਰਲ ਅਕਾਦਮੀ ਦਾ ਮਹੱਤਵਪੂਰਨ ਯੋਗਦਾਨ ਹੈ ।



ਸੰਨ ੧੯੬੭ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਨਾਟਕਕਾਰ ਗੁਰਸ਼ਰਨ ਸਿੰਘ ਨੇ ਯੂਥ ਹੋਸਟਲ (ਪ੍ਰੇਡ ਗਰਾਡ) ਵਿਖੇ ਹਰਚਰਨ ਸਿੰਘ ਰਚਿਤ ਨਾਟਕ "ਰਤਾ ਸਾਲੂ" ਅਤੇ ਆਪਣੀ ਲਿਖੀ ਝਲਕੀ "ਭਾਈ ਮੰਨਾ ਸਿੰਘ" ਪੇਸ਼ ਕੀਤੀ ।ਸਤਵੇਂ ਦਹਾਕੇ ਦੇ ਅਖੀਰ ਵਿਚ ਸੰਨ ੧੯੬੯ ਈ· ਵਿਚ ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ ਟੈਗੋਰ ਹਾਲ ਵਿਚ "ਡਾ· ਪਲਟਾ" ਨਾਂ ਦਾ ਇਕ ਨਾਟਕ ਖੇਡਿਆ ਗਿਆ ਜਿਸ ਵਿਚ ਮੁੱਖ ਪਾਤਰ ਦਾ ਰੋਲ ਮੁਹੰਮਦ ਯਾਸੀਨ ਨੇ ਕੀਤਾ ਸੀ ਅਤੇ ਹੋਰ ਸਾਰੇ ਪਾਤਰਾਂ ਦੇ ਰੋਲ ਵਿਚ ਕਸ਼ਮੀਰ ਘਾਟੀ ਵਿਚੋਂ ਪਹਿਲੀ ਵਾਰ ਸਥਾਨਕ ਕਲਾਕਾਰ ਸਾਹਮਣੇ ਆਏ ।

ਇੰਝ ਅਸੀਂ ਕਹਿ ਸਕਦੇ ਹਾਂ ਕਿ ਸੰਨ੍ਹ ੧੯੭੦ ਤੱਕ ਰਿਆਸਤ ਅਤੇ ਵਿਸ਼ੇਸ਼ ਕਰਕੇ ਜੰਮੂ ਪ੍ਰਾਂਤ ਵਿਚ ਪੰਜਾਬੀ ਨਾਟਕ ਨੂੰ ਲੋਕ ਪ੍ਰਿਯ ਬਣਾਉਣ ਵਿਚ ਜਿੱਥੇ ਇਕ ਪਾਸੇ ਰੇਡੀਓ ਕਸ਼ਮੀਰ ਜੰਮੂ ਦਾ ਯੋਗਦਾਨ ਹੈ ਉਥੇ ਰੰਗਮੰਚ ਨੂੰ ਉਸਾਰਣ ਤੇ ਸਵਾਰਣ ਵਿਚ ਰਿਆਸਤ ਤੋਂ ਬਾਹਰਲੀਆਂ ਮੰਡਲੀਆਂ ਵਿਸ਼ੇਸ਼ ਕਰਕੇ ਨਾਟਕ ਕਲਾ ਕੇਂਦਰ ਅੰਮ੍ਰਿਤਸਰ ਦਾ ਵੀ ਹੱਥ ਹੈ । ਐਸੀਆਂ ਗਤੀਵਿਧੀਆਂ ਲਈ ਕਿਸੇ ਨਾ ਕਿਸੇ ਸੰਸਥਾ ਦੀ ਸਰਪ੍ਰਸਤੀ ਆਵੱਸ਼ਕ ਹੁੰਦੀ ਹੈ । ਸੰਨ ੧੯੭੩ ਵਿਚ ਜੰਮੂ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਦੇ ਖੁੱਲ੍ਹਣ ਨਾਲ ਜਿੱਥੇ ਪੰਜਾਬੀ ਨਾਟਕ ਦੇ ਪੜ੍ਹਨ ਪੜਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਉਥੇ ਇਸ ਦੇ ਮੰਚਣ ਲਈ ਯਤਨ ਵੀ ਆਰੰਭੇ ਗਏ ।

ਗੁਰੂ ਤੇਗ ਬਹਾਦਰ ਜੀ ਦੇ ੩00 ਸਾਲਾ ਸ਼ਹੀਦੀ ਸਮਾਰੋਹ ਵੇਲੇ ਜੰਮੂ ਵਿਸ਼ਵਿਦਿਆਲਾ ਵਲੋਂ ਯੂਨੀਵਰਸਿਟੀ ਕੈਂਪਸ ਦੇ ਖੁੱਲ੍ਹੇ ਅਹਾਤੇ ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਦੋ ਨਾਟਕ "ਕਿਵ ਕੂੜੈ ਤੁਟੇ ਪਾਲਿ" ਅਤੇ "ਜਿਨੁ ਸੱਚ ਪਲੈ ਹੋਇ" ਪ੍ਰਸਤੁਤ ਕੀਤੇ । ਇਸ ਦੌਰਾਨ ਜੰਮੂ ਅਤੇ ਸ੍ਰੀਨਗਰ ਵਿਚ ਕੁਝ ਨਾਟਕਕਾਰਾਂ ਨੇ ਸਥਾਨਕ ਨਾਟ ਕਲੱਬਾਂ ਨੂੰ ਜਨਮ ਦਿ'ਤਾ ਅਤੇ ਆਪਣੀਆਂ ਮੌਲਿਕ ਰਚਨਾਵਾਂ ਰਾਹੀਂ ਨਾਟਕ ਮੰਚਨ ਵੱਲ ਰੁਚਿਤ ਹੋਏ ।

ਸੰਨ੍ਹ ੧੯੭੩ ਵਿਚ ਨਾਨਕ ਸਿੰਘ ਦੇ ਨਾਵਲ 'ਤੇ ਆਧਾਰਿਤ ਇਕ ਨਾਟਕ "ਕੋਈ ਹਰਿਆ ਬੂਟ ਰਹਿਓ ਰੀ" ਗੁਲਾਬ ਭਵਨ ਜੰਮੂ ਵਿਖੇ ਨਾਟਕਕਾਰ ਗੁਰਸ਼ਰਨ ਸਿੰਘ ਵਲੋਂ ਖੇਡਿਆ ਗਿਆ । ਇਸ ਉਪਰੰਤ ਵਿਜੇ ਸੁਮਨ ਸੋਸਨ ਦਾ ਨਾਟਕ "ਪੈਰੋ ਪੈਰ ਉਚੇਰਾ" ਰੇਡੀਓ ਨਾਟਕ ਮੇਲੇ ਵਿਚ ਪ੍ਰਸਤੁਤ ਕੀਤਾ ਗਿਆ ਅਤੇ ਬਾਅਦ ਵਿਚ ਪ੍ਰਕਾਸ਼ਿਤ ਵੀ ਕੀਤਾ ਗਿਆ। ਜੰਮੂ ਕਸ਼ਮੀਰ ਵਿਚ ਪੰਜਾਬੀ ਨਾਟਕ ਦਾ ਮੁੱਢ ਸਹੀ ਅਰਥਾਂ ਵਿਚ ਸੰਨ੍ਹ ੧੯੭੫ ਤੋਂ ਹੀ ਬੱਝਦਾ ਹੈ । ਅੱਠਵੇਂ ਦਹਾਕੇ ਦੇ ਅੱਧ ਤੋਂ ਹੀ ਪੰਜਾਬੀ ਰੰਗਮੰਚ ਦਾ ਕਾਫ਼ੀ ਵਿਕਾਸ ਹੋਇਆ ਹੈ । ਇਸ ਸਮੇਂ ਦੌਰਾਨ ਨਾਟਕ ਸਟੇਜ ਲਈ ਲਿਖਣੇ ਆਰੰਭ ਹੋਏ । ਨਾਟਕਕਾਰਾਂ ਨੇ ਸਟੇਜ ਅਤੇ ਦਰਸ਼ਕਾਂ ਨੂੰ ਮੁੱਖ ਰੱਖ ਕੇ ਨਾਟਕ ਰਚੇ ਤੇ ਖੇਡੇ ਵੀ । ਜੰਮੂ ਕਸ਼ਮੀਰ ਦੇ ਪੰਜਾਬੀ ਨਾਟਕ ਸਾਹਿਤ ਵਿਚ ਪਹਿਲਾ ਨਾਟਕ ਵਿਜੈ ਸੁਮਨ ਸੋਸਨ ਦਾ "ਸਾਂਝਾ ਮੋਰਚਾ" ਹੈ ਜੋ ਵਰ੍ਹਾ ੧੯੬੨ ਵਿਚ ਹੋਏ ਚੀਨੀ ਹਮਲੇ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ ।

ਸੰਨ ੧੯੬੫ ਵਿਚ ਭਾਰਤ ਅਤੇ ਪਾਕਿਸਤਾਨ ਦੀ ਜੰਗ ਤੋਂ ਪ੍ਰਭਾਵਿਤ ਹੋ ਕੇ ਉਜਾਗਰ ਸਿੰਘ ਮਹਿਕ ਨੇ "ਲਾਸ਼ਾ ਦਾ ਸਾਗਰ" ਨਾਟਕ ਲਿਖਿਆ । ਜੰਮੂ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਖੁੱਲ੍ਹਣ ਨਾਲ ਅਤੇ ਸਿਲੇਬਸ ਵਿਚ ਨਾਟਕ ਦਾ ਪੂਰਾ ਪੇਪਰ ਪੜ੍ਹਦਿਆਂ ਵਿਦਿਆਰਥੀਆਂ ਵਿਚ ਨਾਟਕ ਪੜਣ ਤੇ ਇਸ ਦਾ ਵਿਸ਼ਲੇਸ਼ਣ ਕਰਨ ਦੀ ਰੁਚੀ ਜਾਗੀ । ਇਸੇ ਜਾਗਰੁਕਤਾ ਦਾ ਫਾਇਦਾ ਉਠਾ ਕੇ ਡਾ· ਦੇਵਿੰਦਰ ਸਿੰਘ ਜੀ ਨੇ ਸੰਨ ੧੯੭੫ ਵਿਚ ਆਪਣਾ ਲਿਖਿਆ ਇਕਾਂਗੀ "ਸ਼ੀਸ਼ ਮਹਿਲ" ਗੁਲਾਬ ਭਵਨ ਜੰਮੂ ਦੇ ਮੰਚ 'ਤੇ ਪੇਸ਼ ਕੀਤਾ । ਉਨ੍ਹਾਂ ਦਾ ਲਿਖਿਆ ਹੋਇਆ

ਨਾਟਕ "ਰੱਬ ਦੀ ਸ਼ਾਮਤ" ਅਭਿਨਵ ਥੀਏਟਰ ਵਿਚ ਪੇਸ਼ ਕੀਤਾ ਗਿਆ । ਸੰਨ੍ਹ ੧੯੭੫ ਵਿਚ ਹੀ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੇ ਸਹਿਯੋਗ ਨਾਲ "ਮਮਤਾ ਥੀਏਟਰਜ਼" ਨੇ "ਸ਼ਹਿਨਾਈ ਫਿਰ ਵਜੇਗੀ" ਸਥਾਨਕ ਕਲਾਕਾਰਾਂ ਤੋਂ ਟੈਗੋਰ ਹਾਲ ਵਿਚ ਪੇਸ਼ ਕਰਵਾਇਆ । ਇਸੇ ਸਾਹਿਤ ਸਭਾ ਨੇ ਕਈ ਵਾਰ ਅੰਮ੍ਰਿਤਸਰ ਕਲਾ ਕੇਂਦਰ ਵਲੋਂ ਪ੍ਰਸਿੱਧ ਨਾਟਕਕਾਰ ਅਤੇ ਨਾਟਕ ਨਿਰਦੇਸ਼ਕ ਸ· ਗੁਰਸ਼ਰਨ ਸਿੰਘ ਨੂੰ ਦਾਅਵਤ ਦਿੱਤੀ ਜਿਨ੍ਹਾਂ ਦੇ ਨਾਟਕ ਪੰਜਾਬੀ ਸਾਹਿਤ ਸਭਾ ਵਲੋਂ ਆਯੋਜਿਤ ਕਾਨਫ਼ਰੰਸਾਂ ਦੇ ਮੌਕਿਆਂ ਤੇ ਦਰਜਨ ਤੋਂ ਵੱਧ ਪੰਜਾਬੀ ਨਾਟਕ ਟੈਗੋਰ ਹਾਲ ਦੀ ਸਟੇਜ 'ਤੇ ਪੇਸ਼ ਕੀਤੇ ਗਏ । ਇਨ੍ਹਾਂ ਨਾਟਕਾਂ ਦੀਆਂ ਪੇਸ਼ਕਾਰੀਆਂ ਇਤਨੀਆਂ ਸਫ਼ਲ ਰਹੀਆਂ ਕੇ ਗ਼ੈਰ ਪੰਜਾਬੀ ਲੋਕਾਂ ਨੇ ਵੀ ਇਨ੍ਹਾਂ ਨੂੰ ਰੱਜ ਕੇ ਸਲਾਹਿਆ । ਡਾ· ਗੁਰਸ਼ਰਨ ਸਿੰਘ ਵਲੋਂ ਖੇਡੇ ਗਏ ਨਾਟਕਾਂ 'ਚੋਂ "ਕਣਕ ਦੀ ਬਲੀ" ਅਤੇ "ਇਕ ਮਾਂ ਦੋ ਵਤਨ" ਸਭ ਤੋਂ ਵੱਧ ਸਫਲ ਰਹੇ । ਇਨ੍ਹਾਂ ਨਾਟਕਾਂ ਨੂੰ ਬਾਰ੍ਹਾਂ ਬਾਰ੍ਹਾਂ ਸੋ ਲੋਕਾਂ ਨੇ ਟੈਗੋਰ ਹਾਲ ਸ੍ਰੀਨਗਰ ਦੀਆਂ ਗੈਲਰੀਆਂ ਅਤੇ ਰਸਤਿਆਂ ਵਿਚ ਬਹਿ ਕੇ ਵੇਖਿਆ ਕਿਉਂਕਿ ਹਾਲ ਵਿਚ ਬੈਠਣ ਦੀ ਥਾਂ ਸਿਰਫ਼ ੭੫੦ ਬੰਦਿਆਂ ਲਈ ਹੀ ਸੀ । ਗੁਰਸ਼ਰਨ ਸਿੰਘ ਵਲੋਂ ਖੇਡੇ ਗਏ ਨਾਟਕਾਂ ਵਿੱਚੋਂ "ਇਕ ਮਾਂ ਦੋ ਵਤਨ" ਨਾਟਕ ਵਿਚ ਕਲਾਕਾਰਾਂ ਦੀ ਜਜ਼ਬਾਤੀ ਅਦਾਕਾਰੀ ਨੇ ਤਾਂ ਦਰਸ਼ਕਾਂ ਨੂੰ ਰੁਆ ਕੇ ਰੱਖ ਦਿੱਤਾ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਟਕ ਵਿਭਾਗ ਨੇ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਦੇ ਸਹਿਯੋਗ ਨਾਲ ਸਭਾ ਵਲੋਂ ਆਯੋਜਿਤ ਪੰਜਾਬੀ ਕਾਨਫ਼ਰੰਸ ਦੇ ਮੌਕੇ ਤੇ ਪਹਿਲੀ ਵਾਰ ਟੈਗੋਰ ਹਾਲ ਦੇ ਸਟੇਜ 'ਤੇ ਸ਼ੈਡੋ ਪਲੇਅ ਪੇਸ਼ ਕਰਕੇ ਬਹੁਤ ਪ੍ਰਸਿੱਧੀ ਹਾਸਲ ਕੀਤੀ ।

ਪ੍ਰਸਿੱਧ ਨਾਟਕ ਨਿਰਦੇਸ਼ਕ ਸ੍ਰੀ ਸੱਭਰਵਾਲ ਨੇ ਦੋ ਵਾਰ ਅਤੇ ਆਤਮਜੀਤ ਨੇ ਇਕ ਵਾਰ ਇਸੇ ਹਾਲ ਵਿਚ ਸ੍ਰੀਨਗਰ ਦੀ ਪੰਜਾਬੀ ਸਾਹਿਤ ਸਭਾ ਦੇ ਸੱਦੇ 'ਤੇ ਸਭਾ ਦੀਆਂ ਵਾਰਸ਼ਿਕ ਪੰਜਾਬੀ ਕਾਨਫ਼ਰੰਸਾਂ ਦੇ ਮੌਕੇ 'ਤੇ ਨਾਟਕ ਪੇਸ਼ ਕੀਤੇ । ਪੰਜਾਬੀ ਨਾਟਕਾਂ ਦੇ ਸਥਾਨਕ ਨਿਰਦੇਸ਼ਕਾਂ ਸੁਭਾਸ਼ ਕੌਲ ਅਤੇ ਸੁਜਾਨ ਸਿੰਘ ਨੇ ਵੀ ਸ੍ਰੀਨਗਰ ਦੀ ਪੰਜਾਬੀ ਸਾਹਿਤ ਸਭਾ ਦੇ ਸਹਿਯੋਗ ਨਾਲ ਹੀ ਟੈਗੋਰ ਹਾਲ ਵਿਚ ਕਈ ਨਾਟਕ ਪੇਸ਼ ਕੀਤੇ ਜਿਨ੍ਹਾਂ ਵਿਚ ਸੁਜਾਨ ਸਿੰਘ ਦਾ ਖੇਡਿਆ ਨਾਟਕ "ਕੁਦਰਤ ਦੇ ਸਭ ਬੰਦੇ" ਰੰਗਮੰਚ ਉੱਤੇ ਕਾਫ਼ੀ ਸਫਲਤਾ ਸਹਿਤ ਪੇਸ਼ ਕੀਤੇ ਗਏ ।

ਸੰਨ੍ਹ ੧੯੭੭ ਵਿਚ ਦੇਵਿੰਦਰ ਸਿੰਘ ਜੀ ਨੇ ਰਿਆਸਤ ਵਿਚ ਪਹਿਲੀ ਨਾਟ ਮੰਡਲੀ ਬਲਰਾਜ ਸਾਹਨੀ ਰੰਗਮੰਚ ਦੀ ਸਥਾਪਨਾ ਕੀਤੀ । ਇਸ ਰੰਗਮੰਚ ਵਲੋਂ ਡਾ· ਦੇਵਿੰਦਰ ਸਿੰਘ ਦਾ ਹੀ ਲਿਖਿਆ ਨਾਟਕ "ਨਾਟਕਕਾਰ" ਗੁਲਾਬ ਭਵਨ ਵਿਖੇ ਪ੍ਰਸਤੁਤ ਕੀਤਾ ਗਿਆ ਜਿਸ ਦੀ ਪੇਸ਼ਕਾਰੀ ਵੇਲੇ ਰਿਆਸਤੀ ਕੈਬਨਿਟ ਮੰਤਰੀ ਸ੍ਰੀ ਜੀ·ਐਮ· ਭੱਦਰਵਾਹੀ ਵੀ ਮੌਜੂਦ ਸਨ । ਇਸ ਨਾਟਕ ਵਿਚ ਅਭਿਨੈ ਕਰਨ ਵਾਲੇ ਕਲਾਕਾਰਾਂ 'ਚੋਂ ਜੰਮੂ ਯੂਨੀਵਰਸਿਟੀ ਤੋਂ ਪੰਜਾਬੀ ਵਿਭਾਗ ਦੇ ਵਿਦਿਆਰਥੀ ਅਤੇ ਪੰਜਾਬੀ ਤੇ ਹੋਰ ਭਾਸ਼ਾਵਾਂ ਦੇ ਪ੍ਰਸਿੱਧ ਲੇਖਕ ਸ਼ਾਮਿਲ ਹੋਏ ਸਨ । ਕਿਰਪਾਲ ਸਿੰਘ ਕਸਾਲੀ ਇਸ ਨਾਟਕ ਵਿਚ ਪਹਿਲੀ ਵਾਰ "ਢੰਢੋਰਚੀ" ਦੇ ਰੂਪ ਵਿਚ ਸਾਹਮਣੇ ਆਇਆ । ਪੰਜਾਬੀ ਸਾਹਿਤ ਸਭਾ ਬਾਰਾਮੁੱਲਾ (ਸ੍ਰੀਨਗਰ) ਦੇ ਸਾਲਾਨਾ ਸੰਮੇਲਨ ਵਿਚ ਇਸ ਨਾਟਕ ਨੂੰ ਦੂਜੀ ਵਾਰ ਕਿਰਪਾਲ ਸਿੰਘ ਕਸਾਲੀ ਦੀ ਨਿਗਰਾਨੀ ਹੇਠ ਪੇਸ਼ ਕੀਤਾ ਗਿਆ । ਡਾ· ਦੇਵਿੰਦਰ ਸਿੰਘ ਜੀ ਦੇ ਯਤਨਾਂ ਸਦਕਾ ਰਿਆਸਤ ਵਿਚ ਤੇ ਵਿਸ਼ੇਸ਼ ਕਰਕੇ ਜੰਮੂ ਵਿਖੇ ਪੰਜਾਬੀ ਨਾਟਕ ਦੇ ਵਿਕਾਸ ਨੂੰ ਨਵਾਂ ਹੁਲਾਰਾ ਮਿਲਿਆ ਅਤੇ ਨਾਟਕਕਾਰਾਂ ਵਿਚ ਪੰਜਾਬੀ ਨਾਟਕ ਲਿਖਣ ਅਤੇ ਖੇਡਣ ਦੀ ਰੁੱਚੀ ਜਾਗੀ ।

ਸੰਨ ੧੯੭੮ ਵਿਚ ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ ਨੇ ਕਰਨਾਹ ਇਲਾਕੇ ਦੇ ਪੰਜਾਬੀ ਬੋਲਦੇ ਕਲਾਕਾਰਾਂ ਨੂੰ ਮੌਕਾ ਦਿੱਤਾ ਕਿ ਉਹ ਕਰਨਾਹ ਇਲਾਕੇ ਵਿਚ ਬੋਲੀ ਜਾਂਦੀ ਪੰਜਾਬੀ ਉਪਭਾਸ਼ਾ ਵਿਚ ਨਾਟਕ ਪੇਸ਼



ਕਰਨ ਜਿਸ ਦੀ ਦਰਸ਼ਕਾਂ ਵਲੋਂ ਕਾਫ਼ੀ ਸ਼ਲਾਘਾ ਕੀਤੀ ਗਈ ਅਤੇ ਉਸ ਨਾਟਕ ਵਿਚ ਤੀਵੀਂ ਦਾ ਰੋਲ ਵੀ ਮਰਦ ਨੇ ਹੀ ਕੀਤਾ ।

ਜੰਮੂ ਥੀਏਟਰ ਦੇ ਹਵਾਲੇ ਨਾਲ ਡਾ· ਦੇਵਿੰਦਰ ਸਿੰਘ ਜੀ ਦਾ ਨਾਂ ਬੜੇ ਮਾਣ ਨਾਲ ਲਿਆ ਜਾ ਸਕਦਾ ਹੈ । ਡਾ· ਦੇਵਿੰਦਰ ਸਿੰਘ ਜੀ ਨੇ ਜੰਮੂ ਵਿਖੇ ਪੰਜਾਬੀ ਰੰਗਮੰਚ ਨੂੰ ਪ੍ਰਫੁੱਲਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਅਤੇ ਬਲਰਾਜ ਸਾਹਨੀ ਰੰਗਮੰਚ ਦੀ ਸਥਾਪਨਾ ਕੀਤੀ । ਬਲਰਾਜ ਸਾਹਨੀ ਰੰਗਮੰਚ ਵਲੋਂ ਡਾ· ਦੇਵਿੰਦਰ ਸਿੰਘ ਦਾ ਇਕ ਹੋਰ ਨਾਟਕ 'ਰੱਬ ਦੀ ਸ਼ਾਮਤ' ੧੯੭੯ ਵਿਚ ਖੇਡਿਆ ਗਿਆ । ਸੰਨ੍ਹ ੧੯੭੯ ਵਿਚ ਹੀ ਡਾ· ਸ਼ੁਸੀਲ ਸ਼ਰਮਾ ਵਲੋਂ ਲਿਖਿਆ ਅਤੇ ਨਿਰਦੇਸ਼ਨ ਕੀਤਾ ਨਾਟਕ "ਇਹ ਲੋਕ" ਪੇਸ਼ ਹੋਇਆ । ਸੱਤਵੇਂ ਦਹਾਕੇ ਦੇ ਅਖੀਰ ਵਿਚ ਸੁਜਾਣ ਸਿੰਘ ਤੇ ਸੁਭਾਸ਼ ਕੌਲ ਨੇ ਮਿਲ ਕੇ ਸ੍ਰੀਨਗਰ ਵਿਖੇ ਪੰਜਾਬੀ ਰੰਗਮੰਚ ਦੀ ਸਥਾਪਨਾ ਕੀਤੀ । ਪੰਜਾਬੀ ਰੰਗਮੰਚ ਵਲੋਂ ਹੀ ਟੈਗੋਰ ਹਾਲ (ਸ੍ਰੀਨਗਰ) ਵਿਚ ਸ· ਗੁਰਸ਼ਨ ਸਿੰਘ ਦੇ ਨਾਟਕ "ਇਹ ਲਹੂ ਕਿਸਦਾ ਹੈ", "ਘੁੰਮਣਘੇਰੀ", "ਨੰਗਾ ਮਨੁੱਖ" ਅਤੇ "ਹਰਪਾਲ ਟਿਵਾਣਾ ਦੇ ਦੋ ਨਾਟਕ" ਨੂਰਉਲ ਕੁਰੈਸ਼ੀ ਅਤੇ ਉਸ ਦੇ ਸਾਥੀਆਂ ਵਲੋਂ "ਅਨ੍ਹੇ ਕਾਣੇ" ਆਦਿ ਨਾਟਕ ਪੇਸ਼ ਕੀਤੇ ਗਏ ।

ਸੰਨ੍ਹ ੧੯੭੯ ਵਿਚ ਹੀ ਨਿਊ ਲਾਈਟ ਕਲ'ਬ ਚੌਹਾਨਾ ਵਲੋਂ ਹਿੰਦੀ ਨਾਟਕ "ਪ੍ਰਿਥਵੀ ਸਿੰਘ ਰਾਠੌਰ ਦਾ ਪੰਜਾਬੀ ਰੂਪਾਂਤਰਨ ਕਰਕੇ ਜ਼ਿਲ੍ਹਾ ਪੱਧਰ ਤੇ ਨਾਟ ਮੁਕਾਬਲਿਆਂ 'ਚ ਪੇਸ਼ ਕੀਤਾ ਗਿਆ । ਸੰਨ੍ਹ ੧੯੮੦ ਵਿਚ ਡਾ· ਸੁਸ਼ੀਲ ਸ਼ਰਮਾ ਨੇ ਆਪਣੇ ਦੋ ਇਕਾਂਗੀ ਨਾਟਕ "ਮੌਜ ਵਣਜਾਰਾ ਲੈ ਗਿਆ" ਅਤੇ "ਪੁਆੜਾ ਸਵੈਟਰ ਦਾ" ਅਭਿਨਵ ਥੀਏਟਰ ਵਿਖੇ ਰੰਗਮੰਚ ਤੇ ਪੇਸ਼ ਕੀਤੇ । ਇਕ ਹੋਰ ਹਿੰਦੀ ਨਾਟਕ "ਜਾਨੀ ਚੋਰ" ਦਾ ਪੰਜਾਬੀ ਰੂਪਾਂਤਰਨ ਕਰਕੇ ਸਟੇਜ 'ਤੇ ਪੇਸ਼ ਕੀਤਾ ਗਿਆ ।ਸੰਨ੍ਹ ੧੯੮੧ ਵਿਚ ਬਲਰਾਜ ਸਾਹਨੀ ਰੰਗਮੰਚ ਵਲੋਂ ਹੀ ਹਰਚਰਨ ਸਿੰਘ ਦਾ ਲਿਖਿਆ ਨਾਟਕ "ਰਤਾ ਸਾਲੂ" ਨਾਟਕ ਮੁਕਾਬਲੇ ਵਿਚ ਪੇਸ਼ ਕੀਤਾ ਗਿਆ । ਇਹ ਨਾਟਕ ਜੰਮੂ ਦੀ ਕਲਚਰਲ ਅਕੈਡਮੀ ਵਲੋਂ ਅਭਿਨਵ ਥੀਏਟਰ ਵਿਖੇ ਕਰਵਾਏ ਜਾਂਦੇ ਸਾਲਾਨਾ ਨਾਟਕ ਮੁਕਾਬਲਿਆਂ 'ਚ ੧੯੮੧ ਅਤੇ ੧੯੮੨ ਵਿਚ ਖੇਡਿਆ ਗਿਆ । ਵੀਹਵੀਂ ਸਦੀ ਦਾ ਨੌਵਾਂ ਦਹਾਕਾ ਨਾਟਕ ਸਾਹਿਤ ਲਈ ਬਹੁਤ ਹੀ ਲਾਹੇਵੰਦ ਕਿਹਾ ਜਾ ਸਕਦਾ ਹੈ ਕਿਉਂਕਿ ਸੰਨ੍ਹ ੧੯੮੨ ਵਿਚ ਜੰਮੂ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਨੇ ਬੜੀ ਤੇਜ਼ੀ ਨਾਲ ਵਿਕਾਸ ਕੀਤਾ । ਜੰਮੂ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਲੋਂ ਸੰਨ੍ਹ ੧੯੮੨ ਵਿਚ ਕਰਵਾਏ ਗਏ ਨੈਸ਼ਨਲ ਸੈਮੀਨਾਰ ਆਫ਼ ਪੰਜਾਬੀ ਡਰਾਮਾ ਐਂਡ ਸਟੇਜ (National Seminar of Punjabi Drama and Stage ) ਦੇ ਮੌਕੇ ਤੇ ਵਿਭਾਗ ਵਲੋਂ ਡਾ· ਦੇਵਿੰਦਰ ਸਿੰਘ ਜੀ ਦਾ ਇਕ ਹੋਰ ਡਰਾਮਾ "ਲਾਲ ਪੀਲੇ ਲੋਕ" ਅਭਿਨਵ ਥੀਏਟਰ ਵਿਚ ਪੇਸ਼ ਕੀਤਾ ਗਿਆ । ਸੰਨ੍ਹ ੧੯੮੨ ਵਿਚ ਹੀ ਕ੍ਰਿਪਾਲ ਸਿੰਘ ਕਸਾਲੀ ਦਾ ਮੌਲਿਕ ਨਾਟਕ "ਆਜ਼ਾਦੀ ਬਨਾਮ ਗੁਲਾਮੀ" ਸਾਲਾਨਾ ਨਾਟਕ ਮੁਕਾਬਲੇ 'ਚ ਖੇਡਿਆ ਗਿਆ । ਇਸੇ ਸਾਲ ਹੀ ਡਾ· ਸੁਸ਼ੀਲ ਸ਼ਰਮਾ ਦਾ ਨਾਟਕ "ਕਾਨੂੰਨ ਕਿੱਥੇ ਹੈ ?" ਖੇਡਿਆ ਗਿਆ ।

ਕਲਚਰਲ ਅਕਾਦਮੀ ਜੰਮੂ ਵਲੋਂ ਜ਼ਿਲ੍ਹਾ ਪ'ਧਰ 'ਤੇ ਕਰਵਾਏ ਗਏ ਨਾਟਕ ਮੁਕਾਬਲੇ ਵਿਚ ਸੰਨ ੧੯੮੨-੮੩ ਵਿਚ ਦੇਈ ਚ'ਕ ਜੰਮੂ ਵਲੋਂ ਗੀਤ ਨਾਟਕ "ਹੀਰ ਰਾਂਝਾ" ਅਤੇ "ਪੂਰਨ ਭਗਤ" ਦੀ ਪੇਸ਼ਕਾਰੀ ਕੀਤੀ ਗਈ । ਸੰਨ ੧੯੮੨ ਤੋਂ ਬਾਅਦ ਕ੍ਰਿਪਾਲ ਸਿੰਘ ਕਸਾਲੀ ਵਲੋਂ ਨਾਟਕ "ਆਜ਼ਾਦੀ ਬਨਾਮ ਗੁਲਾਮੀ" ਜੰਮੂ ਅਤੇ ਕਸ਼ਮੀਰ ਦੇ ਵੱਖ ਵੱਖ ਖਿਤਿਆਂ ਵਿਚ ਖੇਡਿਆ ਜਾਂਦਾ ਰਿਹਾ ਹੈ । ਇਸ ਤਰ੍ਹਾਂ ਰਿਆਸਤੀ ਨਾਟ ਪ੍ਰਪੰਰਾ ਤੇ ਰੰਗਮੰਚ ਨਿਰੰਤਰ ਵਿਕਾਸ ਵੱਲ ਤੁਰਦਾ ਰਿਹਾ । ਸੰਨ ੧੯੮੩ ਵਿਚ ਕ੍ਰਿਪਾਲ ਸਿੰਘ ਕਸਾਲੀ ਨੇ "ਸੱਚ ਕੀ ਹੈ ?" ਨਾਟਕ ਪੇਸ਼ ਕੀਤਾ ਅਤੇ ੧੯੮੩-੮੪ ਦੇ ਨਾਟਕ ਮੇਲੇ ਵਿਚ ਹੀ ਰਤਨ ਕਲਸੀ ਦੇ ਨਿਰਦੇਸ਼ਨ ਹੇਠ "ਸਰਹੱਦਾਂ", ੧੯੮੪ ਵਿਚ

"ਨਾਟਕ ਨਹੀਂ ਮੁਕਿਆ" ਤੇ "ਭੁੱਖ ਹੀ ਭੁੱਖ" ਅਭਿਨਵ ਥੀਏਟਰ ਵਿਚ ਖੇਡ ਕੇ ਪੰਜਾਬੀ ਨਾਟਕ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿ'ਤਾ ।

ਸੰਨ੍ਹ ੧੯੮੩ ਵਿਚ ਜੰਮੂ ਵਿਚ ਇਕ ਹੋਰ ਨਾਟਕਕਾਰ ਬਿਕਰਮਜੀਤ ਸਿੰਘ ਨੇ ਪੰਜਾਬੀ ਨਾਟ ਜਗਤ ਵਿਚ ਪ੍ਰਵੇਸ਼ ਕੀਤਾ । ੨੯ ਅਕਤੂਬਰ ਸੰਨ੍ਹ ੧੯੮੩ ਵਿਚ ਨਾਟਕਕਾਰ ਬਿਕ੍ਰਮਜੀਤ ਸਿੰਘ ਨੇ ਆਪਣਾ ਪਹਿਲਾ ਨਾਟਕ "ਕੁਦਰਤ ਦੇ ਸਭ ਬੰਦੇ" ਅਭਿਨਵ ਥੀਏਟਰ ਜੰਮੂ ਵਿਖੇ ਖੇਡਿਆ ਅਤੇ ਆਪ ਹੀ ਇਸ ਨਾਟਕ ਦੀ ਨਿਰਦੇਸ਼ਨਾ ਕੀਤੀ । ੧੫ ਨਵੰਬਰ ੧੯੮੩ ਨੂੰ ਵੀ ਇਸ ਨਾਟਕ ਦਾ ਦੂਬਾਰਾ ਮੰਚਨ ਕੀਤਾ ਗਿਆ । ਇਸ ਨਾਟਕ ਮਗਰੋਂ ਉਸ ਨੇ "ਬਾਬਲ ਦਾ ਵਿਹੜਾ", "ਰੱਬ ਦੇ ਬਰਾਤੀ", "ਮੈਂ ਹਿੰਦੂਸਤਾਨ ਹਾਂ" ਆਦਿ ਨਾਟਕਾਂ ਦਾ ਮੰਚਨ ਕੀਤਾ । ਉਸ ਦੇ ਨਾਟਕ ਵੱਖਵੱਖ ਨਾਟਕ ਮੰਡਲੀਆਂ ਵਲੋਂ ਵੀ ਮੰਚਿਤ ਕੀਤੇ ਗਏ ਤੇ ਅਕਾਦਮੀ ਦੇ ਨਾਟਕ ਮੁਕਾਬਲਿਆਂ ਵਿਚ ਵੀ ਖੇਡੇ ਜਾਂਦੇ ਰਹੇ । ਬਿਕ੍ਰਮਜੀਤ ਸਿੰਘ ਰਿਆਸਤ ਜੰਮੂ ਕਸ਼ਮੀਰ ਦਾ ਪਹਿਲਾ ਕਲਾਕਾਰ ਅਤੇ ਨਿਰਦੇਸ਼ਨ ਹੈ ਜਿਸ ਨੇ ਰਿਆਸਤ ਵਿਚ ਪਹਿਲੀ ਪੰਜਾਬੀ ਫਿਲਮ "ਧੀ ਪਰਦੇਸਣ" ਬਣਾਈ ।

ਚੋਹਾਲਾ ਨਿਵਾਸੀ ਸ਼ਮਸ਼ੇਰ ਸਿੰਘ ਚੋਹਾਵਨੀ ਨੇ ਆਪਣੇ ਕਲੱਬ ਵਲੋਂ ਆਪਣਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ "ਅਸਲੀ ਧੰਨ" ਖੇਡਿਆ । ਸੰਨ ੧੯੮੬ ਵਿਚ ਉਜਾਗਰ ਸਿੰਘ ਮਹਿਕ ਦਾ ਲਿਖਿਆ ਨਾਟਕ "ਸੂਹੀ ਪ੍ਰਭਾਤ" ਅਭਿਨਵ ਥੀਏਟਰ ਵਿਚ ਖੇਡਿਆ ਗਿਆ ਇਨ੍ਹਾਂ ਤੋਂ ਇਲਾਵਾ ਗੁਰਸ਼ਰਨ ਸਿੰਘ ਨੇ ਆਪਣਾ ਨਾਟਕ "ਬਾਬਾ ਬੋਲਦਾ ਹੈ" ਲਘੂ ਨਾਟਕ "ਟੋਆ" ਅਤੇ ਕੁਝ ਗੀਤ ਨਾਟ "ਮੈਂ ਨਾਸਤਕ ਕਿਉਂ ਹਾਂ" ਅਤੇ ਰਵਿੰਦਰ ਰਵੀ ਦੇ ਗੀਤ ਨੂੰ ਨਾਟਕੀ ਰੂਪ 'ਚ ਪੇਸ਼ ਕੀਤਾ, ਸੋਹਨ ਸਿੰਘ ਸੀਤਲ ਦੇ ਨਾਵਲ ਉੱਤੇ ਆਧਾਰਿਤ ਨਾਟਕ "ਤੂਤਾਂ ਵਾਲਾ ਖੂਹ" ਅਤੇ "ਜੰਗੀ ਰਾਮ ਦੀ ਹਵੇਲੀ" ਜੇਹੀਆਂ ਵਿਅੰਗਾਤਮਕ ਝਲਕੀਆਂ ਪੇਸ਼ ਕੀਤੀਆਂ ਗਈਆਂ । ਡਾ· ਦੇਵਿੰਦਰ ਸਿੰਘ ਨੇ ਜਿਥੇ "ਨਾਟਕਕਾਰ" ਨਾਟਕ ਰਾਹੀਂ ਗੁਲਾਬ ਭਵਨ ਵਿਖੇ ਜੰਮੂ ਦੇ ਪੰਜਾਬੀ ਰੰਗਮੰਚ ਦੀ ਨੀਂਹ ਰੱਖੀ ਉਥੇ ਉਨ੍ਹਾਂ ਸਮੇਂ ਸਮੇਂ ਰਚੇ ਨਾਟਕਾਂ ਰਾਹੀਂ ਇਸ ਕਾਰਜ ਨੂੰ ਅੱਗੇ ਵੀ ਤੋਰੀ ਰੱਖਿਆ ।ਮੂਲ ਰੂਪ ਵਿਚ ਰਿਆਸਤੀ ਖੇਤਰ ਵਿਚ ਪੰਜਾਬੀ ਰੰਗਮੰਚ ਸੰਬੰਧੀ ਜਾਗਰੂਕਤਾ ਪਿਛਲੇ ੪੦-੪੧ ਸਾਲ੍ਹਾਂ ਤੋਂ ਦੇਖੀ ਜਾ ਸਕਦੀ ਹੈ ।

## 8.4 Summary (ਨਿਸ਼ਕਰਸ਼)

ਉਪਰੋਕਤ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸੰਨ ੧੯੭੫ ਤੋਂ ਬਾਅਦ ਹੀ ਰਿਆਸਤੀ ਨਾਟਕੀ ਗਤੀਵਿਧੀਆਂ ਵਿਚ ਜਾਗਰੂਕਤਾ ਆਈ ਹੈ । ਇਸ ਪ੍ਰਸੰਗ ਵਿਚ "ਨਾਟਕਕਾਰ", "ਇਤਿਹਾਸ ਨਹੀਂ ਮਰਦਾ", "ਰੱਬ ਦੀ ਸ਼ਾਮਤ", "ਲਾਲ ਪੀਲੇ ਲੋਕ", "ਸ਼ੀਸ਼ ਮਹਿਲ", "ਆਜ਼ਾਦੀ ਬਨਾਮ ਗ਼ੁਲਾਮੀ", ਸਰਹੱਦਾਂ, ਕੰਡਿਆਲੀ ਤਾਰ, ਨੱਚਾਂਗੀ ਸਾਰੀ ਰਾਤ, ਡਿਕਲਰੇਸ਼ਨ ਨਿਗਤਿਆਂ, ਸੱਚ ਕੀ ਹੈ, ਨਾਟਕ ਨਹੀਂ ਮੁੱਕਆ, ਭੁੱਖ ਹੀ ਭੁੱਖ, ਅੱਗ ਦੇ ਬੀਜ, ਬਾਵਾ ਜਿਤੋ, ਅਸਲੀ ਧੰਨ, ਮੈਂ ਹਿੰਦੋਸਤਾਨ ਹਾਂ, ਕੁਦਰਤ ਕੇ ਸਭ ਬੰਦੇ, ਲਾਸ਼ਾ ਦਾ ਸਾਗਰ, ਸੂਹੀ ਪ੍ਰਭਾਤ, ਗਰਕ ਹੋ ਰਿਹਾ ਮਨੁ'ਖ, ਇੱਜ਼ਤ ਦਾ ਸੁਆਲ, ਸਾਹਿਤਕ ਸੰਮੇਲਨ, ਕੈਦੀ ਅਰਜਨ ਸਿੰਘ, ਰੱਬ ਦੀ ਬੈਠਕ, ਉਲਟੀ ਵਾੜ, ਪੋਹ ਦੀ ਪੁੰਨਿਆ, ਸਮਝੌਤਾ ਆਦਿ ਨਾਟਕਾਂ ਨੇ ਜੰਮੂ ਕਸ਼ਮੀਰ ਦੇ ਪੰਜਾਬੀ ਰੰਗਮੰਚ ਨੂੰ ਸਹੀ ਦਿਸ਼ਾ ਪ੍ਰਦਾਨ ਕੀਤੀ ਹੈ । ਨਿਸ਼ਚੇ ਹੀ ਰਿਆਸਤੀ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਸਹੀ ਵਿਧੀ ਅੱਠਵੇਂ ਦਹਾਕੇ ਤੋਂ ਹੀ ਚੇਤੰਨ ਪੱਧਰ 'ਤੇ ਆਰੰਭ ਹੋਈ । ਇਸ ਦ੍ਰਿਸ਼ਟੀ ਤੋਂ ਡਾ· ਦੇਵਿੰਦਰ ਸਿੰਘ, ਕਿਰਪਾਲ ਸਿੰਘ ਕਸਾਲੀ, ਬਿਕਰਮਜੀਤ ਸਿੰਘ



ਵਿੱਕੀ, ਸ਼ਮਸ਼ੇਰ ਸਿੰਘ ਚੌਹਾਵਲੀ, ਦੇਵਿੰਦਰ ਸਿੰਘ ਵਿਸ਼ਵਨਾਗਰਿਕ ਆਦਿ ਨਾਟਕਕਾਰਾਂ ਦਾ ਰਿਆਸਤੀ ਪੰਜਾਬੀ ਨਾਟਕ ਅਤੇ ਰੰਗਮੰਚ ਨੂੰ ਪ੍ਰਫੁਲਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਹੈ।

## 8.5 Glossory/Keywords(ਔਖੇ ਸ਼ਬਦਾਂ ਦੇ ਅਰਥ)

ਮਿਆਰ - ਦਰਜਾ

ਸ਼ੈਲੀ - ਸਟਾਇਲ

ਔਕੜ - ਪਰੇਸ਼ਾਨੀ, ਮੁਸ਼ਕਿਲ

ਪ੍ਰਯਾਸ - ਯਤਨ/ਕੋਸ਼ਿਸ

ਸਰੋਤਿਆਂ - ਸੁਣਨ ਵਾਲੇ

ਮਾਇਕ - ਆਰਥਿਕ

ਸ਼ਲਾਂਘਾਯੋਗ - ਸਿਫਤੀ

ਵਿਸ਼ਲੇਸ਼ਣ - ਅਧਿਐਨ

ਸਦਕਾ - ਕਰਕੇ

## 8.6 Lesson End Exercise

1. ਰਿਆਸਤੀ ਪੰਜਾਬੀ ਰੰਗਮੰਚ ਦੇ ਵਿਕਾਸ ਵਿਚ ਕਿਹੜੀਆਂ ਸੰਸਥਾਵਾਂ ਦਾ ਯੋਗਦਾਨ ਰਿਹਾ ਹੈ?
2. ਰਿਆਸਤੀ ਪੰਜਾਬੀ ਰੰਗਮੰਚ ਵਿਚ ਕਿਹੜੇ ਨਾਟਕਾਰਾਂ ਨੇ ਵੱਡਮੁੱਲਾ ਯੋਗਦਾਨ ਦਿੱਤਾ ਹੈ?
3. ਰਿਆਸਤੀ ਰੰਗਸੰਚ ਵਿਚ ਤੁਸੀਂ ਪੰਜਾਬੀ ਰੰਗਮੰਚ ਦੀ ਕੀ ਥਾਂ ਨਿਸ਼ਚਿਤ ਕਰਦੇ ਹੋ?
4. ਕਿਰਪਤਲ ਸਿੰਘ ਕਸਾਲੀ ਅਤੇ ਡਾ. ਦਵਿੰਦਰ ਸਿੰਘ ਦਾ ਰਿਆਸਤੀ ਰੰਗਮੰਚ ਵਿਚ ਕੀ ਯੋਗਦਾਨ ਹੈ।
5. ਰਿਆਸਤੀ ਰੰਗਮੰਚ ਦੀ ਵਰਤਮਾਣ ਸਥਿਤੀ ਕੀ ਹੈ?

## 8.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿ'ਲੀ। 2003 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 8.8 Suggested Further Readings(ਵਿਦਿਆਰਥੀਆਂ ਲਈ ਅ'ਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਰੰਗਮੰਚ ਅਤੇ ਨਾਟਕ ਦੇ ਆਰੰਭ ਬਾਰੇ ਹੋਰ ਜਾਨਣ ਲਈ ਉਹ ਰਿਆਸਤੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਿਤ ਜਿੰਨੀਆਂ ਵੀ ਕਿਤਾਬਾਂ ਅਤੇ ਖੋਜ-ਪੱਤਰ ਲਿਖੇ ਗਏ ਹਨ ਉਨ੍ਹਾਂ ਨੂੰ ਪੜ੍ਹਨ ਚਾਹੀਦੇ ਹਨ।

......................



**'ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਣ ਸਥਿਤੀ'**

**Unit-III** **Lesson No: 9**

**STRUCTURE :**


9.1 Introduction (ਜਾਣ-ਪਛਾਣ)

9.2 Objective (ਉਦੇਸ਼)

9.3 Content (ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਣ ਸਥਿਤੀ)

9.4 Summary (ਨਿਸ਼ਕਰਸ਼)

9.5 Glossary/Keywords (ਔਖੇ ਸ਼ਬਦਾਂ ਦੇ ਅਰਥ)

9.6 Lesson End Exercise

9.7 References (ਸਹਾਇਕ ਗ੍ਰੰਥਾਵਲੀ)

9.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

## 9.1 Introduction (ਜਾਣ-ਪਛਾਣ)

ਜੰਮੂ ਅਤੇ ਕਸ਼ਮੀਰ ਭਾਰਤ ਦੇ ਉਤਰੀ ਹਿਸੇ ਦਾ ਇਕ ਰਾਜ ਹੈ। ਜੰਮੂ ਅਤੇ ਕਸ਼ਮੀਰ ਭਾਰਤ ਦਾ ਸਭ ਤੋਂ ਉਤਰੀ ਰਾਜ ਹੈ। ਰਾਜ ਦੀ ਰਾਜਭਾਸ਼ਾ ਉਰਦੂ ਹੈ। ਜੰਮੂ ਅਤੇ ਕਸ਼ਮੀਰ ਦੇ ਤਿੰਨ ਮੁਖ ਅੰਚਲ ਹਨ: ਜੰਮੂ (ਹਿੰਦੂ ਬਹੁਲ), ਕਸ਼ਮੀਰ (ਮੁਸਲਮਾਨ ਬਹੁਲ) ਅਤੇ ਲਦਾਖ਼ (ਬੋਧੀ ਬਹੁਲ)। ਕਸ਼ਮੀਰ ਪ੍ਰਦੇਸ਼ ਨੂੰ ਦੁਨੀਆ ਦਾ ਸਵਰਗ ਮੰਨਿਆ ਗਿਆ ਹੈ। ਸਾਰਾ ਰਾਜ ਹਿਮਾਲਿਆ ਪਹਾੜ ਸ਼੍ਰੰਖਲਾ ਵੱਲੋਂ ਢਕਿਆ ਹੋਇਆ ਹੈ। ਜੰਮੂ ਕਸ਼ਮੀਰ ਭਾਰਤ ਦੀ  ਇਕ ਐਸੀ ਵਿਸ਼ੇਸ਼ ਰਿਆਸਤ ਹੈ ਜਿਸਦਾ ਭਾਰਤੀ ਸੰਵਿਧਾਨ ਦੇ ਬਾਵਜੂਦ ਆਪਣਾ ਇਕ ਸੁਤੰਤਰ ਵਿਧਾਨ ਅਤੇ ਨਿਸ਼ਾਨ ਹੈ। ਭਾਰਤੀ ਸੰਵਿਧਾਨ ਵਾਂਗ ਇਸਦੇ ਵਿਧਾਨ ਵਿਚ ਇਕ ਭਾਸ਼ਾਈ ਸ਼ਡਿਊਲ ਵੀ ਹੈ। ਇਸ ਸ਼ਡਿਊਲ ਵਿਚ ਸ਼ਾਮਲ ਅੱਠ ਪ੍ਰਮੁੱਖ ਭਾਸ਼ਾਵਾਂ ਵਿਚੋਂ ਪੰਜਾਬੀ ਇਕ ਪ੍ਰਮੁੱਖ ਭਾਸ਼ਾ ਹੈ। ਰਿਆਸਤੀ ਵਿਧਾਨ ਵਿਚ ਸ਼ਾਮਿਲ ਭਾਸ਼ਾਵਾਂ ਅਤੇ ਉੱਪਭਾਸ਼ਾਵਾਂ ਸੰਬੰਧੀ ਇਕ ਦਿਲਚਸਪ ਤੱਥ ਇਹ ਹੈ ਕਿ ਪੰਜਾਬੀ ਤੋਂ ਇਲਾਵਾ ਕਿਸੇ ਵੀ ਦੂਸਰੀ ਭਾਸ਼ਾ ਕੋਲ ਆਪਣੀ ਮੌਲਿਕ ਭਾਸ਼ਾ ਹੀ ਨਹੀਂ ਹੈ। ਪੰਜਾਬੀ ਵਿਚ ਸੰਚਾਰ ਅਤੇ ਸਾਹਿਤ ਸਿਰਜਣਾ ਦੀ ਦ੍ਰਿਸ਼ਟੀ ਤੋਂ ਭਾਰਤ ਵਿਚ ਪੰਜਾਬ ਤੋਂ ਬਾਅਦ ਜੰਮੂ ਕਸ਼ਮੀਰ ਦੂਸਰਾ ਸਭ ਤੋਂ ਅਹਿਮ ਖਿੱਤਾ ਹੈ।

## 9.2 Objective (ਉਦੇਸ਼)

ਪੰਜਾਬੀ ਜੰਮੂ ਕਸ਼ਮੀਰ ਵਿਚ ਬੋਲੀ ਜਾਣ ਵਾਲੀ ਨਾ ਕੇਵਲ ਇਕ ਅਹਿਮ ਭਾਸ਼ਾ ਹੈ ਸਗੋਂ ਪੰਜਾਬ ਤੋਂ ਬਾਅਦ  ਰਿਆਸਤ ਜੰਮੂ ਕਸ਼ਮੀਰ ਇਕ ਦੂਸਰਾ ਅਹਿਮ ਖਿੱਤਾ ਹੈ ਜਿਥੇ ਪੰਜਾਬੀ ਭਾਸ਼ਾ ਵਿਚ ਭਰਪੂਰ ਸਾਹਿਤ ਸਿਰਜਨਾ ਹੁੰਦੀ ਹੈ, ਜਿਸ ਕਰਕੇ ਰਿਆਸਤ ਵਿਚ ਪੰਜਾਬੀ ਭਾਸ਼ਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ। ਇਸ ਪਾਠ ਵਿਚ ਸਾਡਾ ਉਦੇਸ਼ ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਨ ਸਥਿਤੀ ਵਾਰੇ ਚਰਚਾ ਕਰਦੇ ਹੋਏ ਸਮਕਾਲ ਵਿਚ ਪੰਜਾਬੀ ਭਾਸ਼ਾ ਦੇ ਮਹਤੱਵ ਨੂੰ ਸਮਝਣਾ ਹੈ।

## 9.3 Content (ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਣ ਸਥਿਤੀ)

ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਣ ਸਥਿਤੀ ਨੂੰ ਸਮਝਣ ਤੋਂ ਪਹਿਲਾਂ ਜੰਮੂ ਕਸ਼ਮੀਰ ਵਿਚ ਵੱਖ ਵੱਖ ਦੌਰਾਂ 'ਚ ਪੰਜਾਬੀ ਭਾਸ਼ਾ ਦੇ ਜਨਾਧਾਰ ਨੂੰ ਜਾਣਨਾ ਜ਼ਰੂਰੀ ਹੈ। ਅਲਗ ਅਲਗ ਦੌਰਾਂ ਵਿਚ ਪੰਜਾਬੀ ਦਾ ਜਨਾਧਾਰ ਘਟਦਾ-ਵਧਦਾ ਰਿਹਾ ਹੈ, ਜਿਸਦੀ ਜਾਣਕਾਰੀ ਵੱਖ-ਵੱਖ ਸਮਿਆਂ ਵਿਚ ਹੋਈਆਂ ਮਰਦਮੁਸ਼ਾਰੀਆਂ ਦੀਆਂ ਰਿਪੋਟਾਂ ਵਿਚ ਮਿਲਦੀ ਹੈ। ਇਸ ਸੰਖੇਪ ਸਰਵੇਖਣ ਜਾਂ ਜਾਣਕਾਰੀ ਕਰਕੇ ਸਾਡੇ ਲਈ ਇਹ ਨਿਰਣਾ ਕਰਨਾ ਜਾਂ ਸਮਝਣਾ ਸੌਖਾ ਹੋਵੇਗਾ ਕਿ ਵਰਤਮਾਣ ਦੌਰ ਵਿਚ ਪੰਜਾਬੀ ਦੀ ਜੋ ਸਥਿਤੀ ਹੈ ਉਹ ਸੰਤੋਖ ਜਨਕ ਹੈ ਜਾਂ ਅਸੰਤੋਖਜਨਕ ਹੈ।



### 9.3.1 ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ (ਇਤਿਹਾਸਕ ਪਰਿਪੇਖ)

ਰਿਆਸਤ ਜੰਮੂ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਅਤੇ ਇਸ ਨਾਲ ਸੰਬੰਧਿਤ ਸਾਹਿਤ ਅਤੇ ਸਭਿਆਚਾਰ ਉਨ੍ਹਾਂ ਹੀ ਪੁਰਾਣਾ ਹੈ ਜਿੰਨ੍ਹਾਂ ਕਿ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਦਾ ਹੈ। ਭੂਗੋਲਿਕ ਅਤੇ ਸਭਿਆਚਾਰਕ ਲਿਹਾਜ਼ ਨਾਲ ਜੰਮੂ-ਕਸ਼ਮੀਰ ਦਾ ਪੰਜਾਬੀ ਬੋਲਦਾ ਇਲਾਕਾ ਸਮੁੱਚੇ ਪੰਜਾਬ ਦਾ ਹੀ ਇਕ ਪਹਾੜੀ ਭਾਗ ਹੈ। ਭਾਸ਼ਾਈ ਇਕਾਈ ਦੇ ਨਾਤੇ ਵੇਖਿਆਂ ਪੰਜਾਬੀ ਭਾਸ਼ਾ ਇਕ ਬਹੁਤ ਵੱਡੇ ਖੇਤਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਹੈ। ਕਸ਼ਮੀਰੀ, ਦਰਦੀ ਅਤੇ ਲੱਦਾਖੀ ਨੂੰ ਛੱਡ, ਰਿਆਸਤ ਜੰਮੂ ਕਸ਼ਮੀਰ ਦੀ ਪੱਛਮੀ ਹੱਦ ਅਤੇ ਇਸਦੇ ਅੰਦਰ ਦੀਆਂ ਸਾਰੀਆਂ ਬੋਲੀਆਂ ਨੂੰ ਅਸੀਂ ਪੰਜਾਬੀ ਦੀਆਂ ਉੱਪ-ਬੋਲੀਆਂ ਹੀ ਕਹਾਂਗੇ। ਬੇਸ਼ਕ ਮੀਰਪੂਰ ਵਿਚ ਮੀਰਪੂਰੀ, ਪੁਣਛ ਵਿਚ ਪੁਣਛੀ, ਮੁਜ਼ਫਰਾਵਾਦ ਵਿਚ ਮੁਜ਼ਫਰਾਵਾਦੀ, ਜੰਮੂ ਵਿਚ ਡੋਗਰੀ, ਗੋਜ਼ਰੀ, ਚਿਭਾਲੀ ਅਤੇ ਰਿਆਸਤੀ ਪਹਾੜੀ ਪ੍ਰਮੁੱਖ ਬੋਲੀਆਂ ਬੋਲੀਆਂ ਜਾਂਦੀਆਂ ਹਨ, ਪਰ ਇਹ ਸਾਰੀਆਂ ਬੋਲੀਆਂ ਪੰਜਾਬੀ ਦੀਆਂ ਹੀ ਉਪ-ਬੋਲੀਆਂ ਮੰਨੀਆਂ ਜਾਂਦੀਆਂ ਹਨ। Linguistic Survey of India ਦੇ ਕਰਤਾ Grierson ਵੀ ਇਨ੍ਹਾਂ ਬੋਲੀਆਂ ਨੂੰ ਪੰਜਾਬੀ ਦੀਆਂ ਉੱਪ ਬੋਲੀਆਂ ਮੰਨਦਾ ਹੈ। ਇਸ ਦਾ ਇਕ ਪ੍ਰਮਾਣ 1901 ਤੋਂ ਲੈਕੇ 1941 ਤੱਕ ਦੀਆਂ ਮਰਦਮੁਸ਼ਾਰੀ ਰਿਪੋਟ ਰਾਹੀਂ ਵੀ ਮਿਲਦਾ ਹੈ। 1901 ਦੀ ਮਰਦਮੁਸ਼ਾਰੀ ਅਨੁਸਾਰ ਰਿਆਸਤ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 8.6 ਲੱਖ ਦਸੀ ਗਈ ਹੈ। 1901 ਵਿਚ ਕਸ਼ਮੀਰੀ ਤੋਂ ਬਾਅਦ ਪੰਜਾਬੀ ਜੰਮੂ ਕਸ਼ਮੀਰ ਵਿਚ ਬੋਲੀ ਜਾਣ ਵਾਲੀ ਦੂਸਰੀ ਪ੍ਰਮੁੱਖ ਭਾਸ਼ਾ ਹੈ। 1911 ਦੀ ਰਿਪੋਰਟ ਅਨੁਸਾਰ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 2.1 ਲੱਖ ਹੈ। 1921 ਵਿਚ ਪੰਜਾਬੀ ਬੋਲਣ ਵਾਲਿਆਂ ਦੀ 13 ਲ'ਖ ਜਦਕਿ 1931 ਵਿਚ ਮੁੜ 2.1 ਲੱਖ ਹੈ ਅਤੇ 1941 ਵਿਚ 10.75 ਲੱਖ। ਇਨ੍ਹਾਂ ਅੰਕੜਿਆਂ ਵਿਚ ਇਕ ਹੈਰਾਨੀਜਨਕ ਗੱਲ ਹੈ ਕਿ ਹਰ ਦੱਸ ਸਾਲ ਬਾਅਦ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਜਾਂ ਤਾਂ ਬਹੁਤ ਘਟੀ ਹੈ ਜਾਂ ਫਿਰ ਬਹੁਤ ਵੱਧ ਹੋਈ ਹੈ। ਇਨ੍ਹਾਂ ਆਂਕੜਿਆਂ ਤੋਂ ਸਾਫ ਸਿੱਧ ਹੁੰਦਾ ਹੈ ਕਿ ਜੰਮੂ ਕਸ਼ਮੀਰ ਵਿਚ ਪੰਜਾਬੀ ਬੋਲਣ ਵਾਲੇ ਆਪਣੀ ਬੋਲੀ ਪ੍ਰਤੀ ਅਗਿਆਣਤਾ ਦੇ ਸ਼ਿਕਾਰ ਰਹੇ ਹਨ। ਜਿਸ ਕਰਕੇ ਉਹ ਇਨ੍ਹਾਂ ਮਰਦਮੁਸ਼ਾਰੀਆਂ ਦੌਰਾਣ ਆਪਣੀ ਬੋਲੀ ਪੰਜਾਬੀ ਦੀ ਥਾਂ ਖਿੱਤੇ ਅਨੁਸਾਰਪੁਣਛੀ, ਮੁਜ਼ਫਰਾਵਾਦੀ, ਮੀਰਪੂਰੀ, ਕਾਂਗੜੀ, ਗੁਰਮੁਖੀ ਅਤੇ ਕਦੇ ਪਹਾੜੀ ਲਿਖਵਾਉਂਦੇ ਰਹੇ। ਜੇਕਰ ਉਪਰੋਕਤ ਸਾਰੀਆਂ ਮਰਦਮੁਸ਼ਾਰੀਆਂ ਵਿਚ ਪੰਜਾਬੀ ਭਾਸ਼ਾ ਦੇ ਅੰਤਰਗਤ ਪੰਜਾਬੀ ਸਮੂਹ ਦੀਆਂ ਭਾਸ਼ਾਵਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ ਨੂੰ ਮਿਲਾ ਲਿਆ ਜਾਵੇ (ਡੋਗਰੀ ਅਤੇ ਪਹਾੜੀ ਨੂੰ ਛੱਡ ਕੇ) ਤਾਂ ਇਨ੍ਹਾਂ ਸਾਰੀਆਂ ਮਰਦਮੁਸ਼ਾਰੀਆਂ ਦੇ ਆਂਕੜਿਆਂ ਵਿਚ ਪੰਜਾਬੀ ਸਮੂਹ ਦੀਆਂ ਭਾਸ਼ਾਵਾਂ ਬੋਲਣ ਵਾਲਿਆਂ ਦੀ ਗਿਣਤੀ ਰਿਆਸਤ ਜੰਮੂ ਕਸ਼ਮੀਰ ਵਿਚ ਪਹਿਲੇ ਨੰਬਰ ਤੇ ਆਉਂਦੀ ਹੈ। 1947 ਦੀ ਦੇਸ਼ ਵੰਡ ਦਾ ਵਿਆਪਕ ਅਸਰ ਰਿਆਸਤੀ ਉਤੇ ਪਿਆ। ਵੰਡ ਕਾਰਨ 33000 ਮੁਰੱਬਾ ਮੀਲ ਇਲਾਕਾ ਜਿਸ ਵਿਚ ਮੀਰਪੁਰ ਸਾਰਾ ਅੱਧਾ ਪੁਣਛ ਤੇ ਮੁਜ਼ੱਫ਼ਰਾਵਾਦ ਪਾਕਿਸਤਾਨ ਦੇ ਅਧਿਕਾਰ ਵਾਲੇ ਇਲਾਕੇ ਵਿਚ ਚਲਾ ਗਿਆ। ਇਹ ਸਾਰਾ ਇਲਾਕਾ ਪੰਜਾਬੀ ਬੋਲਦਾ ਇਲਾਕਾ ਸੀ। 1956 ਈ. ਵਿਚ ਰਿਆਸਤੀ ਜ਼ਬਾਨਾ ਦੇ ਬਣੇ ਕਮੀਸ਼ਨ ਨੇ ਆਪਣੀ ਰਿਪੋਰਟ ਵਿਚ ਪੰਜਾਬੀ ਅਤੇ ਕਸ਼ਮੀਰੀ ਨੂੰ ਹੀ ਰਿਆਸਤ ਦੀਆਂ ਦੋ ਜ਼ਬਾਨਾ ਕਰਾਰ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਕ ਅਨੁਮਾਨ ਅਨੁਸਾਰ ਜੇਕਰ ਪੰਜਾਬੀ ਬੋਲਣ ਵਾਲੇ ਪੂਰੀ ਤਰ੍ਹਾਂ ਆਪਣੀ ਮਾਤ ਭਾਸ਼ਾ ਪ੍ਰਤੀ ਸੁਚੇਤ ਹੁੰਦੇ ਤਾਂ ਸਾਲ 1971 ਵਿਚ ਇਹ ਗਿਣਤੀ (ਸਿਵਾਏ ਡੋਗਰੀ ਦੇ) 20 ਲੱਖ ਦੇ ਕਰੀਬ ਕਰੀਬ ਹੁੰਦੀ। ਸੱਤਵੇਂ ਦਹਾਕੇ ਵਿਚ ਹੀ ਰਿਆਸਤੀ ਸਰਕਾਰ ਵਲੋਂ ਨਿਯੁਕਤ ਹੋਈ ਮਾਂ ਬੋਲੀਆਂ ਦੀ ਕਮੇਟੀ ਨੇ ਵਿਸ਼ੇਸ਼ ਖੇਤਰ ਪੁਣਛ ਅਤੇ ਕਰਨਾਹ, ਟੀਠਵਾਲ ਅਤੇ ਉੜੀ ਦੀਆਂ ਤਹਸੀਲਾਂ ਨੂੰ ਪੰਜਾਬੀ ਬੋਲਦਾ ਇਲਾਕਾ ਮਿਥਿਆ ਅਤੇ ਫਾਰਸੀ ਅਖਰਾਂ ਵਿਚ ਪੰਜਾਬੀ ਪੜਾਉਣ ਦਾ ਫ਼ੈਸਲਾ ਵੀ ਕੀਤਾ ਗਿਆ ਅਤੇ ਗੁਰਮੁਖੀ ਅਤੇ ਫ਼ਾਰਸੀ

ਦੋਵਾਂ ਲਿਪੀਆਂ ਵਿਚ ਬਾਲ ਬੋਧ ਅਤੇ ਤੀਜੀ ਜਮਾਤ ਤੱਕ ਦੀਆਂ ਪਾਠ ਪੁਸਤਕਾਂ ਵੀ ਛਾਪੀਆਂ ਗਈਆਂ ਪਰ ਉਹ ਵਰਤੋਂ ਵਿਚ ਲਿਆਂਦੀਆਂ ਹੀ ਨਾ ਗਈਆਂ। ਇਸ ਨੀਤੀ ਦੇ ਲਾਗੂ ਹੋਣ ਨਾਲ ਸਮੁੱਚੀ ਪੰਜਾਬੀ ਵਸੋਂ ਆਪਣੀ ਮਾਂ ਬੋਲੀ ਨੂੰ ਪੜ੍ਹਨ ਤੇ ਅਪਨਾਉਣ ਦੇ ਸਮਰੱਥ ਹੋ ਸਕਦੀ ਸੀ

**Check Your Progress**

**Note: I)** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

**II)** ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

1. 1921 ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਕਿੰਨੀ ਸੀ?
2. ਆਜ਼ਾਦੀ ਦੇ ਬਾਅਦ ਪੰਜਾਬੀ ਬੋਲਦਾ ਕਿਹੜਾ ਇਲਾਕਾ ਪਾਕਿਸਤਾਨ ਵਿਚ ਗਿਆ।

ਫ਼ਿਰਕਾਪ੍ਰਸਤੀ ਅਤੇ ਸੁਚੇਤ ਰਾਜਨੀਤਿਕ ਚਾਲਾਂ ਕਰਕੇ ਵੀ ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਵਿਚ ਨਿਘਾਰ ਆਇਆ ਹੈ ਅਤੇ ਸਰਕਾਰੀ ਆਂਕੜਿਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਨਿਰੰਤਰ ਘਟ ਦਰਸ਼ਾ ਕੇ ਇਸ ਨਾਲ ਸਰਕਾਰੀ ਪੱਧਰ ਤੇ ਭੇਦ ਭਾਵ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿਚ ਸਭ ਤੋਂ ਵੱਡੀ ਸੱਟ ਇਹ ਮਾਰੀ ਗਈ ਕਿ ਪੰਜਾਬੀ ਭਾਸ਼ਾ ਅਤੇ ਗੁਰਮੁੱਖੀ ਨੂੰ ਕੇਵਲ ਸਿੱਖਾਂ ਨਾਲ ਜੋੜ ਦਿੱਤਾ ਗਿਆ ਜਿਸ ਕਰਕੇ ਪੰਜਾਬੀ ਕੇਵਲ ਸਿੱਖਾਂ ਦੀ ਜੁਬਾਨ ਬਣ ਕੇ ਰਹਿ ਗਈ ਅਤੇ ਇਸ ਦੇ ਚਲਦੇ ਇਸ ਨਾਲ ਸੁਚੇਤ ਰੂਪ ਵਿਚ ਭੇਦ ਭਾਵ ਹੋਇਆ। ਇਸੇ ਨੀਤੀ ਕਾਰਨ ਪੰਜਾਬੀ ਭਾਸ਼ਾ ਨਾਲ ਹਰ ਖੇਤਰ ਵਿਚ ਵਿਤਕਰੇ ਹੁੰਦੇ ਆ ਰਹੇ ਹਨ, ਚਾਹੇ ਉਹ ਅਲੈਕਟ੍ਰਾਨਿਕ ਮੀਡੀਆ ਹੋਵੇ, ਚਾਹੇ ਸਾਹਿਤਕ ਅਕਾਡਮੀਆਂ ਜਾਂ ਭਾਸ਼ਾ ਵਿਭਾਗ ਹੋਣ ਜਾਂ ਫਿਰ ਵਿਦਿਅਕ ਅਦਾਰੇ। 1982 ਵਿਚ ਸਾਡੀ ਰਿਆਸਤੀ ਵਿਚ ਤਿੰਨ ਭਾਸ਼ਾਈ ਫਾਰਮੂਲੇ ਦੇ ਲਾਗੂ ਹੋਣ ਨਾਲ ਵੀ ਪੰਜਾਬੀ ਭਾਸ਼ਾ ਨੂੰ ਬਹੁਤ ਧ'ਕਾ ਲਗਾ। ਇਸ ਨੀਤੀ ਕਰਕੇ ਅੰਗ੍ਰਜ਼ੀ, ਹਿੰਦੀ ਅਤੇ ਉਰਦੂ ਨੂੰ ਪ੍ਰਮੁ'ਖਤਾ ਪ੍ਰਦਾਨ ਕੀਤੀ ਗਈ ਜਦਕਿ ਪੰਜਾਬੀ ਭਾਸ਼ਾ ਨੂੰ ਬਿਲਕੁਲ ਖਾਰਜ ਕਰ ਦਿੱਤਾ ਗਿਆ। ਸਥਿਤੀ ਦਾ ਦੁਖਾਂਤ ਇਹ ਹੈ ਕਿ ਉਪਰੋਕਤ ਤਿੰਨੇ ਹੀ ਭਾਸ਼ਾਵਾਂ ਰਿਆਸਤੀ ਸੰਵਿਧਾਨ ਵਿਚ ਸਥਾਨਕ ਭਾਸ਼ਾਵਾਂ ਦੀ ਸੂਚੀ ਵਿਚ ਮੂਲੋਂ ਹੀ ਨਹੀ ਹਨ। ਇਸ ਦਾ ਨਤੀਜਾ ਇਹ ਨਿਕਲਿਆ ਕਿ ਹਰ ਵਿਦਿਆਰਥੀ ਲਈ ਅੰਗ੍ਰੇਜੀ, ਹਿੰਦੀ ਅਤੇ ਉਰਦੂ ਪੜ੍ਹਨੀ ਲਾਜ਼ਮੀ ਹੋ ਗਈ ਜਦਕਿ ਪੰਜਾਬੀ ਜੋ ਕਿ ਪਹਿਲਾਂ ਦੂਸਰੀ ਭਾਸ਼ਾ ਦੇ ਤੌਰ 'ਤੇ ਪੜ੍ਹੀ ਜਾਂਦੀ ਸੀ ਉਸ ਨੂੰ ਅਠਵੇਂ ਗਰੁਪ ਵਿਚ ਸ਼ਾਮਿਲ ਕਰਕੇ Additional Optional Subject ਵਜੋਂ ਮਾਨਤਾ ਦਿੱਤੀ ਗਈ। ਵਿਦਿਆਰਥੀਆਂ ਨੂੰ ਇਸ ਦਾ ਕੋਈ ਬਹੁਤਾ ਲਾਭ ਨਹੀਂ ਸੀ ਮਿਲ ਰਿਹਾ ਕਿਉਂ ਕਿ ਇਸ ਵਿਚੋਂ ਪ੍ਰਾਪਤ ਕੀਤੇ ਨੰਬਰ ਸਾਰੇ ਨੰਬਰਾਂ ਵਿਚ ਜਮਾ ਨਹੀਂ ਸੀ ਹੁੰਦੇ ਜਿਸ ਕਰਕੇ ਵਿਦਿਆਰਥੀਆਂ ਦਾ ਪੰਜਾਬੀ ਪਾਸੋਂ ਮੋਹ ਭੰਗ ਹੋਣਾ ਆਰੰਭ ਹੋ ਗਿਆ। ਇਸ ਕਾਰਨ ਪੰਜਾਬੀ ਨੂੰ ਮੁੱਢਲੇ ਪੱਖ ਤੋਂ ਹੀ ਢਾਹ ਲਗੀ। ਇਸ ਦੇ ਅੱਗੇ ਚੱਲ ਕੇ ਕਈ ਦੁਸ਼ ਪ੍ਰਭਾਵ ਸਾਹਮਣੇ ਆਏ। ਮੁਢਲੀ ਵਿਦਿਆ ਵਿਚ ਪੰਜਾਬੀ ਨਾ ਪੜ੍ਹੀ ਹੋਣ ਕਾਰਨ ਉਚ ਸਿਖਿਆ ਵਿਚ ਪੰਜਾਬੀ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਨਿਰੰਤਰ ਗਿਰਾਵਟ ਆਈ ਹੈ। ਜਿਸ ਕਰਕੇ ਕਈ ਸਕੂਲਾਂ ਅਤੇ ਕਾਲਜਾਂ ਵਿਚ ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਜਾਂ ਤਾਂ ਬੰਦ ਪਈਆਂ ਹਨ ਜਾਂ ਫਿਰ ਦੂਜੇ ਵਿਸ਼ਿਆਂ ਵਿਚ ਪ੍ਰਵਰਤਿਤ ਕਰ ਦਿਤੀਆਂ ਗਈਆਂ ਹਨ। ਸਾਲ 2017 ਇਸ ਪੱਖੋਂ ਕੁੱਝ ਸ਼ੁਭ ਸੰਕੇਤ ਜ਼ਰੂਰ ਲੈਕੇ ਆਇਆ ਹੈ। ਨਵੀਂ ਭਾਸ਼ਾ ਨੀਤੀ ਅਨੁਸਾਰ ਸਕੂਲੀ ਵਿਦਿਆ ਦੌਰਾਨ ਕਿਸੇ ਇਕ ਖੇਤਰੀ ਭਾਸ਼ਾ ਨੂੰ ਪੜਨਾ ਲਾਜ਼ਮੀ ਕੀਤਾ ਗਿਆ ਹੈ। ਪਹਿਲਾਂ ਇਸ ਲਈ ਤਿੰਨ ਭਾਸ਼ਾਵਾਂ ਨੂੰ



ਖਿਤਿਆਂ ਦੇ ਆਧਾਰ 'ਤੇ ਚੁਣਿਆ ਗਿਆ ਸੀ ਜਿਸ ਵਿਚ ਜੰਮੂ ਲਈ ਡੋਗਰੀ, ਕਸ਼ਮੀਰ ਲਈ ਕਸ਼ਮੀਰੀ ਅਤੇ ਲੱਦਾਖ ਲਈ ਬੋਧੀ ਸੀ ਪਰ ਜੰਮੂ ਅਤੇ ਕਸ਼ਮੀਰ ਪ੍ਰਾਂਤ ਵਿਚ ਪੰਜਾਬੀਆਂ ਵਲੋਂ ਇਸ ਦਾ ਭਰਵਾਂ ਵਿਰੋਧ ਕੀਤਾ ਗਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਸਰਕਾਰ ਨੂੰ ਆਪਣੇ ਫੈਸਲੇ ਤੇ ਮੁੜ ਕੇ ਵਿਚਾਰ ਕਰਨਾ ਪਿਆ ਅਤੇ ਪੰਜਾਬੀ ਨੂੰ ਵੀ ਇਕ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਮਾਨਤਾ ਦੇਣੀ ਪਈ। ਸਾਲ 2018 ਵਿਚ ਜੰਮੂ ਕਸ਼ਮੀਰ ਸਕੂਲੀ ਸਿਖਿਆ ਬੋਰਡ ਵਲੋਂ ਪੰਜਾਬੀ ਵਿਸ਼ੇ ਲਈ ਵਿਭਿੰਨ ਜਮਾਤਾਂ ਦਾ ਪਾਠ ਕ੍ਰਮ ਤਿਆਰ ਕਰਵਾ ਕੇ ਪੁਸਤਕਾਂ ਵੀ ਤਿਆਰ ਕਰਵਾਈਆਂ ਜਾ ਰਹੀਆਂ ਹਨ। ਉਚ ਸਿਖਿਆ ਵਿਭਾਗ ਨੇ ਵੀ ਕਾਲਜਾਂ ਵਿਚ ਪੰਜਾਬੀ ਲਈ 25 ਪੋਸਟਾਂ ਦਿਤੀਆਂ ਹਨ ਜੋ ਪੰਜਾਬੀ ਲਈ ਇਕ ਸੰਤੋਖਜਨਕ ਗਲ ਹੈ। ਹੁਣ ਜ਼ਰੂਰਤ ਪੰਜਾਬੀ ਪੜ੍ਹਣ ਵਾਲੇ ਵਿਦਿਆਰਥੀਆਂ ਦੀ ਹੈ ਜੋ ਅਜੋਕੇ ਸਮੇਂ ਦੀ ਅਸਲ ਚੁਣੌਤੀ ਹੈ। ਕਸ਼ਮੀਰ ਯੂਨੀਵਰਸਿਟੀ ਵਿਚ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਵਿਭਾਗ ਖੋਲ੍ਹਣ ਦੀ ਮੰਗ ਕੀਤੀ ਜਾਂ ਰਹੀ ਹੈ ਜੋ ਅਜੇ ਵੀ ਸਵਿਕਾਰੀ ਨਹੀਂ ਗਈ। ਪੰਜਾਬ ਵਾਂਗ ਰਿਆਸਤੀ ਪੰਜਾਬੀ ਨੂੰ ਢਾਹ ਲਾਉਣ ਵਿਚ ਪ੍ਰਾਈਵੇਟ ਸਕੂਲਾਂ ਨੇ ਵੀ ਕੋਈ ਕਸਰ ਨਹੀਂ ਛਡੀ। ਇਨ੍ਹਾਂ ਸਕੂਲਾਂ ਵਿਚ ਅੰਗ੍ਰੇਜੀ ਅਤੇ ਹਿੰਦੀ ਨੂੰ ਮਾਨਤਾ ਦਿਤੀ ਜਾਂਦੀ ਹੈ ਜਦਕਿ ਬਚਿਆਂ ਨੂੰ ਪੰਜਾਬੀ ਜਾਂ ਆਪਣੀ ਮਾਂ ਬੋਲੀ ਨੂੰ ਬੋਲਣ ਤੋਂ ਰੋਕਿਆ ਜਾਂਦਾ ਹੈ। ਇਸ ਦਾ ਪ੍ਰਭਾਵ ਇਹ ਪੈ ਰਿਹਾ ਹੈ ਕਿ ਬੱਚੇ ਆਪਣੀ ਮਾਂ ਬੋਲੀ ਨੂੰ ਬੋਲਣ ਵਿਚ ਹੀਣਤਾ ਮਹਿਸੂਸ ਕਰਦੇ ਹਨ। ਮਾਂ-ਬਾਪ ਵੀ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗ੍ਰੇਜੀ ਬੋਲਣ ਲਈ ਉਤਸਾਹਿਤ ਕਰਦੇ ਹਨ ਜਿਸ ਕਰਕੇ ਪੰਜਾਬੀ ਦਾ ਸੰਕਟ ਹੋਰ ਪੀਡਾ ਹੋਇਆ ਹੈ। ਪੰਜਾਬੀ ਉਤੇ ਆਧੁਨਿਕ ਵਿਦਿਆ ਕਰਕੇ ਵੀ ਗਹਿਰਾ ਪ੍ਰਭਾਵ ਪੈ ਰਿਹਾ ਹੈ। ਅੱਜ ਕਲ ਦੀ ਪੀੜੀ ਸਾਇੰਸੀ ਵਿਸ਼ਿਆਂ ਵਾਲੇ ਕੋਰਸਾਂ ਉਤੇ ਵੱਧ ਫੋਕਸ ਕਰ ਰਹੀ ਹੈ ਜਿਸ ਕਰਕੇ ਉਚ ਸਿਖਿਆ ਵਿਚ ਭਾਸ਼ਾਵਾਂ ਦੇ ਵਿਦਿਆਰਥੀਆਂ ਵਿਚ ਗਿਰਾਵਟ ਦੇਖੀ ਜਾ ਰਹੀ ਹੈ।

## 9.4 Summary (ਨਿਸ਼ਕਰਸ਼)

**ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ 'ਚੋਂ ਸੱਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ। ਲ'ਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਅਤੇ ਪੰਜਾਬੀ। ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰ'ਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ। ਰਿਆਸਤ ਦੀਆਂ ਇਨ੍ਹਾਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ। ਪੰਜਾਬੀ ਭਾਸ਼ਾ ਕਦੇ ਸੰਵਿਧਾਨਕ ਤੌਰ 'ਤੇ ਪ੍ਰਮੁੱਖ ਭਾਸ਼ਾ ਸੀ ਪਰ ਸਮੇਂ ਸਮੇਂ ਸਿਰ ਸੁਚੇਤ ਰਾਜਨੀਤਿਕ ਅਤੇ ਫਿਰਕਾਪ੍ਰਸਤ ਤਾਕਤਾਂ ਦੀ ਸ਼ਿਕਾਰ ਹੁੰਦੀ ਆ ਰਹੀ ਹੈ।**

## 9.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਮਰਦਮੁਸ਼ਾਰੀਆਂ- ਜਨ ਗਣਨਾ

ਵਰਤਮਾਣ- ਚਲ ਰਿਹਾ ਸਮਾਂ

ਮਾਤ ਭਾਸ਼ਾ- ਮਾਂ ਬੋਲੀ

ਫ਼ਿਰਕਾਪ੍ਰਸਤੀ - ਫਿਰਕਿਆਂ ਪ੍ਰਤੀ ਪੱਖਪਾਤ

ਨਿਘਾਰ - ਢਹਿੰਦੀ ਹੋਈ ਸਥਿਤੀ

## 9.6 Lesson End Exercise

ਨੋਟ: ਵਿਦਿਆਰਥੀ ਪਾਠ ਦੇ ਆਧਾਰ ਤੇ ਹੇਠ ਪੁੱਛੇ ਗਏ ਪ੍ਰਸ਼ਨਾਂ ਨੂੰ ਹਲ ਕਰਨ ਦਾ ਯਤਨ ਕਰਨ ਅਤੇ ਦੇਖਣ ਕੇ ਉਹ ਪਾਠ ਨੂੰ ਸਮਝਣ ਵਿਚ ਕਿੰਨੇ ਸਫ਼ਲ ਹੋਏ ਹਨ।

I. ਵੱਖ ਵੱਖ ਦੌਰਾਂ ਵਿਚ ਪੰਜਾਬੀ ਦੀ ਰਿਆਸਤ ਜੰਮੂ ਕਸ਼ਮੀਰ ਵਿਚ ਕੀ ਸਥਿਤੀ ਰਹੀ ਹੈ ?

II. ਰਿਆਸਤ ਵਿਚ ਪੰਜਾਬੀ ਨੂੰ ਢਾਹ ਲਾਉਣ ਵਾਲੇ ਪ੍ਰਮੁੱਖ ਕਾਰਨ ਕਿਹੜੇ ਹਨ?

III. ਰਿਆਸਤੀ ਸੰਵਿਦਾਨ ਵਿਚ ਪੰਜਾਬੀ ਦੀ ਸਥਿਤੀ ਕੀ ਹੈ?

IV. ਵਰਤਮਤਣ ਦੌਰ ਵਿਚ ਪੰਜਾਬੀ ਦੀ ਰਿਆਸਤੀ ਵਿਚ ਕੀ ਸਥਿਤੀ ਅਤੇ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ?

V. ਤੁਹਾਡੀ ਨਜ਼ਰ ਵਿਚ ਪੰਜਾਬੀ ਨੂੰ ਕਿਵੇਂ ਪ੍ਰਫੁੱਲਤ ਕੀਤਾ ਜਾ ਸਕਦਾ ਹੈ?

## 9.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿੱਲੀ। 2003 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ


## 9.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)



ਵਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਪੰਜਾਬੀ ਭਾਸ਼ਾ ਦੀ ਭੂਤ ਕਾਲੀਨ ਸਥਿਤੀ ਨੂੰ ਸਮਝਣ ਲਈ ਅਲਗ-ਅਲਗ ਮਰਦਮੁਸ਼ਾਰੀ ਦੀਆਂ ਰਿਪੋਰਟਾਂ ਅਤੇ ਪੰਜਾਬੀ ਦੀ ਸੰਵਿਧਾਨਕ ਸਥਿਤੀ ਲਈ ਸਰਕਾਰੀ ਸਰਕੂਲਰ ਦਾ ਵੀ ਅਧਿਅਨ ਕੀਤਾ ਜਾਵੇ ਅਤੇ ਨਾਲ ਹੀ ਪੰਜਾਬੀ ਭਾਸ਼ਾ ਦੀ ਸਥਿਤੀ ਸੰਬੰਧੀ ਲਿਖੇ ਖੋਜ ਪੱਤਰਾਂ ਨੂੰ ਵੀ ਪੜ੍ਹਿਆ ਜਾਵੇ।

......................

## 'ਰਿਆਸਤ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਯੋਗਦਾਨ'

**Unit-III** **Lesson No: 10**

**STRUCTURE:**

10.1 Introduction (ਜਾਣ-ਪਛਾਣ)

10.2 Objective (ਉਦੇਸ਼)

10.3 Content (ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸੰਵਿਧਾਨਕ ਅਤੇ ਵਰਤਮਾਣ ਸਥਿਤੀ)

10.4 Summary (ਨਿਸ਼ਕਰਸ਼)

10.5 Glossory/Keywords (ਔਖੇ ਸ਼ਬਦਾਂ ਦੇ ਅਰਥ)

10.6 Lesson End Exercise

10.7 References (ਸਹਾਇਕ ਗ੍ਰੰਥਾਵਲੀ)

10.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)



### 10.1 Introduction (ਜਾਣ-ਪਛਾਣ)

ਰਿਆਸਤ ਜੰਮੂ-ਕਸ਼ਮੀਰ, ਭਾਰਤ ਦਾ ਉਹ ਸੂਬਾ ਹੈ ਜਿਥੇ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਅਤੇ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਬਹੁਤ ਸਾਰੀਆਂ ਭਾਸ਼ਾਵਾਂ 'ਚੋਂ ਸਤ ਭਾਸ਼ਾਵਾਂ ਨੂੰ ਰਿਆਸਤੀ ਸੰਵਿਧਾਨ ਵਿਚ ਖਾਸ ਦਰਜਾ ਪ੍ਰਾਪਤ ਹੈ। ਇਹ ਸੱਤ ਭਾਸ਼ਾਵਾਂ ਹਨ। ਲੱਦਾਖੀ, ਬਲਤੀ, ਦਰਦੀ, ਪਹਾੜੀ, ਡੋਗਰੀ, ਕਸ਼ਮੀਰੀ ਅਤੇ ਪੰਜਾਬੀ। ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ।ਰਿਆਸਤ ਦੀਆਂ ਇਨ੍ਹਾਂ ਭਾਸ਼ਾਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ। ਇਸ ਤਰ੍ਹਾਂ ਰਿਆਸਤੀ ਪੰਜਾਬੀ ਸਾਹਿਤ ਨੇ ਆਪਣੇ ਆਦਿ ਤੋਂ ਲੈਕੇ ਆਪਣੇ ਸਮਕਾਲ ਤਕ ਦਾ ਸਫਰ ਤੈਅ ਕੀਤਾ ਹੈ। ਅਜੋਕੇ ਦੌਰ ਵਿਚ ਪੰਜਾਬੀ ਭਾਸ਼ਾ ਅਨੇਕਾਂ ਚੁਣੌਤੀਆਂ ਦੇ ਰੂਬਰੂ ਹੈ। ਬਦਲਦੇ ਸਮੇਂ ਅਨੁਸਾਰ ਅੰਗ੍ਰੇਜ਼ੀ ਭਾਸ਼ਾ ਦਾ ਪ੍ਰਭਾਵ ਬਹੁਤ ਗਹਿਰਾ ਹੋਇਆ ਹੈ ਜਿਸ ਕਾਰਨ ਪੰਜਾਬੀ ਸਮੇਤ ਦੂਸਰੀਆਂ ਸਥਾਨਕ ਭਾਸ਼ਾਵਾਂ ਨੂੰ ਬਹੁਤ ਖੋਰਾ ਲਗ ਰਿਹਾ ਹੈ ਪਰ ਅਜਿਹੀਆਂ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਹਨ ਜਿਨ੍ਹਾਂ ਕਰਕੇ ਪੰਜਾਬੀ ਭਾਸ਼ਾ ਆਪਣੀ ਸਨਮਾਣਜਨਕ ਸਥਿਤੀ ਲਈ ਸੰਘਰਸ਼ ਕਰ ਰਹੀ ਹੈ।

### 10.2 Objective(ਉਦੇਸ਼):-

ਇਸ ਪਾਠ ਦਾ ਉਦੇਸ਼ ਪਾਠਕਾਂ ਨੂੰ ਰਿਆਸਤੀ ਵਿਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮਕਾਲੀ ਚੁਣੌਤੀਆਂ ਦਾ ਵਰਣਨ ਕਰਨ ਦੇ ਨਾਲ ਨਾਲ ਉਨ੍ਹਾਂ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਦੀ ਜਾਣਕਾਰੀ ਦੇਣਾ ਹੈ ਜਿੰਨ੍ਹਾਂ ਨੇ ਰਿਆਸਤ ਵਿਚ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਮਜਬੂਤ ਕਰਨ ਲਈ ਆਪਣਾ ਯੋਗਦਾਨ ਪਾਇਆ ਹੈ।

### 10.3 Content(ਰਿਆਸਤੀ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾ ਦਾ ਯੋਗਦਾਨ)

ਜੇਕਰ ਰਿਆਸਤੀ ਵਿਚ ਪੰਜਾਬੀ ਭਾਸ਼ਾ ਦੇ ਸਨਮੁਖ ਬਹੁਤ ਸਾਰੀਆਂ ਚੁਣੌਤੀਆਂ ਹਨ ਤਾਂ ਰਿਆਸਤੀ ਵਿਚ ਅਜਿਹੀਆਂ ਬਹੁਤ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੀ ਹਨ ਜਿਨਾਂ ਦੇ ਸਾਰਥਕ ਯਤਨਾਂ ਕਰਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਹੋਂਦ ਅਜੇ ਬਰਕਰਾਰ ਹੈ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਹੇਠ ਲਿਖੀਆਂ ਅਨੁਸਾਰ ਇਸ ਤਰ੍ਹਾਂ ਹਨ;

### ੧. ਸਰਕਾਰੀ ਸੰਸਥਾਵਾਂ

- **ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਏਜ:**

ਜੰਮੂ ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗੁਏਜ ਆਪਣੇ ਨਾਂ ਤੋਂ ਹੀ ਕਲਾ, ਸੰਸਕ੍ਰਿਤੀ ਅਤੇ ਭਾਸ਼ਾ ਨੂੰ ਸਮ੍ਰਪਿਤ ਅਦਾਰਾ ਲਗਦਾ ਹੈ।੧੯੬੪ ਈ ਵਿਚ ਰਿਆਸਤੀ ਵਿਧਾਨ ਦੀ ਧਾਰਾ ੧੪੬ ਦੇ ਅੰਤਰਗਤ ਬਣੇ ਇਸ ਨੀਮ ਸਰਕਾਰੀ ਅਦਾਰੇ ਨੂੰ ਰਿਆਸਤ ਦੀਆਂ ਵਿਭਿੰਨ ਭਾਸ਼ਾਵਾਂ, ਕਲਾ ਅਤੇ ਸਭਿਆਚਾਰ ਦੇ ਪ੍ਰਚਾਰ, ਪ੍ਰਸਾਰ ਅਤੇ ਸੁਧਾਰ ਲਈ ਸਥਾਪਿਤ ਕੀਤਾ ਗਿਆ ਹੈ। ਅਕੈਡਮੀ ਵਿਚ ਦੂਸਰੀਆਂ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਲਈ ਵੀ ਇਕ ਸੈਲ ਬਣਿਆ ਹੋਇਆ ਹੈ।ਇਸ ਵਿਚ ਸੰਪਾਦਕ ਅਤੇ ਸਹਿ ਸੰਪਾਦਕ ਦੀਆਂ ਅਸਾਮੀਆਂ ਤੇ ਦੋ ਬੰਦੇ ਕਾਰਜ ਕਰਦੇ ਹਨ। ਅਕੈਡਮੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਪ੍ਰਸਾਰ ਲਈ ਵਿਭਿੰਨ ਪ੍ਰਕਾਰ ਦੀਆਂ ਸਾਹਿਤਕ ਅਤੇ ਰੰਗਮੰਚੀ ਗਤੀਵਿਧੀਆਂ ਦਾ ਆਯੋਜਨ ਕਰਦੀ ਹੈ। ਇਨ੍ਹਾਂ ਗਤੀਵਿਧੀਆਂ ਦੇ ਅੰਤਰਗਤ ਕਵਿਤਾ ਪਾਠ ਅਤੇ ਕਹਾਣੀ ਗੋਸ਼ਠੀ ਦੇ ਪ੍ਰੋਗਰਾਮ, ਨਾਟਕ ਮੰਚਨ ਅਤੇ ਨਾਟ ਮੁਕਾਬਲੇ, ਵਿਭਿੰਨ ਪ੍ਰਕਾਰ ਦੀਆਂ ਕਾਨਫ਼ਰੰਸਾਂ ਅਤੇ ਸੈਮੀਨਾਰ, ਹਰ ਸਾਲ ਨਵੇਂ ਸਾਹਿਤਕਾਰਾਂ ਨੂੰ ਪ੍ਰੋਤਸਾਹਿਤ ਕਰਨ ਲਈ ਵਰਕਸ਼ਾਪਾਂ ਕਰਵਾਈਆਂ ਜਾਂਦੀਆਂ ਹਨ ਅਤੇ ਚੰਗੀਆਂ ਸਾਹਿਤਕ ਪੁਸਤਕਾਂ ਨੂੰ ਛਪਵਾਉਣ ਲਈ ਮਾਇਕ ਸਹਾਇਤਾ ਦੇ ਨਾਲ ਨਾਲ ਚੁਣੀਆਂ ਹੋਈਆਂ ਪੁਸਤਕਾਂ ਨੂੰ ਸਲਾਨਾ ਇਨਾਮ ਵੀ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਅਕੈਡਮੀ ਵਲੋਂ ਸ਼ੀਰਾਜ਼ਾ ਪੰਜਾਬੀ (ਦੋ ਮਾਸਕ) ਅਤੇ ਸਾਡਾ ਸਾਹਿਤ (ਸਲਾਨਾ) ਦੋ ਰਸਾਲਿਆਂ ਨੂੰ ਪੁਸਤਕ ਰੂਪ ਵਿਚ ਲੜੀ ਵਾਰ ਛਾਪਿਆ ਜਾਂਦਾ ਹੈ।ਅਕੈਡਮੀ ਨੇ ਹੁਣ ਤਕ ਕਈ ਪੁਸਤਕਾਂ ਨੂੰ ਵੀ ਛਾਪਿਆ ਹੈ ਅਤੇ ਕਈ ਪ੍ਰਾਜੈਕਟ ਵੀ ਪ੍ਰਸਿਧ ਵਿਧਵਾਨਾਂ ਨੂੰ ਦੇ ਕੇ ਪੰਜਾਬੀ ਦੇ ਵਿਕਾਸ ਲਈ ਇਕ ਆਪਣੀ ਪ੍ਰਤੀਬੱਧਤਾ ਨੂੰ ਜ਼ਾਹਿਰ ਕੀਤਾ ਹੈ।

- **ਵਿਦਿਅਕ ਅਦਾਰੇ:**

ਰਿਆਸਤੀ ਜੰਮੂ ਕਸ਼ਮੀਰ ਵਿਚ ਪੰਜਾਬੀ ਦੇ ਵਿਕਾਸ ਲਈ ਸਥਾਨਕ ਸਰਕਾਰੀ ਵਿਦਿਅਕ ਅਦਾਰਿਆਂ ਦਾ ਵੀ ਮਹਤੱਵਪੂਰਣ ਯੋਗਦਾਨ ਰਿਹਾ ਹੈ। ਇਸ ਬਾਬਤ ਪ੍ਰਮੁੱਖ ਵਿਦਿਅਕ ਅਦਾਰੇ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹਨ:

I. **ਪੰਜਾਬੀ ਵਿਭਾਗ, ਜੰਮੂ ਯੂਨੀਵਰਸਿਟੀ:** ਜੰਮੂ ਯੂਨੀਵਰਸਿਟੀ ਵਿਚ ਸਨ ੧੯੭੧ ਵਿਚ ਪੰਜਾਬੀ ਦੇ ਰਿਸਰਚ ਸੈਲ ਦੀ ਸਥਾਪਨਾ ਕੀਤੀ ਗਈ, ਜਿਸ ਵਿਚ ਡਾ. ਦਲਜੀਤ ਸਿੰਘ ਫੈਲੋ ਪੰਜਾਬੀ ਨਿਯੁਕਤ ਹੋਏ। ੧੯੭੩ ਵਿਚ ਇਸ ਰਿਸਰਚ ਸੈਲ ਦੀ ਥਾਂ ਪੋਸਟ ਗ੍ਰੈਜੂਏਟ ਵਿਭਾਗ ਦੀ ਸਥਾਪਨਾ ਨਾਲ ਹੀ ਰਿਆਸਤੀ ਵਿਚ ਪਹਿਲੀ ਵਾਰ ਐਮ. ਏ. ਪੰਜਾਬੀ ਦੀਆਂ ਕਲਾਸਾਂ ਸ਼ੁਰੂ ਹੋਈਆਂ ਜੋ ਅਜੇ ਤੱਕ ਨਿਰੰਤਰ ਚਲ ਰਹੀਆਂ ਹਨ। ਵਿਭਾਗ ਸੰਬੰਧੀ ਇਕ ਮਹਤੱਵਪੂਰਨ ਤੱਥ ਇਹ ਹੈ ਕਿ ਇਹ ਰਿਆਸਤ ਦਾ ਇਕੋ ਇਕੋ ਵਿਭਾਗ ਹੈ ਜਿਥੇ ਐਮ. ਏ. ਪੰਜਾਬੀ, ਐਮ. ਫਿਲ ਅਤੇ ਪੀ. ਐਚ. ਡੀ ਦੀ ਪੜਾਈ ਕਰਵਾਈ ਜਾਂਦੀ ਹੈ। ਪੰਜਾਬੀ ਸਾਹਿਤਕ ਗਤੀਵਿਧੀਆਂ, ਆਲੋਚਨਾ ਅਤੇ ਖੋਜ ਕਾਰਜਾਂ ਕਰਕੇ ਵਿਭਾਗ ਦਾ ਰਿਆਸਤੀ ਵਿਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਵਿਚ ਇਕ ਅਹਿਮ ਰੋਲ ਹੈ। ਇਸ ਵਿਭਾਗ ਨੇ ਨਾਂ ਕੇਵਲ ਰਿਆਸਤ ਨੂੰ ਬਲਕਿ ਸਮੁ'ਚੇ ਪੰਜਾਬੀ ਜਗਤ ਨੂੰ ਕਈ ਵਿਦਵਾਨ ਹਸਤੀਆਂ ਦਿਤੀਆਂ ਹਨ ਅਤੇ ਅਜ ਵੀ ਵਿਭਾਗ ਪੂਰੀ ਸੁਹਿਰਦਤਾ ਨਾਲ ਇਸ ਦਿਸ਼ਾ ਵਿਚ ਕਾਰਜਸ਼ੀਲ ਹੈ।



II. **ਉਚ ਸਿਖਿਆ ਵਿਭਾਗ ਦੇ ਅੰਤਰਗਤ ਵਿਭਿੰਨ ਸਰਕਾਰੀ ਕਾਲਜ:** ਜੰਮੂ ਯੂਨੀਵਰਸਿਟੀ ਅਤੇ ਕਸ਼ਮੀਰ ਯੂਨੀਵਰਸਿਟੀ ਦੇ ਅੰਤਰਗਤ ਜੰਮੂ ਅਤੇ ਕਸ਼ਮੀਰ ਦੋਵਾਂ ਸੰਭਾਗਾਂ ਵਿਚ ਅਜਿਹੇ ਕਈ ਸਰਕਾਰੀ ਕਾਲਜ ਹਨ ਜਿੰਨ੍ਹਾਂ ਵਿਚ ਅੰਡਰ-ਗ੍ਰੈਜੂਏਟ ਪੱਧਰ 'ਤੇ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਪੜਾਇਆ ਜਾ ਰਿਹਾ ਹੈ। ਐਮ. ਏ. ਪੰਜਾਬੀ ਕਰਨ ਵਾਲੇ ਵਿਦਿਆਰਥੀਆਂ ਲਈ ਬੀ. ਏ. ਪੱਧਰ 'ਤੇ ਪੰਜਾਬੀ ਦੀ ਇਹ ਪੜਾਈ ਲਾਜ਼ਮੀ ਹੈ,ਸੋ ਇਸ ਸੰਦਰਭ 'ਚ ਇਹ ਕਾਲਜ ਅਹਿਮ ਭੂਮਿਕਾ ਨਿਭਾਉਂਦੇ ਹਨ।

III. **ਜੰਮੂ ਕਸ਼ਮੀਰ ਸਕੂਲੀ ਸਿਖਿਆ ਵਿਭਾਗ:**ਜੰਮੂ ਕਸ਼ਮੀਰ ਸਕੂਲੀ ਸਿਖਿਆ ਵਿਭਾਗ ਦੇ ਅੰਤਰਗਤ ਜੰਮੂ ਕਸ਼ਮੀਰ ਸਕੂਲੀ ਸਿਖਿਆ ਬੋਰਡ ਇਕ ਅਹਿਮ ਸੰਸਥਾ ਹੈ ਜੋ ਨਾ ਕੇਵਲ ਪਹਿਲੀ ਤੋਂ ਬਾਰਵੀਂ ਜਮਾਤ ਤਕ ਦਾ ਪਾਠ ਕ੍ਰਮ ਨਿਰਧਾਰਿਤ ਕਰਦੀ ਹੈ ਸਗੋਂ ਨਿਰਧਾਰਿਤ ਕੀਤੇ ਪਾਠਕ੍ਰਮ ਨੂੰ ਲਾਗੂ ਕਰਨਾ ਵੀ ਸੁਨਿਸ਼ਚਿਤ ਕਰਦੀ ਹੈ।੧੯੯੨ ਤੋਂ ਪਹਿਲਾਂ ਤਕ ਇਸ ਸੰਸਥਾ ਦਾ ਇਕ ਦੀਰਘ ਯੋਗਦਾਨ ਪੰਜਾਬੀ ਦੇ ਸਕੂਲੀ ਪੱਧਰ 'ਤੇ ਵਿਕਾਸ ਵਿਚ ਰਿਹਾ ਹੈ ਅਤੇ ਅੱਜ ਵੀ ਇਸ ਸੰਸਥਾਂ ਦੇ ਅੰਤਰਗਤ ਅਜਿਹੇ ਕਈ ਸਰਕਾਰੀ ਅਤੇ ਨਿੱਜੀ ਸਕੂਲ ਹਨ ਜਿੰਨਾ ਵਿਚ ਮੈਟ੍ਰਿਕ ਪੱਧਰ 'ਤੇ ਪੰਜਾਬੀ ਨੂੰ ਅਤਿਰਿਕਤ ਵਿਸ਼ੇ ਦੇ ਤੌਰ ਤੇ ਪੜਾਇਆ ਜਾਂਦਾ ਹੈ ਅਤੇ ਹਾਇਰ ਸਕੈਂਡਰੀ ਪਧਰ ਤੇ ਬਤੌਰ elective subject ਪੜਾਇਆ ਜਾ ਰਿਹਾ ਹੈ। ਪੰਜਾਬੀ ਦੀ ਮੁਢਲੀ ਵਿਦਿਆ ਲਈ ਜੰਮੂ ਕਸ਼ਮੀਰ ਸਕੂਲੀ ਸਿਖਿਆ ਵਿਭਾਗ ਦਾ ਇਕ ਅਹਿਮ ਯੋਗਦਾਨ ਮੰਨਿਆ ਜਾ ਸਕਦਾ ਹੈ।

IV. **ਰੇਡੀਓ ਅਤੇ ਦੂਰ ਦਰਸ਼ਨ:** ੧੯੭੦ ਤੱਕ ਰਿਆਸਤ ਅਤੇ ਵਿਸ਼ੇਸ਼ ਕਰਕੇ ਜੰਮੂ ਪ੍ਰਾਂਤ ਵਿਚ ਪੰਜਾਬੀ ਨੂੰ ਲੋਕ ਪ੍ਰਿਯ ਬਣਾਉਣ ਵਿਚ ਜਿ'ਥੇ ਇਕ ਪਾਸੇ ਰੇਡੀਓ ਦਾ ਯੋਗਦਾਨ ਹੈ ਉਥੇ ਦੂਰ ਦਰਸ਼ਨ ਦੇ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਰੇਡੀਓ ਅਤੇ ਦੂਰਦਰਸ਼ਨ ਦੇ ਮਾਧਿਅਮ ਨਾਲ ਜੀ ਪੰਜਾਬੀ ਨਾਟਕ, ਟੈਲੀ ਫਿਲਮਾਂ, ਟਾਕ ਸ਼ੋਅ, ਪੰਜਾਬੀ ਖਬਰਾਂ ਅਤੇ ਦੂਸਰੇ ਸਾਹਿਤਕ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਆ ਰਹੇ ਹਨ ਜਿਸ ਕਰਕੇ ਪੰਜਾਬੀ ਜਨ ਸਾਧਾਰਨ ਵਿਚ ਪ੍ਰਚਾਰਿਤ ਅਤੇ ਪ੍ਰਸਾਰਿਤ ਹੁੰਦੀ ਆ ਰਹੀ ਹੈ।

**Check Your Progress**

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

੧. ਜੰਮੂ-ਕਸ਼ਮੀਰ ਕਲਚਰਲ ਅਕੈਡਮੀ ਕਿਹੜੇ ਕਿਹੜੇ ਰਸਾਲੇ ਛਾਪਦਾ ਹੈ ?

੨. ਜੰਮੂ-ਕਸ਼ਮੀਰ ਕਲਚਰਲ ਅਕੈਡਮੀ ਦੀ ਸਥਾਪਨਾ ਕਦੋਂ ਹੋਈ?

੩. ਜੰਮੂ ਕਸ਼ਮੀਰ ਦੇ ਕਿਹੜੇ-ਕਿਹੜੇ ਵਿਦਿਅਕ ਅਦਾਰਿਆਂ ਨੇ ਪੰਜਾਬੀ ਦੇ ਲਈ ਯੋਗਦਾਨ ਪਾਇਆ ਹੈ ?

## ੨. ਗ਼ੈਰ ਸਰਕਾਰੀ ਸੰਸਥਾਵਾਂ

ਸਰਕਾਰੀ ਸੰਸਥਾਵਾਂ ਦੇ ਇਲਾਵਾ ਕਈ ਗ਼ੈਰ ਸਰਕਾਰੀ ਸੰਸਥਾਵਾਂ ਵੀ ਹਨ ਜਿਨਾਂ ਦੇ ਸਾਰਥਕ ਯਤਨਾਂ ਕਰਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੇ ਰਿਆਸਤੀ ਵਿਚ ਆਪਣੀ ਵਿਸ਼ੇਸ਼ ਪਹਿਚਾਨ ਨੂੰ ਨਾ ਕੇਵਲ ਬਚਾਇਆ ਹੈ ਬਲਕਿ ਇਕ ਵਿਸ਼ੇਸ਼ ਮੁਕਾਮ ਉਤੇ ਕਾਇਮ ਵੀ ਕੀਤਾ ਹੈ। ਇਨ੍ਹਾਂ ਸੰਸਥਾਵਾਂ ਵਿਚੋਂ ਕੁਝ ਪ੍ਰਮੁੱਖ ਹੇਠ ਲਿਖੀਆਂ ਅਨੁਸਾਰ ਇਸ ਤਰ੍ਹਾਂ ਹਨ;

I. **ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ:** ਰਿਆਸਤ ਜੰਮੂ ਕਸ਼ਮੀਰ ਵਿਚ ਪੰਜਾਬੀ ਸਾਹਿਤ ਸਭਾ ਕਸ਼ਮੀਰ ਦਾ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਵਿਚ ਇਕ ਵਿਸ਼ੇਸ਼ ਯੋਗਦਾਨ ਰਿਹਾ ਹੈ।੧੯੫੭ ਤੋਂ ਲੈਕੇ ਹੁਣ ਤਕ ਇਹ ਸੰਸਥਾ ਪੰਜਾਬੀ ਦੇ ਸਰਬਪੱਖੀ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਹੈ।ਇਸ ਸਭਾ ਦਾ ਆਪਣਾ ਕਿ ਦਫ਼ਤਰ ਹੈ, ਆਪਣੀ ਇਕ ਲਾਇਬ੍ਰੇਰੀ ਹੈ ਅਤੇ ਕਦੇ ਇਸ ਸਭਾ ਕੋਲ ਪੰਜਾਬੀ ਦਾ ਆਪਣਾ ਟਾਈਪ ਰਾਈਟਰ ਵੀ ਸੀ।ਆਪਣੇ ਆਰੰਭ ਤੋਂ ਲੈਕੇ ਹੁਣ ਤੱਕ ਇਸ ਸਭਾ ਦੀਆਂ ਕਈ ਮਹਤੱਵਪੂਰਣ ਸਾਹਿਤਕ ਗਤੀਵਿਧੀਆਂ ਦਾ ਸੁਨਹਿਰੀ ਇਤਿਹਾਸ ਹੈ।੧੯੬੪ ਵਿਚ ਇਸ ਸਭਾ ਨੂੰ ਜੰਮੂ ਕਸ਼ਮੀਰ ਕਲਚਰ ਅਕੈਡਮੀ ਵਲੋਂ ਮਾਨਤਾ ਦੇ ਕੇ ਮਾਲੀ ਸਹਾਇਤਾ ਦੇਣੀ ਆਰੰਭ ਕੀਤੀ ਗਈ ਜਿਸ ਕਰਕੇ ਇਸ ਸਭਾ ਨੂੰ ਹੋਰ ਹੁਲਾਰਾ ਮਿਲਿਆ ਅਤੇ ਇਸ ਸਭਾ ਦਾ ਘੇਰਾ ਨਿਰੰਤਰ ਵਿਸ਼ਾਲ ਹੁੰਦਾ ਗਿਆ।ਸਭਾ ਦੇ ਮੈਬਰਾਂ ਵਲੋਂ ਆਰੰਭੀਆਂ ਸਾਹਿਤਕ ਸਰਗਰਮੀਆਂ ਕਰਕੇ ਹੀ ਕਸ਼ਮੀਰ ਦੇ ਬਾਕੀ ਇਲਾਕਿਆਂ ਵਿਚ ਸਥਾਨਕ ਸਾਹਿਤਕ ਸਭਾਵਾਂ ਹੋਂਦ ਵਿਚ ਆਉਣੀਆਂ ਆਰੰਭ ਹੋ ਗਈਆਂ। ਸਭਾ ਨੇ ਕਈ ਕਿਤਾਬਾਂ ਨੂੰ ਵੀ ਪ੍ਰਕਾਸ਼ਿਤ ਕੀਤਾ ਅਤੇ ਸਭਾ ਵਲੋਂ ੧੯੬੯ ਤੋਂ ਹੁਣ ਤਕ ਲਗਾਤਾਰ ਤ੍ਰੈਮਾਸਿਕ ਰਸਾਲਾ "ਹਿਮਾਲ" ਛਾਪਿਆ ਜਾ ਰਿਹਾ ਹੈ।

II. **ਪੰਜਾਬੀ ਸਾਹਿਤ ਸਭਾ, ਬਾਰ੍ਹਾਮੂਲਾ:** ਇਸ ਸੰਸਥਾ ਦਾ ਜਨਮ ਵਿਹਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਖਰੀ ਸਾਲਾਂ ਵਿਚ ਹੋਇਆ। ਇਸ ਸਭਾ ਦਾ ਗਠਨ **ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰ**ਦੇ ਸਹਿਯੋਗ ਨਾਲ ਹੋਇਆ। ਮੁੱਢਲੇ ਦੌਰ ਵਿਚ ਇਸ ਸਭਾ ਨਾਲ ਸਥਾਨਕ ਅਧਿਆਪਕ, ਪ੍ਰੋਫ਼ੈਸਰ, ਕਵੀ, ਲੇਖਕ ਅਤੇ ਸਾਹਿਤ ਨਾਲ ਪ੍ਰੇਮ ਰੱਖਣ ਵਾਲੇ ਸੱਜਣ ਇਸ ਸਭਾ ਨਾਲ ਜੁੜੇ ਅਤੇ ਬਾਰ੍ਹਾਮੂਲਾ ਵਿਚ ਸਾਹਿਤਕ ਗਤੀਵਿਧੀਆਂ ਨੂੰ ਪ੍ਰਫੁਲਿਤ ਕਰਨ ਦਾ ਯਤਨ ਕੀਤਾ। ਇਸ ਸਭਾ ਨੇ ਵੀ ਕਈ ਕਾਨਫ਼ਰੰਸਾਂ ਦਾ ਸਫ਼ਲ ਆਯੋਜਨ ਕੀਤਾ। ਸਭਾ ਵਲੋਂ 'ਸਤੀਸਰ' ਨਾਂ ਦਾ ਸਾਹਿਤਕ ਪੱਤਰ ਵੀ ਕਢਿਆ ਜਾਂਦਾ ਰਿਹਾ ਹੈ।

III. **ਪੰਜਾਬੀ ਲੇਖਕ ਸਭਾ, ਤਰਾਲ:** ਜੰਮੂ ਕਸ਼ਮੀਰ ਪੰਜਾਬੀ ਸਾਹਿਤ ਸਭਾ, ਸ੍ਰੀਨਗਰਦੀ ਪ੍ਰੇਰਨਾ ਸਦਕਾ ਹੀ ਦੱਖਣੀ ਕਸ਼ਮੀਰ ਦੇ ਕਸਬੇ ਤਰਾਲ ਵਿੱਖੇ ਹੀ ਵਿਹਵੀਂ ਸਦੀ ਦੇ ਸੱਤਵੇਂ ਦਹਾਕੇ 'ਚ ਲੇਖਕ ਸਭਾ ਤਰਾਲ ਹੋਂਦ ਵਿਚ ਆਈ। ਇਸ ਸਭਾ ਨੇ ਕਈ ਸਾਹਿਤਕ ਮਿਲਣੀਆਂ ਅਤੇ ਕਾਨਫ਼੍ਰੰਸਾਂ ਦਾ ਸਫ਼ਲ ਆਯੋਜਨ ਕੀਤਾ। ਇਸ ਸਭਾ ਦਾ ਆਪਣੇ ਇਲਾਕੇ ਵਿਚ ਕੁਝ ਦੇਰ ਬਹੁਤ



ਪ੍ਰਭਾਵ ਰਿਹਾ ਪਰ ਬਾਅਦ ਵਿਚ ਇਹ ਸਭਾ ਦੋ ਧੜਿਆਂ ਵਿਚ ਵੰਡੀ ਗਈ ਜਿਸ ਕਰਕੇ ਪਿਛਲੇ ਲੰਮੇ ਅਰਸੇ ਤੋਂ ਇਸ ਵਲੋਂ ਕੋਈ ਵਿਸ਼ੇਸ਼ ਸਾਹਿਤਕ ਗਤੀਵਿਧੀ ਦੇਖਣ ਨੂੰ ਨਹੀਂ ਮਿਲੀ।

IV. **ਪੰਜਾਬੀ ਲੇਖਕ ਸਭਾ ਜੰਮੂ:** ਪੰਜਾਬੀ ਲੇਖਕ ਸਭਾ, ਜੰਮੂ ੧੯੪੭ ਤੋਂ ਪਹਿਲਾਂ ਵਿਜੈ ਸੁਮਨ ਦੇ ਯਤਨਾਂ ਸਦਕਾ 'ਪੰਜਾਬੀ ਕਵੀ ਦਰਬਾਰ' ਦੇ ਨਾਂ ਹੇਠ ੧੯੩੮ ਨੂੰ ਹੋਂਦ ਵਿਚ ਆਈ ਜੋ ਬਾਅਦ ਵਿਚ ਪੰਜਾਬੀ ਸਾਹਿਤ ਸਭਾ ਅਤੇ ਪੰਜਾਬੀ ਲੇਖਕ ਸਭਾ ਜੰਮੂ ਦੇ ਨਾਂ ਨਾਲ ਪ੍ਰਸਿੱਧ ਹੋਈ ਅਤੇ ਜਿਸ ਨਾਲ ਅਗੇ ਚੱਲ ਕੇ ਕਈ ਪ੍ਰਮੁੱਖ ਸਾਹਿਤਕ ਸਖ਼ਸ਼ੀਅਤਾਂ ਜੁੜਦੀਆਂ ਗਈਆਂ। ਜੰਮੂ ਪ੍ਰਾਂਤ ਦਾ ਸਾਰੇ ਦਾ ਸਾਰਾ ਇਲਾਕਾ ਪੰਜਾਬੀ ਬੋਲਦਾ ਇਲਾਕਾ ਹੈ। ਜੰਮੂ ਅਤੇ ਰਣਬੀਰ ਸਿੰਘ ਪੁਰਾ ਦਾ ਇਲਾਕਾ ਠੇਠ ਪੰਜਾਬੀ ਬੋਲਦਾ ਇਲਾਕਾ ਹੈ ਜਿਸ ਕਰਕੇ ਇਹ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਸੰਬੰਧਿਤ ਗਤੀਵਿਧੀਆਂ ਦਾ ਕੇਂਦਰ ਬਣਿਆ ਰਿਹਾ ਹੈ ਅਤੇ ਅੱਜ ਵੀ ਬਣਿਆ ਹੋਇਆ ਹੈ। ੧੯੭੪ ਦੇ ਰੋਲਿਆਂ ਦੋਰਾਣ ਕੁਝ ਦੇਰ ਦੀ ਚੁੱਪ ਦੇ ਬਾਅਦ ਫਿਰ ਇਸ ਸੰਸਥਾ ਨੇ ੧੯੫੭ ਵਿਚ ਇਕ ਕਾਨਫ਼ਰੰਸ ਕਰਵਾਈ ਪਰ ਫਿਰ ਅਗਲੇ ਲਗਭਗ ਅੱਠ ਸਾਲ ਕੋਈ ਖਾਸ ਕਾਰਜ ਸਾਹਮਣੇ ਨਹੀਂ ਆਇਆ। ਫਿਰ ੧੯੬੮ ਵਿਚ ਰਘਵੀਰ ਸਿੰਘ ਮੁਕੱਤ ਦੀ ਅਗਵਾਈ ਹੇਠ ਇਸ ਸਭਾ ਵਲੋਂ ਆਲ ਇੰਡੀਆ ਪੰਜਾਬੀ ਸਾਹਿਤਕ ਕਾਨਫ਼ਰੰਸ ਕਰਵਾਈ ਜਿਸ ਵਿਚ ਪੰਜਾਬ ਤੋਂ ਕਈ ਉਘੇ ਸਾਹਿਤਕਾਰਾਂ ਦੇ ਭਾਗ ਲਿਆ। ਸਮੇਂ ਸਮੇਂ ਸਿਰ ਪੰਜਾਬ ਅਤੇ ਭਾਰਤ ਦੇ ਦੂਸਰੇ ਖਿਤਿਆਂ ਦੇ ਪੰਜਾਬੀ ਵਿਦਵਾਨਾਂ ਨੇ ਪੰਜਾਬੀ ਲੇਖਕ ਸਭਾ ਨੂੰ ਨਾ ਕੇਵਲ ਯੋਗਦਾਨ ਦਿੱਤਾ ਸਗੋਂ ਪ੍ਰੇਰਨਾ ਵੀ ਦਿੱਤੀ। ਸਨ ੧੯੭੮ ਵਿਚ ਇਸ ਸੱਭਾ ਨੂੰ ਰਜਿਸਟਰ ਕਰਵਾ ਲਿਆ ਗਿਆ ਅਤੇ ਐਮ. ਸੀ. ਖਾਲਸਾ ਕਾਲਜ ਵਿਖੇ ਇਸ ਦਾ ਦਫਤਰ ਅਤੇ ਲਾਇਬ੍ਰੇਰੀ ਖੋਲੀ ਗਈ। ਅੱਜ ਕਲ ਇਸ ਸਭਾ ਦੀ ਰਾਣੀਤਲਾ ਜੰਮੂ ਵਿਖੇ ਇਕ ਵੱਡ ਆਕਾਰੀ ਬਿਲਡਿੰਗ ਦਾ ਨਿਰਮਾਣ ਹੋ ਰਿਹਾ ਹੈ। ਜੰਮੂ ਵਿਚ ਇਹ ਸਭਾ ਨਿਰੰਤਰ ਕਾਰਜਸ਼ੀਲ ਹੈ ਜਿਸਦੀ ਹਰ ਮਹਿਨੇ ਦੇ ਦੂਜੇ ਅਤੇ ਚੌਥੇ ਐਤਵਾਰ ਨੂੰ ਸਾਹਿਤਕ ਮਿਲਣੀ ਹੁੰਦੀ ਹੈ ਅਤੇ ਲਗਭਗ ਹਰ ਮਹੀਨੇ ਕਿਸੇ ਖਾਸ ਪ੍ਰੋਗਰਾਮ ਦਾ ਆਯੋਜਨ ਵੀ ਸਭਾ ਕਰਦੀ ਹੀ ਹੈ।

V. **ਪੰਜਾਬੀ ਸਾਹਿਤ ਸਭਾ, ਰਣਬੀਰ ਸਿੰਘ ਪੁਰਾ (ਜੰਮੂ):** ਪੱਛਮੀ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਨਾਲ ਲੱਗਦੀ ਜੰਮੂ ਦੀ ਤਹਸੀਲ **ਰਣਬੀਰ ਸਿੰਘ ਪੁਰਾ**ਠੇਠ ਪੰਜਾਬੀ ਬੋਲਦਾ ਇਲਾਕਾ ਹੋਣ ਕਰਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪੱਖੋਂ ਬਹੁਤ ਹੀ ਅਜ਼ੀਮ ਹੈ। ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਸਨ ੧੯੬੩ ਵਿਚ ਇਥੇ **ਪੰਜਾਬੀ ਸਾਹਿਤ ਸਭਾ, ਰਣਬੀਰ ਸਿੰਘ ਪੁਰਾ** ਦੀ ਸਥਾਪਨਾ ਕੀਤੀ ਗਈ। ਇਸ ਸਭਾ ਦੇ ਪਹਿਲੇ ਪ੍ਰਧਾਨ ਉਜਾਗਰ ਸਿੰਘ ਮਹਿਕ ਅਤੇ ਸਕੱਤਰ ਮਾਨ ਸਿੰਘ ਭਾਰਗਵ ਸੀ। ਇਸ ਸਭਾ ਨੇ ਵੀ ਵਿਭਿੰਨ ਸਤੀਵਿਧੀਆਂ ਰਾਹੀਂ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੱਡਾ ਯੋਗਦਾਨ ਹੈ।

VI. ਪੰਜਾਬੀ ਸਾਹਿਤ ਸਭਾ, ਪੁਣਛ: ਜੰਮੂ ਕਸ਼ਮੀਰ ਦੇ ਪੰਜਾਬੀ ਬੋਲਦੇ ਇਲਾਕੇ ਦਾ ਮਹਤੱਵਪੂਰਣ ਖੇਤਰ ਪੁਣਛ ਹੈ ਜਿਸ ਦੀਆਂ ਹੱਦਾਂ ਪੱਛਮੀ ਪੰਜਾਬ ਨਾਲ ਮਿਲਦੀਆਂ ਹਨ ਜਿਸ ਕਰਕੇ ਇਥੇ ਪੰਜਾਬੀ ਸਾਹਿਤ ਸਿਰਜਣਾ ਦਾ ਆਪਣਾ ਇਕ ਦੀਰਘ ਇਤਿਹਾਸ ਅਤੇ ਅਮੀਰ ਪਰੰਪਰਾ ਰਹੀ ਹੈ। ਇਸ ਇਲਾਕੇ ਵਿਚ ਹੀ ਗਿਆਨੀ ਬੁੱਧ ਸਿੰਘ ਦੇ ਯਤਨਾਂ ਕਰਕੇ ਸਨ ੧੯੨੧-੨੨ ਵਿਚ ਪੰਜਾਬੀ ਸਾਹਿਤ ਸਭਾ ਦੀ ਨੀਂਹ ਰਖੀ ਗਈ। ੧੯੪੭ ਦੀਆਂ ਰਾਜਨੀਤਿਕ ਪਰਿਸਥਿਤੀਆਂ ਇਸ ਸਭਾ ਲਈ ਕਈ ਔਕੜਾਂ ਲੈਕੇ ਆਈਆਂ। ਇਸ ਸਭਾ ਦਾ ਪੰਜਾਬੀ ਭਾਸ਼ਾ ਲਈ ਕੋਈ ਵਰਣਨ ਯੋਗ ਯੋਗਦਾਨ ਤਾਂ ਨਹੀਂ ਹੈ ਪਰ ਫਿਰ ਵੀ ਆਪਣੇ ਮੁਢਲੇ ਦੌਰ ਵਿਚ ਇਸ ਨੇ ਕੁਝ ਕੁ ਯਤਨ ਜ਼ਰੂਰ ਕੀਤੇ ਹਨ।

VII. ਰਿਆਸਤੀ ਦੀਆਂ ਪ੍ਰਮੁੱਖ ਨਾਟ ਮੰਡਲੀਆਂ ਦਾ ਵੀ ਰਿਆਸਤੀ ਪੰਜਾਬੀ ਰੰਗਮੰਚ ਨੂੰ ਵਿਕਸਿਤ ਕਰਨ ਵਿਚ ਇਕ ਅਹਿਮ ਰੋਲ ਰਿਹਾ ਹੈ।ਸੰਨ੍ਹ ੧੯੭੭ ਵਿਚ ਦੇਵਿੰਦਰ ਸਿੰਘ ਜੀ ਨੇ ਰਿਆਸਤ ਵਿਚ ਪਹਿਲੀ ਨਾਟ ਮੰਡਲੀ ਬਲਰਾਜ ਸਾਹਨੀ ਰੰਗਮੰਚ ਦੀ ਸਥਾਪਨਾ ਕੀਤੀ। ਅਜੋਕੇ ਦੌਰ ਵਿਚ ਮਨੋਰੰਜਨ ਕਲਾ ਕੇਂਦਰ ਅਤੇ IPTA ਦੋ ਪ੍ਰਮੁੱਖ ਨਾਟ ਸੰਸਥਾਵਾਂ ਹਨ ਜੋ ਅਜ ਵੀ ਸਰਗਰਮ ਹਨ।

## 10.4 (Summary) ਨਿਸ਼ਕਰਸ਼:

ਉਪਰੋਕਤ ਚਰਚਾ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਭਾਸ਼ਾਈ ਦ੍ਰਿਸ਼ਟੀ ਤੋਂ ਜੰਮੂ-ਕਸ਼ਮੀਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਦਾ ਹਰ ਇਕ ਨਿਵਾਸੀ ਬਹੁ-ਭਾਸ਼ਾਈ ਹੈ, ਜੋ ਇਕ ਤੋਂ ਵਧੇਰੇ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਹੈ ਅਤੇ ਆਪਣੇ ਨਿਤ ਦੇ ਜੀਵਨ ਵਿਚ ਇਨ੍ਹਾਂ ਦੀ ਵਰਤੋਂ ਕਰਦਾ ਹੈ।ਰਿਆਸਤ ਦੀਆਂ ਇਨ੍ਹਾਂ ਭਾਸ਼ਾਂਵਾਂ ਵਿਚੋਂ ਪੰਜਾਬੀ ਇਕ ਅਜਿਹੀ ਭਾਸ਼ਾ ਹੈ ਜੋ ਸੰਚਾਰ ਦੀ ਦ੍ਰਿਸ਼ਟੀ ਤੋਂ ਲਗਭਗ ਸਾਰੇ ਖੇਤਰਾਂ ਵਿਚ ਬੋਲੀ ਤੇ ਸਮਝੀ ਜਾਂਦੀ ਹੈ।ਦੂਜੀਆਂ ਭਾਸ਼ਾਵਾਂ ਦੇ ਨਾਲ-ਨਾਲ ਰਿਆਸਤ ਵਿਚ ਪੰਜਾਬੀ ਸਾਹਿਤ ਵੀ ਉਚ ਮਿਆਰ ਦਾ ਲਿਖਿਆ ਜਾ ਰਿਹਾ ਹੈ ਅਤੇ ਇਸ ਦਾ ਇਤਿਹਾਸਿਕ ਪਿਛੋਕੜ ਵੀ ਕਈ ਸਦੀਆਂ ਪੁਰਾਣਾ ਹੈ ਅਤੇ ਇਸ ਅਮੀਰ ਸਾਹਿਤਕ ਪਰੰਪਰਾ ਅਤੇ ਵਿਦਿਅਕ ਪੱਧਰ ਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਪ੍ਰਚਾਰਣ ਪ੍ਰਸਾਰਣ ਵਿਚ ਰਿਆਸਤ ਦੀਆਂ ਕਈ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦਾ ਵਿਸ਼ੇਸ਼ ਯੋਗਦਾਨ ਹੈ।

## 10.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਤ੍ਰੈਮਾਸਿਕ - ਤਿੰਨ ਮਹੀਨਿਆਂ ਵਿਚ ਇਕ ਬਾਰ ਛੱਪਣ ਵਾਲਾ

ਰੂਬਰੂ - ਸਾਹਮਣਾ/ ਸਨਮੁੱਖ

ਸਮਕਾਲ - ਵਰਤਮਾਣ

ਨੀਮ - ਅਰਧ ਜਾਂ semi



ਪਾਠਕ੍ਰਮ - ਸਲੇਬਸ

ਸ਼ੈਲੀ - ਸਟਾਇਲ

ਔਕੜ - ਪਰੇਸ਼ਾਨੀ, ਮੁਸ਼ਕਿਲ

## 1.6 Lesson End Exercise

1. ਰਿਆਸਤੀ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਸਰਕਾਰੀ ਅਦਾਰਿਆਂ ਦੇ ਯੋਗਦਾਨ ਬਾਰੇ ਜਾਣਕਾਰੀ ਦਿਉ।
2. ਰਿਆਸਤੀ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਗੈਰ ਸਰਕਾਰੀ ਅਦਾਰਿਆਂ ਦੇ ਯੋਗਦਾਨ ਬਾਰੇ ਜਾਣਕਾਰੀ ਦਿਉ।
3. ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਲੋਂ ਪ੍ਰਕਾਸ਼ਿਤ ਰਸਾਲਿਆਂ ਬਾਰੇ ਜਾਣਕਾਰੀ ਦਿਉ।

## 1.7References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।
- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿੱਲੀ। 2003 ।
- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ)* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 1.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

ਵਿਦਿਆਰਥੀਆਂ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਉਹ ਜੰਮੂ-ਕਸ਼ਮੀਰ ਦੇ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਯੋਗਦਾਨ ਨੂੰ ਸਮਝਣ ਲਈ ਇਨ੍ਹਾਂ ਸੰਸਥਾਵਾਂ ਵਲੋਂ ਸਮੇਂ ਸਮੇਂ ਸਿਰ ਪ੍ਰਕਾਸ਼ਿਤ ਕੀਤੇ ਜਾਂਦੇ ਰਸਾਲਿਆਂ ਅਤੇ ਪਰਚਿਆਂ ਨੂੰ ਜ਼ਰੂਰ ਪੜਿਆ ਜਾਵੇ।

....................

# 'ਰਿਆਸਤੀ ਪੰਜਾਬੀ ਸਾਹਿਤ ਲੇਖਣ ਦੀਆਂ ਸਮੱਸਿਆਵਾਂ'

**Unit-III** **Lesson No: 11**

## STRUCTURE :

11.1 Introduction (ਜਾਣ-ਪਛਾਣ)

11.2 Objective (ਉਦੇਸ਼)

11.3 Content (ਰਿਆਸਤੀ ਪੰਜਾਬੀ ਸਾਹਿਤ ਲੇਖਣ ਦੀਆਂ ਸਮੱਸਿਆਵਾਂ)

11.4 Summary (ਨਿਸ਼ਕਰਸ਼)

11.5 Glossary/Keywords (ਔਖੇ ਸ਼ਬਦਾਂ ਦੇ ਅਰਥ)

11.6 Lesson End Exercise

11.7 References (ਸਹਾਇਕ ਗ੍ਰੰਥਾਵਲੀ)

11.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)



## 11.1 Introduction (ਜਾਣ-ਪਛਾਣ)

ਸਾਹਿਤ ਦੀ ਇਤਿਹਾਸਕਾਰੀ ਸਾਹਿਤ ਅਧਿਐਨ ਦਾ ਇੱਕ ਮਹੱਤਵਪਰਨ ਹੈ।ਇਤਿਹਾਸ ਦਾ ਸੰਬੰਧ ਮਨੁੱਖੀ ਜੀਵਨ ਦੀਆਂ ਘਟਨਾਵਾਂ ਨਾਲ ਹੁੰਦਾ ਹੈ ਜਦਕਿ ਸਾਹਿਤ ਦਾਂ ਇਤਿਹਾਸ ਸਾਹਿਤਿਕ ਕਿਰਤਾਂ ਨੂੰ ਅਧਿਐਨ ਦਾ ਕੇਂਦਰ ਬਿੰਦ ਬਣਾਉਂਦਾ ਹੈ।ਸਾਹਿਤ ਦਾ ਇਤਿਹਾਸ ਕਿਸੇ ਭਾਸ਼ਾ ਦੇ ਸਾਹਿਤ ਰਪਾਂ ਦੇ ਨਿਕਾਸ ਤੇ ਵਿਕਾਸ ਦਾ ਅੱਧਿਐਨ ਕਰਦਾ ਹੈ। ਸਾਹਿਤ ਦੀ ਇਤਿਹਾਸਕਾਰੀ ਦਾ ਕੰਮ ਤੋਂ ਵੱਰਤਮਾਨ ਤੱਕ ਦੇ ਸਾਹਿਤ ਨੂੰ ਵੱਖ ਵੱਖ ਆਲੋਚਨਾ ਦ੍ਰਿਸ਼ਟੀਆਂ ਤੋਂ ਸਰਵੇਖਣ ਤੇ ਮੁਲਾਂਕਣ ਕਰਕੇ ਕਾਲਕ੍ਰਮ ਵਿੱਚ ਪੇਸ਼ ਕਰਨਾ ਹੈ।

## 11.2 Objective (ਉਦੇਸ਼)

ਇਸ ਪਾਠ ਦਾ ਉਦੇਸ਼ ਸਾਹਿਤ ਦੀ ਇਤਿਹਾਸਕਾਰੀ ਦੇ ਸੰਕਲਪ ਅਤੇ ਇਸਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਕਰਦਿਆਂ ਦਰਪੇਸ਼ ਚੁਣੌਤੀਆਂ ਅਤੇ ਸਮੱਸਿਆਵਾਂ ਦੇ ਕਾਰਨਾਂ ਨੂੰ ਸਮਝਣਾ ਅਤੇ ਇਨ੍ਹਾਂ ਦੇ ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਰੀ ਉੱਤੇ ਪਏ ਪ੍ਰਭਾਵਾਂ ਦੀ ਵਿਆਖਿਆ ਕਰਨਾ ਹੈ।

## 11.3 Content (ਰਿਆਸਤੀ ਪੰਜਾਬੀ ਸਾਹਿਤ ਲੇਖਣ ਦੀਆਂ ਸਮਸਿਆਵਾਂ)

### 11.3.1 ਸਾਹਿਤ ਦੀ ਇਤਿਹਾਸਕਾਰੀ : ਪਰਿਭਾਸ਼ਾ ਅਤੇ ਸੰਕਲਪ

- ਡਾ. ਹਰਭਜਨ ਸਿੰਘ ਭਾਟੀਆ ਅਨੁਸਾਰ, "ਸਹਿਤ ਦੀ ਇਤਿਹਾਸਕਾਰੀ ਤੱਥ ਲੱਭਤ ਤੋਂ ਲੈ ਕੇ ਤੱਥ ਚੋਣ, ਤੱਥਾਂ ਦੇ ਵਰਗੀਕਰਨ, ਵਿਆਖਿਆ, ਵਿਸ਼ਲੇਸ਼ਣ, ਪ੍ਰਵਾਹਸ਼ੀਲਤਾ ਅਥਵਾ ਰਚਨਾਵਾਂ ਦੀ ਮੌਲਿਕਤਾ ਅਤੇ ਸਾਹਿਤਿਕ ਪ੍ਰਾਪਤੀ ਦੀ ਪਛਾਣ ਲਈ ਉਨਾਂ ਨੂੰ ਪਰੰਪਰਾ ਵਿੱਚ ਟਿਕਾ ਕੇ ਦੇਖਣ, ਵਿਧਾ ਦੇ ਦਾਇਰਿਆਂ ਦੇ ਉਦਭਵ, ਵਿਕਾਸ, ਚਰਮ ਸੀਮਾ ਅਤੇ ਸਮਾਪਤੀ ਦੇ ਕਾਰਨਾਂ ਦੀ ਢੂੰਡ ਭਾਲ, ਕਾਲ ਵੰਡ ਅਤੇ ਉਸਦੇ ਨਾਮਕਰਣ ਤੱਕ ਦੇ ਵੇਰਵਿਆਂ ਨੂੰ ਆਪਣੀ ਵਲਗਣ ਵਿੱਚ ਸੱਮੇਟਦੀ ਹੈ।"

* ਡਾ. ਤੇਜਵੰਤ ਗਿੱਲ ਅਨੁਸਾਰ, "ਸਾਹਿਤ ਦੀ ਇਤਿਹਾਸਕਾਰੀ ਦਾ ਮੰਤਵ ਸਾਹਿਤ ਦੇ ਉਦਭਵ , ਵਿਕਾਸ , ਗੁਣ ਤੇ ਮਹੱਤਵ ਨੂੰ ਇਤਿਹਾਸਿਕ ਪਰਿਪੇਖ ਵਿੱਚ ਪਛਾਨਣਾ ਹੈ।"

* ਡਾ. ਨਰਿੰਦਰ ਸਿੰਘ ਅਨੁਸਾਰ, "ਸਾਹਿਤ ਦੀ ਇਤਿਹਾਸਕਾਰੀ ਵਿੱਚ ਇਤਿਹਾਸਿਕ ਅਗਰਭੂਮੀ ਜਾਂ ਪਿਛੋਕੜ ਨੇ ਸੁਤੰਤਰ ਵਰਤਾਰਾ ਨਾ ਹੋ ਕੇ ਸਾਹਿਤਿਕ ਵਿਧਾਵਾਂ, ਸਿਰਜਨਾ ਰੁੜੀਆਂ, ਤਕਨੀਕੀ ਨਿਯਮਾਂ, ਵਿਚਾਰਧਾਰਕ ਪਰੰਪਰਾਵਾਂ, ਸ਼ੈਲੀਗਤ ਵਿੱਲਖਣਤਾਵਾਂ ਦੇ ਉਦਗਮ ਅਤੇ ਵਿਕਾਸ ਦੇ ਗਤੀਸ਼ੀਲ ਆਧਾਰ ਵਜੋਂ ਪੇਸ਼ ਹੋਣਾ ਹੁੰਦਾ ਹੈ।"

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਸਾਹਿਤ ਦੀ ਇਤਿਹਾਸਕਾਰੀ ਦੇ ਸੰਕਲਪ ਅਤੇ ਮਹੱਤਵ ਸੰਬੰਧੀ ਜਿਹੜੇ ਪ੍ਰਮੁੱਖ ਨੁਕਤੇ ਦ੍ਰਿਸ਼ਟੀਗੋਚਟਰ ਹੁੰਦੇ ਹਨ ਉਹ ਇਸ ਪ੍ਰਕਾਰ ਹਨ:

I. ਕਿਸੇ ਵੀ ਭਾਸ਼ਾ ਦੇ ਸਾਹਿਤ ਦੇ ਕ੍ਰਮਕ ਵਿਕਾਸ ਦੀ ਗਤੀਸ਼ੀਲਤਾ ਅਤੇ ਮੌਲਿਕਤਾ ਨੂੰ ਸਮਝਣ ਲਈ ਸਾਹਿਤ ਦੀ ਇਤਿਹਾਸਕਰੀ ਇਕ ਵਿਸ਼ੇਸ ਅਤੇ ਮਹੱਤਵਪੂਰਣ ਅਨੁਸ਼ਾਸਨ ਹੈ।

II. ਸਾਹਿਤ ਦੀ ਇਤਿਹਾਸਕਾਰੀ ਰਾਹੀਂ ਹੀ ਕਿਸੇ ਵੀ ਭਾਸ਼ਾ ਦੇ ਸਾਹਿਤ ਵਿਚ ਇਤਿਹਾਸਕ ਤੌਰ ਤੇ ਆਏ ਬਦਲਾਵਾਂ ਅਤੇ ਸਮੇਂ ਸਮੇਂ ਸਿਰ ਸਾਹਿਤਕਾਰਾਂ ਵਲੋਂ ਗ੍ਰਹਿਣ ਕੀਤੇ ਵਿਚਾਰਧਾਰਕ ਅਤੇ ਤਕਨੀਕੀ ਪ੍ਰਭਾਵਾਂ ਨੂੰ ਪਛਾਣਿਆ ਜਾ ਸਕਦਾ ਹੈ।

III. ਸਾਹਿਤ ਦੀ ਇਤਿਹਾਸਕਾਰੀ ਹੀ ਅਜਿਹਾ ਸਾਧਨ ਹੈ ਜਿਸ ਰਾਹੀਂ ਕਿਸੇ ਵੀ ਸਾਹਿਤ ਵਿਚ ਵੱਖੋ-ਵਖਰੀਆਂ ਸਾਹਿਤਕ ਵਿਧਾਵਾਂ, ਸਾਹਿਤਕ ਰੂਪਾਂ ਅਤੇ ਸ਼ੈਲੀਆਂ ਦੇ ਉਪਜਣ, ਪ੍ਰਚੱਲਤ ਰਹਿਣ ਅਤੇ ਅੰਤ ਵਿਨਸੇ ਜਾਣ ਦੇ ਕਾਰਨਾਂ ਦੀ ਪਛਾਣ ਕੀਤੀ ਜਾ ਸਕਦੀ ਹੈ।

IV. ਇਹ ਸਾਹਿਤ ਦੀ ਇਤਿਹਾਸਕਾਰੀ ਹੀ ਹੈ ਜਿਸ ਰਾਹੀਂ ਕਿਸੇ ਭਾਸ਼ਾ ਦੇ ਸਾਹਿਤ ਅੰਦਰ ਵਿਭਿੰਨ ਸਾਹਿਤਕਾਰਾਂ ਦੇ ਦੀਰਘ ਸਾਹਿਤਕ ਯੋਗਦਾਨ ਨੂੰ ਜਾਣਿਆ, ਸਮਝਿਆ ਅਤੇ ਕਲਮਬੰਦ ਕੀਤਾ ਜਾ ਸਕਦਾ ਹੈ।



V. ਸਾਹਿਤ ਦੀ ਇਤਿਹਾਸਕਾਰੀ ਵਿਚ ਕਿਸੇ ਵੀ ਸਾਹਿਤ ਦੇ ਸਾਹਿਤਕ ਤੱਥਾਂ ਨੂੰ ਲੱਭ, ਪਰਖ ਅਤੇ ਚੁਣ ਕੇ ਵਿਸ਼ਲੇਸ਼ਣ ਕਰਨ ਉਪਰੰਤ ਵਿਧਾਗਤ ਤੌਰ ਤੇ ਕਾਲ ਕ੍ਰਮ ਅਨੁਸਾਰ ਪੇਸ਼ ਕੀਤਾ ਜਾਂਦਾ ਹੈ।

### 11.3.2 ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦਾ ਆਰੰਭ ਅਤੇ ਪ੍ਰਮੁੱਖ ਦ੍ਰਿਸ਼ਟੀਆਂ:

"ਪੰਜਾਬੀ ਸਾਹਿਤਕ ਇਤਿਹਾਸਕਾਰੀ ਦਾ ਆਰੰਭ ਆਮ ਤੌਰ ਤੇ ਬਾਵਾ ਬੁੱਧ ਸਿੰਘ ਦੀਆਂ ਰਚਨਾਵਾਂ ਤੋਂ ਸਵੀਕਾਰ ਕੀਤਾ ਜਾਂਦਾ ਹੈ। ਬਾਵਾ ਬੁੱਧ ਸਿੰਘ ਅਤੇ ਉਨ੍ਹਾਂ ਦੀ ਪਰਵਰਤੀ ਇਤਿਹਾਸਕਾਰੀ ਦਾ ਕਾਲਕ੍ਰਮਕ ਵਿਕਾਸ ਅਤੇ ਮੁਲਾਂਕਣ ਇਕੱਲੇ-ਇਕੱਲੇ ਇਤਿਹਾਸਕਾਰ ਦੇ ਮਾਧਿਅਮ ਰਾਹੀਂ ਕਰਨ ਦੀ ਥਾਂ ਇਸ ਪਰੰਪਰਾ ਦੇ ਮੁੱਖ ਝੁਕਾਵਾਂ ਦੀ ਪਛਾਣ ਕਰਨੀ ਅਧਿਕ ਤਰਕ ਸੰਗ ਹੈ। 'ਪੰਜਾਬੀ ਸਾਹਿਤ ਦਾ ਇਤਿਹਾਸ' ਡਾ. ਗੋਪਾਲ ਸਿੰਘ ਨੇ ਪੰਜਾਬੀ ਭਾਸ਼ਾ ਵਿੱਚ ਪਹਿਲੀ ਵਾਰ ਲਿਖਿਆ। ਇਸ ਦਾ ਪਹਿਲਾ ਐਡੀਸ਼ਨ ੧੯੪੬ ਵਿੱਚ ਉਰਦ ਅੱਖਰਾਂ ਵਿੱਚ ਅਤੇ ੧੯੪੯, ੧੯੫੨ਈ. ਵਿੱਚ ਗੁਰਮੁੱਖੀ ਅੱਖਰਾਂ ਵਿੱਚ ਛਪਿਆ। ਇਸ ਤਰ੍ਹਾਂ ਪੰਜਾਬੀ ਸਾਹਿਤਕ ਇਤਿਹਾਮਕਾਰੀ ਨੂੰ ਤਿੰਨ ਪ੍ਰਮੁੱਖ ਦ੍ਰਿਸ਼ਟੀਆਂ ਹੇਠ ਰੱਖਿਆ ਜਾ ਸਕਦਾ ਹੈ। ਇਹ ਹਨ: ੧. ਕਾਲਕ੍ਰਮਕ ਦ੍ਰਿਸ਼ਟੀ ੨.ਇਤਿਹਾਸਵਾਦੀ ਦ੍ਰਿਸ਼ਟੀ ੩.ਇਤਿਹਾਸਕ ਦ੍ਰਿਸ਼ਟੀ

* **ਕਾਲਕ੍ਰਮਕ ਦ੍ਰਿਸ਼ਟੀ**

ਸਾਹਿਤ-ਇਤਿਹਾਸ ਦੀ ਕਾਲਕ੍ਰਮਕ ਦ੍ਰਿਸ਼ਟੀ ਦੇ ਪਹਿਲੇ ਸੰਸਥਾਪਕ ਬਾਵਾ ਬੁੱਧ ਸਿੰਘ ਹਨ। ਜਿੰਨ੍ਹਾਂ ਦੀਆਂ ਤਿੰਨੋਂ, ਪੁਸਤਕਾਂ 'ਹੰਸ ਚੋਗ', 'ਕੋਇਲ ਕੂ' ਅਤੇ 'ਬੰਬੀਹਾ ਬੋਲ' ਪੰਜਾਬੀ ਸਾਹਿਤਕਾਰੀ ਦਾ ਆਰੰਭ-ਬਿੰਦ ਸਵੀਕਾਰ ਕੀਤੀਆਂ ਜਾਂਦੀਆਂ ਹਨ। ਇੰਨ੍ਹਾਂ ਪੁਸਤਕਾਂ ਦੀਆਂ ਭੂਮਿਕਾਵਾਂ ਵਿੱਚ ਨਿਰਦਿਸ਼ਟ ਉਦੇਸ਼ ਇਤਿਹਾਸਕਾਰੀ ਦੇ ਮੁੱਢਲੇ ਲੱਛਣਾਂ ਨਾਲ ਸੰਬੰਧਿਤ ਹਨ।""ਇਨ੍ਹਾਂ ਪੁਸਤਕਾਂ ਦਾ ਮੁੱਖ ਉਦੇਸ਼ ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ ਲਿਖਣਾ, ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਦੇ ਯਤਨ, ਪੰਜਾਬੀ ਕਵਿਤਾ ਦੀ ਸਾਹਿਤਕਤਾ ਨੂੰ ਉਘਾੜਨਾ, ਪੰਜਾਬੀ ਨੂੰ ਸਮੁੱਚੇ ਪੰਜਾਬੀਆਂ ਦੀ ਭਾਸ਼ਾ ਸਥਾਪਤ ਕਰਨਾ ਹੈ। ਬਾਵਾ ਬੁੱਧ ਸਿੰਘ ਦੇ ਇਸ ਸੁਚੇਤ ਯਤਨ ਰਾਹੀਂ ਸਾਹਿਤ ਦੀ ਸੰਭਾਲ ਪ੍ਰਤਿ ਸਜਗਤਾ, ਉਸ ਦੀ ਗੋਰਵ ਸਥਾਪਤੀ, ਸਾਹਿਤਿਕਤਾ ਆਧਾਰਿਤ ਸਾਹਿਤਕ ਕਿਰਤਾਂ ਦੀ ਚੋਣ, ਕਾਲਕ੍ਰਮ ਅਨੁਸਾਰ ਰਚਨਾਵਾਂ ਦੀ ਖੋਜ ਅਤੇ ਸੰਕਲਨ, ਲੇਖਕਾਂ ਬਾਰੇ ਸਮੇਂ ਅਤੇ ਜੀਵਨੀ ਦੀ ਜਾਣਕਾਰੀ ਅਤੇ ਕਾਲਵੰਡ ਆਦਿ ਇਸ ਇਤਿਹਾਸਕਾਰੀ ਦੇ ਮੁੱਖ ਲੱਛਣਾਂ ਵਜੋਂ ਉਜਾਗਰ ਹੁੰਦੇ ਹਨ।

* **ਇਤਿਹਾਸਵਾਦੀ ਦ੍ਰਿਸ਼ਟੀ**

ਡਾ. ਮੋਹਨ ਸਿੰਘ ਦੀਵਾਨਾ ਇਤਿਹਾਸਕਾਰੀ ਦੀ ਇਤਿਹਾਸਵਾਦੀ ਦ੍ਰਿਸ਼ਟੀ ਦੇ ਸੰਸਥਾਪਕ ਹੀ ਨਹੀਂ ਸਗੋਂ ਪੰਜਾਬੀ ਵਿੱਚ ਪ੍ਰਮਾਣਿਕ ਸਾਹਿਤ-ਇਤਿਹਾਸਕਾਰੀ ਦੇ ਪ੍ਰਵਰਤਕ ਸਨ। ਡਾ. ਮੋਹਨ ਸਿੰਘ ਨੇ ਪਹਿਲੀ ਵਾਰੀ ਸਾਹਿਤਕ ਇਤਿਹਾਸਕਾਰੀ ਨੂੰ ਇੱਕ ਅਨੁਸ਼ਾਸਨ ਵਜੋਂ ਰੱਖਿਆ ਹੈ ਉਹਨਾਂ ਨੇ ਪੰਜਾਬੀ ਦਾ ਵਿਆਪਕ ਅਤੇ ਸਮੱਗ੍ਰ ਸਰਵੇਖਣ ਪੇਸ਼ਕੀਤਾ ਹੈ। ਉਹਨਾਂ ਨੇ ਆਪਣੀ ਪਹਿਲੀ ਪੁਸਤਕ ਦੀ ਭੂਮਿਕਾ ਵਿੱਚ ਉਨ੍ਹਾਂ ਨੇ ਪੰਜਾਬੀ ਲੋਕ ਜੀਵਨ ਅਤੇ ਸਾਹਿਤ ਦੀ ਅੰਤਰ-ਕ੍ਰਿਆ ਉ'ਤੇ ਵਿਸ਼ੇਸ਼ ਧਿਆਨ ਕੇਂਦਰਿਤ ਕਰਦਿਆਂ ਪੰਜਾਬੀ ਸਾਹਿਤ ਦੇ ਸੰਖੇਪ ਪੇਸ਼ ਕਰਨਾ ਇਤਿਹਾਸਕਾਰੀ ਦਾ ਉਦੇਸ਼ ਮਿਥਿਆ। ਲੇਖਕ ਦਾ ਇਹ ਵਿਚਾਰ ਹੈ ਕਿ ਕੋਈ ਵੀ ਕੌਮ ਆਪਣੇ ਸਾਹਿਤ ਵਿੱਚ ਆਪਣੇ ਜੀਵਨ ਦੀ ਅਸਲ ਪੱਧਰ ਤੋਂ ਉਤਾਂਹ ਨਹੀਂ ਉਠ ਸਕਦੀ। ਇਸ ਲਈ ਡਾ.ਮੋਹਨ ਸਿੰਘ ਨੇ ਸਮਾਜਕ ਇਤਿਹਾਸਕ ਪਿਛੋਕੜ ਤੋਂ ਰਚਨਾ ਅਤੇ ਲੇਖਕ ਤਕ ਪਹੁੰਚਣ ਨੂੰ ਆਪਣੀ ਵਿਧੀ ਦਾ ਮੂਲ ਆਧਾਰ ਸਵੀਕਾਰ ਕੀਤਾ ਹੈ।

- **ਇਤਿਹਾਸਕ ਦ੍ਰਿਸ਼ਟੀ**

੧੯੫੨ ਵਿੱਚ ਕਿਰਪਾਲ ਸਿੰਘ ਕਸੇਲ ਅਤੇ ਪਰਮਿੰਦਰ ਸਿੰਘ ਰਚਿਤ "ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ" ਡਾ. ਮੋਹਨ ਸਿੰਘ ਦੁਆਰਾ ਸਥਾਪਤ ਇਤਿਹਾਸਕਾਰੀ ਦੀ ਪਰੰਪਰਾ ਨਾਲੋਂ ਆਪਣੀ ਪਹੁੰਚ ਅਤੇ ਵਿਧੀ ਵਿੱਚ ਵਿਲੱਖਣਤਾ ਹੋਣ ਕਾਰਨ ਇੱਕ ਨਵੀਂ ਦਿਸ਼ਾ ਦਾ ਆਰੰਭ ਸੀ।

### 11.3.3 ਸਾਹਿਤ ਦੀ ਇਤਿਹਾਸਕਾਰੀ ਦੀਆਂ ਪ੍ਰਮੁੱਖ ਸਮੱਸਿਆਵਾਂ:

ਸਾਹਿਤ ਦੀ ਇਤਿਹਾਸਕਾਰੀ ਇਕ ਜਟਿਲ ਪ੍ਰਕਿਰਿਆਂ ਹੈ। ਇਸ ਪ੍ਰਕਿਰਿਆਂ ਨੂੰ ਸੰਪੰਨ ਕਰਦਿਆਂ ਸਾਹਿਤ ਇਤਿਹਾਸਕਾਰ ਨੂੰ ਕਈ ਸਮੱਸਿਆਵਾਂ ਹੇਠ ਲਿਖੇ ਅਨੁਸਾਰ ਹਨ।

#### I. ਕਾਲ ਵੰਡ ਦੀ ਸਮੱਸਿਆ

ਸਾਹਿਤ ਇਤਿਹਾਸ ਲੇਖਕ ਨੂੰ ਕਾਲ ਵੰਡ ਨਿਰਧਾਰਿਤ ਕਰਨ ਲਈ ਇਹ ਸਮੱਸਿਆ ਆਉਂਦੀ ਹੈ ਕਿ ਕਾਲ ਵੰਡ ਖਾਸ-ਖਾਸ ਲੇਖਕਾਂ ਨੂੰ ਅਧਾਰ ਬਣਾ ਕੇ ਕੀਤੀ ਜਾਵੇ ਜਾਂ ਇਹ ਆਮ ਇਤਿਹਾਸ ਨੂੰ ਨਾਲ ਲੈ ਕੇ ਕੀਤੀ ਜਾਵੇ। ਇੱਕ ਸਮੱਸਿਆ ਇਹ ਵੀ ਸਾਹਮਣੇ ਆਉਂਦੀ ਹੈ ਵੱਖ-ਵੱਖ ਲੇਖਕਾਂ ਨੇ ਧਰਾਵਾਂ ਦਾ ਸਮਾਂ ਅਲੱਗ-ਅਲੱਗ ਲਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਪੰਜਾਬੀ ਸਾਹਿਤ ਦੀ ਕਾਲਵੰਡ ਵੱਖ-ਵੱਖ ਤਰ੍ਹਾਂ ਕੀਤੀ ਹੈ; ਜਿਵੇਂ ਕਿ ਬਨਾਰਸੀ ਦਾਸ ਜੈਨ ਨੇ ਪੰਜਾਬੀ ਸਾਹਿਤ ਦੇ ਰਚਨਾਕਾਰਾਂ ਦੀ ਧਾਰਮਿਕ ਪਛਾਣ ਦੇ ਆਧਾਰ 'ਤੇ ਪੰਜਾਬੀ ਸਾਹਿਤ ਦੀ ਵੰਡ ਕੀਤੀ ਹੈ ਤੇ ਸੁਰਿੰਦਰ ਸਿੰਘ ਕੋਹਲੀ ਨੇ ਧਰਾਵਾਂ ਦੇ ਅਧਾਰ 'ਤੇ ਡਾ. ਮੋਹਨ ਸਿੰਘ ਦੀਵਾਨਾ ਨੇ ਰਾਜਸੀ ਸੱਤਾ ਦੇ ਅਧਾਰ 'ਤੇ ਕਾਲ ਵੰਡ ਕੀਤੀ ਹੈ। ਇਨ੍ਹਾਂ ਵਿਚੋਂ ਇਹ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਕਿਸ ਲੇਖਕ ਦੀ ਕਾਲ ਵੰਡ ਨੂੰ ਸਹੀ ਮੰਨਿਆ ਜਾਵੇ।



#### II. ਸਾਹਿਤ ਤੇ ਅਣਸਾਹਿਤ ਦੀ ਸਮੱਸਿਆ

ਸਾਹਿਤ ਦੀ ਇਤਿਹਾਸਕਾਰੀ ਕਰਦੇ ਸਮੇਂ ਇਕ ਹੋਰ ਸਮੱਸਿਆ ਇਹ ਸਾਹਮਣੇ ਆਉਂਦੀ ਹੈ ਜੋ ਹੈ ਸਾਹਿਤ ਅਤੇ ਅਣ-ਸਾਹਿਤ ਦਾ ਨਿਖੇੜਾ ਕਰਨਾ। ਸਾਹਿਤ ਅਤੇ ਅਣਸਾਹਿਤ ਰੂਪ ਜਾਂ ਸ਼ਕਲ ਸੂਰਤ ਕਰ ਕੇ ਦੋਵੇਂ ਵਸਤਾਂ ਇੱਕੋ ਜਿਹੀਆ ਹਨ। ਮਲ ਰੂਪ ਵਿੱਚ ਸਾਹਿਤ ਅਤੇ ਅਣਸਾਹਿਤ ਕੋਈ ਨਾ ਕੋਈ ਹੱਥ ਲਿਖਤ ਹੀ ਹੁੰਦੀ ਹੈ। ਕੋਈ ਲਿਖਤ ਸਾਹਿਤ ਬਣ ਜਾਂਦੀ ਹੈ। ਅਤੇ ਕੋਈ ਅਜਿਹੀ ਹੋਣੋ ਰਹਿ ਜਾਂਦੀ ਹੈ ਤਾਂ ਤੇ ਨਿਰਣਾ ਲਿਖਤ ਵਿਚਲੇ ਭੇਦਕਾਰੀ ਤੱਤਾਂ ਦੇ ਵਿਚਾਰਾਂ ਦੁਆਰਾ ਹੀ ਸੰਭਵ ਹੋ ਸਕਦਾ ਹੈ।

#### III. ਸਮਗਰੀ ਦਾ ਇਕੱਤਰੀਕਰਨ

ਸਾਹਿਤ ਦੀ ਇਤਿਹਾਸਕਾਰੀ ਦੇ ਰਾਹ ਵਿਚ ਅਗਲੀ ਸਮੱਸਿਆ ਸਮਗਰੀ ਦਾ ਇਕੱਤਰੀਕਰਨ ਜਿੱਥੇ ਇਸ ਕੰਮ ਵਿਚ ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਰੁਕਾਵਟਾ ਆਉਂਦੀਆਂ ਉਥੇ ਇਸ ਸਮਗਰੀ ਦੀ ਸਾਹਿਤਕ ਜਾ ਅਣਸਾਹਿਤ ਵਜੋਂ ਪਛਾਣ ਕਰਨੀ ਵੀ ਇਕ ਵੱਡੀ ਸਮ'ਸਿਆ ਹੈ। ਉਦਾਹਰਨ ਤੌਰ ਤੇ ਜਿਵੇਂ ਕਰਤਾਰਪੁਰੀ ਬੀੜ ਅੱਜ ਤੱਕ ਕਿਸੇ ਦੀ ਨਿੱਜੀ ਮਲਕੀਅਤ ਹੈ। ਜਿਵੇਂ ਕਿ ਜਿਹੜੀਆਂ ਹੱਥ-ਲਿਖਤਾਂ ਪਾਕਿਸਤਾਨ ਵਿੱਚ ਮੌਜੂਦ ਹਨ ਉਹਨਾਂ ਤੱਕ ਪਹੁੰਚ ਕਰਨੀ ਵੀ ਬਹੁਤ ਮੁਸ਼ਕਿਲ ਜਿਹੀ ਗ'ਲ ਬਣ ਗਈ ਹੈ।

#### IV. ਵਰਗੀਕਰਣ ਦੀ ਸਮੱਸਿਆਂ

ਕਈ ਰਚਨਾਵਾਂ ਨੂੰ ਸਾਹਿਤ-ਇਤਿਹਾਸ ਦਾ ਅੰਗ ਬਣਾਉਂਦੇ ਸਮੇਂ ਉਨ੍ਹਾਂ ਦੇ ਵਰਗੀਕਰਣ ਦੀ ਸਮੱਸਿਆ ਸਾਹਮਣੇ ਆਉਂਦੀ ਹੈ ਕਈ ਵਾਰ ਇਹ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਹੱਥਲੀ ਰਚਨਾ ਨੂੰ ਸਾਹਿਤ ਦੇ ਕਿਹੜੇ ਰੂਪ ਅਧੀਨ ਰੱਖਿਆ ਅਤੇ ਵਿਚਾਰਿਆ ਜਾਵੇ। ਉਦਾਹਰਨ ਵਜੋਂ ਸ਼ਾਹ ਮੁਹੰਮਦ ਦੀ ਰਚਨਾ ਨੂੰ ਕੁਝ ਲੋਕ 'ਜੰਗਨਾਮਾ' ਕੁਝ ਵਿਦਵਾਨ 'ਵਾਰ' ਅਤੇ ਕੁਝ ਅਲੋਚਕ ਕਿੱਸਾ ਆਖਦੇ ਹਨ। ਆਧੁਨਿਕ ਕਾਲ ਵਿੱਚ ਰਚੇ ਗਏ ਸਾਹਿਤ ਸੰਬੰਧੀ ਵੀ ਅਜਿਹੀਆ ਸਮੱਸਿਆਵਾਂ ਆਉਂਦੀਆਂ ਹਨ।

#### V. ਵੱਖ-ਵੱਖ ਆਲੋਚਨਾ ਦ੍ਰਿਸ਼ਟੀਆਂ ਦੀ ਵਰਤੋਂ

ਸਾਡੀ ਸਾਹਿਤ ਇਤਿਹਾਸਕਾਰੀ ਦੀ ਇੱਕ ਸਮੱਸਿਆ ਇਹ ਹੈ ਕਿ ਸਾਡੇ ਸਾਹਿਤ ਇਤਿਹਾਸਕਾਰ ਕਿਸੇ ਇੱਕ ਆਲੋਚਨਾ ਦ੍ਰਿਸ਼ਟੀ ਨੂੰ ਅਧਾਰ ਬਣਾਉਣ ਦੇ ਲਗਭਗ ਅਸਮ'ਰਥ ਹਨ। ਉਹ ਵੱਖ-ਵੱਖ ਆਲੋਚਨਾ ਦ੍ਰਿਸ਼ਟੀ ਨੂੰ ਅਧਾਰ ਬਣਾਉਣ ਕਾਰਨ ਕਿਸੇ ਇੱਕ ਰਾਏ ਤੇ ਨਹੀਂ ਪਹੁੰਚ ਪਾਉਂਦੇ। ਸੋ ਇਹ ਸਮੱਸਿਆ ਸਾਹਿਤ ਇਤਿਹਾਸਕਾਰੀ ਦੀ ਇੱਕ ਬੁਨਿਆਦੀ ਸਮੱਸਿਆ ਬਣਦੀ ਜਾ ਰਹੀ ਹੈ।

### VI. ਆਲੋਚਨਾਤਮਕ ਮੁਲਾਂਕਣ ਦਾ ਮਿਆਰ ਬਹੁਤ ਉੱਚਾ ਨਹੀਂ ਹੈ

ਸਾਹਿਤ ਦੀ ਇਤਿਹਾਸਕਾਰੀ ਦੀ ਅਗਲੀ ਸਮੱਸਿਆ ਇਹ ਹੈ ਕਿ ਆਲੋਚਨਾਤਮਕ ਮੁਲਾਂਕਣ ਦਾ ਮਿਆਰ ਬਹੁਤ ਉਚਾ ਨਹੀਂ ਹੈ। ਸਾਡੇ ਸਾਹਿਤ ਇਤਿਹਾਸਕਾਰ ਰੂਪ ਤੇ ਵਸਤੂ ਨੂੰ ਅਲੱਗ-ਅਲੱਗ ਕਰ ਕੇ ਵੇਖਦੇ ਹਨ।ਜਦੋਂ ਕਿ ਰੂਪ ਤੇ ਵਸਤੂ ਦਾ ਸੰਬੰਧ ਦਵੰਦਾਤਮਕ ਹੋਣਾ ਚਾਹੀਦਾ ਹੈ। ਕਿਉਂਕਿ ਰੂਪ ਵਸਤੂ ਤੇ ਵੱਖਰਾ ਨਹੀਂ ਹੋ ਸਕਦਾ ਤੇ ਵਸਤੂ ਰੂਪ ਤੋਂ ਇਸ ਲਈ ਸਾਡੇ ਸਾਹਿਤ ਇਤਿਹਾਸਕਾਰ ਕੇਵੱਲ ਵਸਤ ਉ'ਪਰ ਹੀ ਜਿਆਦਾ ਜ਼ੋਰ ਦਿੰਦੇ ਹਨ ਰੂਪ ਤੇ ਨਹੀਂ ਸੋ ਇਹ ਸਾਹਿਤ ਇਤਿਹਾਸਕਾਰ ਦੀ ਇੱਕ ਸਮੱਸਿਆ ਬਣੀ ਹੈ।

**Check Your Progress**

**Note:** I) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

II) ਆਪਣੇ ਉੱਤਰਾਂ ਨੂੰ ਉਪਰੋਕਤ ਪਾਠ ਨਾਲ ਮਿਲਾ ਕੇ ਸਵੈ-ਮੁਲਾਂਕਣ ਕਰੋ।

1. ਸਾਹਿਤ ਦੀ ਇਤਿਹਾਸਕਾਰੀ ਦੀ ਪਰਿਭਾਸ਼ਾ ਨਿਸ਼ਚਿਤ ਕਰੋ।
2. ਸਾਹਿਤ ਦੀ ਇਤਿਹਾਸਕਾਰੀ ਦੀਆਂ ਵੱਖ-ਵੱਖ ਦ੍ਰਿਸ਼ਟੀਆਂ ਕਿਹੜੀਆਂ ਹਨ?
3. ਸਾਹਿਤ ਦੀ ਇਤਿਹਾਸਕਾਰੀ ਦੀਆਂ ਪ੍ਰਮੁੱਖ ਸਮੱਸਿਆਵਾਂ ਕਿਹੜੀਆਂ ਹਨ?

### 11.3.4 ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀਆਂ ਪ੍ਰਮ'ਖ ਸਮ'ਸਿਆਵਾਂ:

ਉਪਰੋਕਤ ਵਰਣਿਤ ਸਮੱਸਿਆਵਾਂ ਸਾਹਿਤ ਦੀ ਇਤਿਹਾਸਕਾਰੀ ਦੀਆਂ ਸਰਬ ਵਿਆਪਕ ਸਮੱਸਿਆਵਾਂ ਹਨ ਪਰ ਇਨ੍ਹਾਂ ਤੋਂ ਇਲਾਵਾ ਹਰ ਖੇਤਰ ਵਿਚ ਕੁਝ ਹੋਰ ਅਤੇ ਦੂਸਰੇ ਖੇਤਰ ਨਾਲੋਂ ਭਿੰਨ ਸਮੱਸਿਆਵਾਂ ਵੀ ਹੁੰਦੀਆਂ ਹਨ। ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਸੰਦਰਭ ਵਿਚ ਉਪਰੋਕਤ ਸਮੱਸਿਆਵਾਂ ਦੇ ਨਾਲ ਨਾਲ ਕੁਝ ਕੁ ਵੱਖਰੀਆਂ ਸਮੱਸਿਆਵਾਂ ਵੀ ਹਨ ਜੋ ਇਸ ਪ੍ਰਕਾਰ ਹਨ:

- ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਸਭ ਤੋਂ ਪਹਿਲੀ ਅਤੇ ਪ੍ਰਮੁੱਖ ਸਮੱਸਿਆ ਜੰਮੂ-ਕਸ਼ਮੀਰ ਦੀ ਭੂਗੋਲਿਕ ਸਥਿਤੀ ਹੈ। ਇਸ ਰਿਆਸਤ ਵਿਚ ਪੰਜਾਬੀ ਬੋਲਦੇ ਕਈ ਦੁਰਗਮ ਪਹਾੜੀ ਇਲਾਕੇ ਹਨ ਜਿੰਨ੍ਹਾ ਤੱਕ ਕਿੱਸੇ ਇਕਲੇ ਆਦਮੀ ਦਾ ਵਿਅਕਤੀਗਤ ਤੌਰ 'ਤੇ ਪਹੁੰਚਣਾ ਕਠਿਨ ਕਾਰਜ ਹੈ। ਤੇ ਜੇਕਰ ਕੋਈ ਖੋਜਾਰਥੀ ਇਨ੍ਹਾਂ ਇਲਾਕਿਆਂ ਵਿਚ ਪਹੂਚ ਹੀ ਨਾਂ ਸਕੇ ਤਾਂ ਇਥੋਂ ਦੀ ਸਾਹਿਤਕ ਸਾਮਗ੍ਰੀ ਇਕਤ੍ਰ ਨਹੀਂ ਕੀਤੀ ਜਾ ਸਕਦੀ। ਦੁਰਗਮ ਪਹਾੜੀ ਇਲਾਕਿਆਂ ਦੀ ਵਸੋਂ, ਵਸੋਂ ਦੇ ਲੋਕ ਸਾਹਿਤ ਅਤੇ ਇਨ੍ਹਾਂ ਇਲਾਕਿਆਂ ਵਿਚ ਪਏ ਵਡਮੁੱਲੇ ਹ'ਥ ਲਿਖਿਤ ਖਰੜਿਆਂ ਨੂੰ ਪ੍ਰਾਪਤ ਕਰਨਾ ਅਤਿ ਆਵਸ਼ਕ ਹੈ ਪਰ ਰਿਆਸਤ ਦੀ ਭੂਗੋਲਿਕ ਸਥਿਤੀ ਇਸ ਕਾਰਜ ਵਿਚ ਸਭ ਤੋਂ ਵੱਡੀ ਰੁਕਾਵਟ ਬਣਦੀ ਹੈ।



- ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਸਭ ਤੋਂ ਦੂਸਰੀ ਪ੍ਰਮੁੱਖ ਸਮ'ਸਿਆ ਜੰਮੂ-ਕਸ਼ਮੀਰ ਦੀ ਭਾਸ਼ਾਈ ਸਥਿਤੀ ਕਰਕੇ ਹੈ। ਇਥੋਂ ਦੀਆਂ ਕੁਝ ਸਥਾਨਕ ਭਾਸ਼ਾਵਾਂ/ਬੋਲੀਆਂ ਜਿਂਵੇ ਡੋਗਰੀ, ਗੋਜਰੀ, ਅਤੇ ਪਹਾੜੀ ਨੂੰ ਪੰਜਾਬੀ ਦੀਆਂ ਹੀ ਉਪ-ਭਾਸ਼ਾਵਾਂ ਮੰਨਦੇ ਹਾਂ। ਇਸ ਪਖੋਂ ਸਾਹਿਤ ਦੀ ਇਤਿਹਾਸਕਾਰੀ ਸਮੇਂ ਇਹ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਕੀ ਇਨ੍ਹਾਂ ਬੋਲੀਆਂ ਦਾ ਸਮੁੱਚਾ ਸਾਹਿਤ ਪੰਜਾਬੀ ਸਾਹਿਤ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ ਕਿ ਨਹੀਂ। ਜੇ ਰਖਿਆ ਜਾ ਸਕਦਾ ਹੈ ।

- ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਸਭ ਤੋਂ ਤਿਸਰੀ ਪ੍ਰਮੁੱਖ ਅਤੇ ਜਟਿਲ ਸਮਸਿਆ ਰਿਆਸਤੀ ਇਲਾਕੇ ਦੀ ਨਿਸ਼ਾਨਦੇਹੀ ਦੀ ਹੈ। ਕਿਸੇ ਵੀ ਸਾਹਿਤਕ ਇਤਿਹਾਸਕਾਰ ਲਈ ਰਿਆਸਤ ਦੇ ਇਲਾਕੇ ਨੂੰ ਨਿਸ਼ਚਿਤ ਕਰਨਾ ਇਕ ਵ'ਡੀ ਚੁਣੋਤੀ ਹੈ ਕਿਉਂਕਿ ੧੯੪੭ ਤੋਂ ਬਾਅਦ ਰਿਆਸਤ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਇਤਿਹਾਸਕਾਰ ਲਈ ਇਹ ਨਿਸ਼ਚਿਤ ਕਰਨਾ ਔਖਾਂ ਹੈ ਕਿ ਉਹ ਸਾਹਿਤਕ ਇਤਿਹਾਸ ਨੂੰ ਲਿਖਣ ਲਈ ਆਜ਼ਾਦੀ ਤੋਂ ਪਹਿਲੇ ਵਾਲੇ ਇਲਾਕੇ ਨੂੰ ਆਧਾਰ ਬਣਾਵੇ ਜਾਂ ਬਾਅਦ ਵਾਲੇ ਨੂੰ।ਜੇਕਰ ਉਹ ਆਜ਼ਾਦੀ ਦੇ ਪਹਿਲੇ ਵਾਲੇ ਸੰਯੁਕਤ ਜੰਮੂ ਕਸ਼ਮੀਰ ਨੂੰ ਆਧਾਰ ਬਣਾਉਂਦਾ ਹੈ ਤਾਂ ਸਿਧਾਂਤਕ ਤੌਰ 'ਤੇ ਠੀਕ ਹੈ ਪਰ ਜੇਕਰ ਉਹ ਅਜਿਹਾ ਨਹੀਂ ਕਰਦਾ ਤਾਂ ਉਹ ਪੰਜਾਬੀ ਬੋਲਦੇ ਅਜਿਹੇ ਕਈ ਇਲਾਕਿਆਂ ਦੇ ਸਾਹਿਤਕ ਤੱਥਾਂ ਨੂੰ ਸ਼ਾਮਿਲ ਕਰਨ ਪਖੋਂ ਅਸਫ਼ਲ ਰਹਿ ਜਾਇਗਾ ਜਿੰਨ੍ਹਾਂ ਵਿਚ ਪੰਜਾਬੀ ਸਾਹਿਤ ਰਚਿਆ ਜਾਂਦਾ ਰਿਹਾ ਹੈ। ਅਜਿਹੇ ਯਤਨ ਨੂੰ ਅਸੀਂ ਅਸਫ਼ਲ ਹੀ ਮੰਨਾਗੇ।

- ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਚੌਥੀ ਪ੍ਰਮੁੱਖ ਔਕੜ ਇਹ ਨਿਰਣਾ ਕਰਨ ਦੀ ਹੈ ਕਿ ਅਸੀਂ ਉਨ੍ਹਾਂ ਪੰਜਾਬੀ ਸਾਹਿਤਕਾਰਾਂ ਦੇ ਪੰਜਾਬੀ ਸਾਹਿਤ ਨੂੰ ਜੋ ਰਿਆਸਤ ਤੋਂ ਬਾਹਰ ਦੇ ਹਨ ਅਤੇ ਰਿਆਸਤੀ ਵਿਚ ਕੰਮ ਕਾਜ ਜਾਂ ਨੌਕਰੀ ਪੇਸ਼ੇ ਲਈ ਰਹਿ ਰਹੇ ਹਨ ਦਾ ਸਾਹਿਤ ਰਿਆਸਤੀ ਸਾਹਿਤ ਮੰਨਿਆ ਜਾਵੇ ਜਾਂ ਨਾਂ ਅਤੇ ਇਸੇ ਤਰ੍ਹਾਂਹੀ ਉਹ ਸਾਹਿਤਕਾਰ ਜੋ ਰਿਆਸਤ ਦੇ ਵਸਨੀਕ ਹਨ ਪਰ ਰਹਿ ਉਹ ਦੂਸਰੇ ਰਾਜਾਂ ਵਿਚ ਹਨ ਕੀ ਉਨ੍ਹਾਂ ਦਾ ਸਾਹਿਤ ਰਿਆਸਤੀ ਸਾਹਿਤ ਦੇ ਅੰਤਰਗਤ ਉਨ੍ਹਾਂ ਨੂੰ ਵੀ ਰਿਆਸਤੀ ਸਾਹਿਤ ਵਿਚ ਸ਼ਾਮਿਲ ਕੀਤਾ ਜਾਵੇਗਾ। ਇਸ ਸਤਿਥੀ ਦੀਆਂ ਕਈ ਉਦ੍ਹਾਰਨਾਂ ਦਿੱਤੀਆਂ ਜਾ ਸਕਦੀਆਂ ਹਨ। ਜਿਂਵੇ ਸੰਤ ਰੇਣ ਜੋ ਰਿਆਸਤੀ ਆਲੋਚਕਾਂ ਅਤੇ ਖੋਜੀਆਂ ਅਨੁਸਾਰ ਕਸ਼ਮੀਰੀ ਸੀ ਤੇ ਬਾਅਦ ਵਿਚ ਬਾਹਰ ਜਾ ਵਸਿਆ ਪਰ ਕੁਝ ਵਿਦਵਾਨ ਉਸ ਨੂੰ ਪੰਜਾਬੀ ਮੰਨਦੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਫਕੜ ਸੁਭਾਓ ਕਰਕੇ ਉਹ ਕਸ਼ਮੀਰ ਚਲੇ ਗਏ ਸਨ। ਇਥੇ ਇਹ ਸਵਾਲ ਖੜਾ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਹਰ ਗਿਆ ਕਹੀਏ ਜਾਂ ਬਾਹਰੋਂ ਆਇਆ।ਦੋਵਾਂ ਹੀ ਸੂਰਤਾਂ 'ਚ ਇਹ ਮਸਲਾ ਹੈ ਕਿ ਕੀ ਉਨ੍ਹਾਂ ਦੀਆਂ ਸਿਰਜਣਾਵਾਂ ਨੂੰ ਰਿਆਸਤੀ ਮੰਨਿਆਂ ਜਾਵੇ ਜਾਂ ਨਾ।

- ਇਕ ਹੋਰ ਸਮੱਸਿਆ ਜੋ ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਆਉਂਦੀ ਹੈ ਉਹ ਹੈ ਪੁਰਾਣੀਆਂ ਹੱਥ ਲਿਖਤਾਂ ਦਾ ਉਪਲਬਧ ਨਾਂ ਹੋਣਾ। ਅਜਿਹੇ ਕਈ ਖਰੜਿਆਂ ਦਾ ਜ਼ਿਕਰ ਮਿਲਦਾ ਹੈ ਜੋ ਸਮੇਂ ਦੀ ਮਾਰ ਅਤੇ ਅਣਗਹਿਲੀ ਕਾਰਨ ਖਰਾਬ ਜਾਂ ਨਸ਼ਟ ਹੋ ਗਏ। ਕਈ ਸਾਹਿਤਕਾਰਾਂ ਦੀਆਂ ਅਗਲੇਰੀਆਂ ਪੀੜੀਆਂ ਨੇ ਉਨ੍ਹਾਂ ਦੀਆਂ ਸਾਹਿਤਕ ਸਿਰਜਣਾਵਾਂ ਨੂੰ ਸਾਭੰਣ ਦਾ ਯਤਨ ਹੀ ਨਹੀਂ ਕੀਤਾ।

- ਕਈ ਅਜਿਹੇ ਵੀ ਲੋਕ ਹਨ ਜਿੰਨ੍ਹਾਂ ਕੋਲ ਪੁਰਾਣੀਆਂ ਹੱਥ ਲਿਖਤਾਂ ਸਾਂਭੀਆਂ ਪਈਆਂ ਹਨ ਪਰ ਉਹ ਇਨ੍ਹਾਂ ਹੱਥ ਲਿੱਖਤਾਂ ਪ੍ਰਤੀ ਭਾਵਾਤਮਕ ਤੌਰ 'ਤੇ ਇੰਨੇ ਸੰਵੇਦਨਸ਼ੀਲ ਹਨ ਕਿ ਕਿਸੇ ਨੂੰ ਇਹ ਹੱਥ ਲਿਖਤਾਂ ਦੇਣ ਨੂੰ ਤਿਆਰ ਹੀ ਨਹੀਂ ਹੁੰਦੇ ਹਨ। ਅਜਿਹੀਆਂ ਸਾਹਿਤਕ ਕ੍ਰਿਤਾਂ ਖੋਜਾਰਥੀਆਂ ਅਤੇ ਆਲੋਚਕਾਂ ਨਾਂ ਪਹੁੰਚਣ ਕਰਕੇ ਨਾ ਤਾਂ ਆਲੋਚਨਾ ਹੁੰਦੀ ਹੈ ਅਤੇ ਨਾਂ ਹੀ ਸਾਹਿਤ ਦੇ ਇਤਿਹਾਸ ਦਾ ਹਿਸਾ ਬਣ ਸਕਦੀ ਹੈ ।

- ੧੯੪੭ ਦੀ ਦੇਸ਼ ਵੰਡ ਤੋਂ ਬਾਅਦ ਰਿਆਸਤ ਦਾ ਬਹੁਤਾ ਪੰਜਾਬੀ ਬੋਲਦਾ ਇਲਾਕਾ ਆਜ਼ਾਦ ਕਸ਼ਮੀਰ ਵਿਚ ਚਲਾ ਗਿਆ। ਉਥੋਂ ਦੇ ਪੰਜਾਬੀ ਸਾਹਿਤ ਨੂੰ ਪ੍ਰਾਪਤ ਕਰਨਾਂ ਵੀ ਇਕ ਵੱਡੀ ਸਮੱਸਿਆ ਹੈ। ਮੀਰਪੁਰ, ਭਿੰਵਰ, ਪੁਣਛ ਅਤੇ ਮੁਜ਼ਫ਼ਰਾਵਾਦ ਆਦਿ ਦਾ ਵੱਡਾ ਹਿੱਸਾ ਇਸ ਸਮੇਂ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿਚ ਹੈ ਅਤੇ ਰਾਜਨੀਤਿਕ ਹਾਲਾਤ ਵੀ ਇੰਨ੍ਹੇ ਸਾਜ਼ਗਾਰ ਨਹੀਂ ਕਿ ਉਥੇ ਜਾ ਕੇ ਪੰਜਾਬੀ ਸਾਹਿਤ ਦਾ ਸੰਕਲਣ ਕੀਤਾ ਜਾ ਸਕੇ।

- ਇਕ ਹੋਰ ਮਸਲਾ ਜੋ ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੇ ਪ੍ਰਸੰਗ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ ਉਹ ਇਸ ਗੱਲ ਦੇ ਨਿਰਣੇ ਦਾ ਹੈ ਕਿ ਕੀ ਰਿਆਸਤੀ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਹਿੱਸਾ ਰਿਆਸਤੀ ਪੰਜਾਬੀ ਆਲੋਚਨਾ ਵੀ ਹੋਵੇਗੀ ਜਾਂ ਨਹੀਂ। ਜੇਕਰ ਜਵਾਬ ਹਾਂ ਵਿਚ ਹੈ ਤਾਂ ਨਵਾਂ ਸਵਾਲ ਪੈਦਾ ਹੋ ਜਾਂਦਾ ਹੈ ਕਿ ਉਹ ਖੋਜਾਰਥੀ ਜਾਂ ਆਲੋਚਕ ਜੋ ਬਾਹਰੋ ਆ ਕੇ ਇੱਥੋਂ ਦੇ ਸਾਹਿਤ ਸੰਬੰਧੀ ਖੋਜ ਜਾ ਆਲੋਚਨਾ ਕਰਦੇ ਹਨ ਅਤੇ ਜਿਹੜੇ ਇਥੋਂ ਦੇ ਆਲੋਚਕ ਅਤੇ ਖੋਜੀ ਬਾਹਰਲੇ ਰਾਜਾਂ ਦੇ ਪੰਜਾਬੀ ਸਾਹਿਤ ਸੰਬੰਧੀ ਆਲੋਚਨਾ ਅਤੇ ਖੋਜ ਦਾ ਕਾਰਜ ਕਰਦੇ ਹਨ ਕੀ ਉਨ੍ਹਾਂ ਦੀਆਂ ਲਿਖਤਾਂ ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੌਰਾਣ ਸ਼ਾਮਿਲ ਕੀਤੀਆਂ ਜਾਣਗੀਆਂ।

ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਸੰਬੰਧੀ ਉਪਰੋਕਤ ਮਸਲੇ ਅਤੇ ਸਮੱਸਿਆਵਾਂ ਬਹੁਤ ਹੀ ਗੰਭੀਰ ਹਨ। ਇਸ ਕਰਕੇ ਰਿਆਸਤ ਜੰਮੂ ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਕ ਪ੍ਰਮਾਣਿਕ ਇਤਿਹਾਸ ਲਿਖਣ ਤੋਂ ਪਹਿਲਾਂ ਇਨ੍ਹਾਂ ਮਸਲਿਆ ਅਤੇ ਸਮੱਸਿਆਵਾਂ ਦਾ ਹੱਲ ਲੱਭਣਾ ਪਹਿਲੀ ਸ਼ਰਤ ਹੈ ਤਾਂ ਹੀ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ ਆਪਣੀ ਸਮੁੱਚਤਾ, ਸਮੱਗ੍ਰਤਾ, ਵਿਲਖਣਤਾ ਅਤੇ ਪ੍ਰਮਾਣਿਕਤਾ ਸਿਧ ਕਰ ਸਕੇਗਾ।

## 11.4 Summary (ਨਿਸ਼ਕਰਸ਼)

ਉਪਰੋਕਤ ਚਰਚਾ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਇਤਿਹਾਸਕਾਰੀ ਦੇ ਰਾਹ ਵਿੱਚ ਕਈ ਮੁੱਖ ਸਮੱਸਿਆਵਾਂ ਹਨ ਜਿਵੇਂ ਕਿ ਕਾਲ ਵੰਡ ਦੀ ਸਮੱਸਿਆ, ਸਾਹਿਤ ਅਤੇ ਅਣਸਾਹਿਤ ਦੀ ਸਮੱਸਿਆ, ਸਮੱਗਰੀ ਦਾ ਇੱਕਤਰੀਕਰਨ, ਵਰਗੀਕਰਣ ਦੀ ਸਮੱਸਿਆ, ਵੱਖ-ਵੱਖ ਆਲੋਚਨਾ ਦ੍ਰਿਸ਼ਟੀਆਂ ਦੀ ਵਰਤੋਂ ਅਤੇ ਆਲੋਨਾਤਮਕ ਮੁਲਾਂਕਣ ਦਾ ਮਿਆਰ ਬਹੁਤ ਉਚਾ ਨਹੀਂ।

## 11.5 Glossary/Keywords (ਔਖੇ ਸ਼ਬਦਾਂ ਦੇ ਅਰਥ)

ਅਗਰਭੂਮੀ - ਸਾਹਮਣੇ ਜਾਂ ਪ੍ਰਤੱਖ

ਉਦਗਮ - ਜਨਮ

ਵਿੱਲਖਣਤਾਵਾਂ - ਵਿਸ਼ੇਸ਼ਤਾਵਾਂ

ਉਦਭਵ - ਜਨਮ ਜਾਂ ਉਪਜਣਾ

ਵਲਗਣ - ਸੀਮਾ

ਚਰਮ - ਸ਼ਿਖਰ

ਕ੍ਰਮਕ - ਕ੍ਰਮ ਅਨੁਸਾਰ

ਅਨੁਸ਼ਾਸਨ - ਖੇਤਰ

ਵਿਨਸ - ਖਤਮ ਹੋ ਜਾਣਾ

ਦੀਰਘ - ਲੰਮੇ ਸਮੇਂ ਤਕ

ਮੁਲਾਂਕਣ - ਕਿਸੇ ਰਚਨਾ ਦਾ ਅਧਿਐਨ ਕਰ ਉਸਦਾ ਮਹਤੱਵ ਸਪਸ਼ਟ ਕਰਨਾ

## 11.6 Lesson End Exercise

1. ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਦੀ ਜ਼ਰੂਰਤ ਕਿਉਂ ਹੈ? ਚਰਚਾ ਕਰੋ

2. ਰਿਆਸਤੀ ਸਾਹਿਤ ਦੀ ਇਤਿਹਾਸਕਾਰੀ ਦੇ ਪ੍ਰਮੁੱਖ ਮਸਲੇ ਅਤੇ ਚੁਣੌਤੀਆਂ ਕਿਹੜੀਆਂ ਹਨ?
3. ਰਿਆਸਤੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਵਿਚ ਦਰਪੇਸ਼ ਭੂਗੋਲਿਕ ਸਮਸਿਆਵਾਂ ਬਾਰੇ ਚਰਚਾ ਕਰੋ।

## 11.7 References (ਸਹਾਇਕ ਗ੍ਰੰਥਾਵਲੀ)


- ਸਿੰਘ, ਅਮਰੀਕ। *ਚੋਣਵਾਂ ਪੰਜਾਬੀ ਸਾਹਿਤ* ।ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1964 ।

- ਸਿੰਘ, ਦੇਵਿੰਦਰ। *ਜੰਮੂ-ਕਸ਼ਮੀਰ ਦੀ ਪ੍ਰਤੀਨਿਧ ਪੰਜਾਬੀ ਕਵਿਤਾ* ।ਸਾਹਿਤ ਅਕਾਦਮੀ ਦਿੱਲੀ। 2003 ।

- ਗੁਲਸ਼ਨ, ਗੁਰਚਰਨ ਸਿੰਘ। *ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦਾ ਇਤਿਹਾਸ (ਭਾਗਦੂਜਾ)* ਜੇ. ਐਂਡ ਕੇ. ਅਕੈਡਮੀ ਆਫ਼ ਆਰਟ ਕਲਚਰ ਐਂਡ ਲੈਂਗਵੇਜਿਜ਼। 1994 ।


## 11.8 Suggested Further Readings (ਵਿਦਿਆਰਥੀਆਂ ਲਈ ਅੱਗੋਂ ਹੋਰ ਪੜ੍ਹਣ ਲਈ ਸੁਝਾਓ)

....................